# ਸਮਤਾ

ਮਈ 1984 (ਅੰਕ 48)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਮਈ 1984 | 48
ਮੁੱਲ—ਦੋ ਰੁਪਏ

ਇਸ ਅੰਕ ਵਿਚ : ਸੰਪਾਦਕੀ–ਅਤਿਵਾਦੀ ਵੱਖਵਾਦੀ ਤਹਿਰੀਕ ਵਿਰੁੱਧ ਲੜਾਈ ਦਾ ਪੈਂਤੜਾ

ਸੰਪਾਦਕੀ ਟਿਪਣੀਆਂ : ਇਨਕਲਾਬੀ ਕੌਮਾਂਤਰੀ ਲਹਿਰ, ਫਿਰਕਾਪ੍ਰਸਤੀ ਵਿਰੁਧ ਜੰਤਕ ਲਾਮਬੰਦੀ ਤੋਂ ਕਿਸਾਨੀ ਉਭਾਰ

ਵਿਚਾਰ ਚਰਚਾ : ਧਰਮ, ਰੱਬ ਅਤੇ ਨਾਸਤਿਕਤਾ ਬਾਰੇ ਸਾਡਾ ਦ੍ਰਿਸ਼ਟੀਕੋਣ/ਕਮਿਊਨਿਸਟ ਯੂਥ ਲੀਗ। ਨਾਸਤਕਵਾਦੀ ਭਗਤ ਸਿੰਘ ਤੋਂ ਮੌਜੂਦਾ ਫਿਰਕੂ ਲਹਿਰ/ਗੁਰਬਖਸ਼ ਜੱਸ

ਪਾਠਕ ਲੇਖਕ ਫੋਰਮ : ਨਛੱਤਰ ਗਿਲ ਅਤੇ ਅਮਰਜੀਤ ਮਾਨਸਾ, ਗੁਰਸ਼ਰਨ ਸਿੰਘ, ਸੱਜਨ ਸਿੰਘ ਸੰਗਰੂਰ, ਸੁਰਜੀਤ ਗਿਲ, ਇਕ ਫੌਜੀ ਜਵਾਨ ਗੁਰਨਾਮ ਸਿੰਘ ਗੁਰਮੀਤ, ਦੀਪ ਸਿੰਘ, ਸੁਖਦੇਵ ਸਿੰਘ ਮਾਹੀ ਨਿਰਮਲਜੀਤ ਤੇ ਆਰ.ਵੀ. ਪ੍ਰਤਾਪ।

## ਸੰਪਾਦਕੀ : ਅਤਿਵਾਦੀ ਵੱਖਵਾਦੀ ਤਹਿਰੀਕ ਵਿਰੁੱਧ ਲੜਾਈ ਦਾ ਪੈਂਤੜਾ

ਅਪ੍ਰੈਲ ਦੇ ਮਹੀਨੇ ਸਾਡੇ ਆਲੇਦੁਆਲੇ ਜੋ ਕੁਝ ਵਾਪਰਿਆ ਹੈ, ਸਾਡੇ ਲਈ ਕੁਝ ਵਿਸ਼ੇਸ਼ ਸੰਕੇਤ ਦਿੰਦਾ ਹੈ। ਇਸ ਮਹੀਨੇ ਜੋ ਵਾਰਦਾਤਾਂ ਹੋਈਆਂ ਹਨ, ਉਨ੍ਹਾਂ ਨੇ ਇਹ ਸਾਬਤ ਕਰ ਦਿਤਾ ਹੈ ਕਿ ਪੰਜਾਬ ਵਿਚ ਝਗੜਾ ਹੁਣ ਅਕਾਲੀਆਂ ਅਤੇ ਸਰਕਾਰ ਦਾ ਨਹੀਂ ਰਿਹਾ। ਨਾ ਹੀ ਇਹ ਹਿੰਦੂਆਂ ਅਤੇ ਸਿਖਾਂ ਦੇ ਕੁਝ ਆਪਸੀ ਗਿਲੇ ਸ਼ਿਕਵਿਆਂ ਦਾ ਰਿਹਾ ਹੈ, ਸਗੋਂ ਇਹ ਨਿਖਰਕੇ, ਇਕ ਪਾਸੇ ਕੁਝ ਕੁਝ ਸਮਾਜ ਦੁਸ਼ਮਣ ਲੋਕਾਂ ਦਾ, ਜੋ ਅਤਿਵਾਦੀਆਂ ਅਤੇ ਵਖਵਾਦੀਆਂ ਦੇ ਰੂਪ ਵਿਚ ਵਿਚਰ ਰਹੇ ਹਨ ਅਤੇ ਦੂਜੇ ਪਾਸੇ ਸਾਧਾਰਨ ਸ਼ਹਿਰੀਆਂ ਦਾ ਹੋ ਗਿਆ ਹੈ। ਪਹਿਲੀ ਤੋਂ 23 ਅਪਰੈਲ ਤਕ ਹੋਏ ਕਤਲਾਂ ਦਾ ਜੇ ਵੇਰਵਾ ਲਈਏ ਤਾਂ ਇਸ ਵਿਚ ਮਰਨ ਵਾਲੇ ਵਿਅਕਤੀਆਂ ਵਿਚ ਜਿਥੇ ਦੋਨੋਂ ਧਰਮਾਂ ਨਾਲ ਸਬੰਧਤ ਰਾਜਸੀ ਆਗੂ ਆਉਂਦੇ ਹਨ। ਨਕਸਲੀ ਵਿਚਾਰਾਂ ਨਾਲ ਸਬੰਧਤ ਅਖਬਾਰ ਦਾ ਐਡੀਟਰ ਆਉਂਦਾ ਹੈ, ਸਾਧਾਰਨ ਸ਼ਹਿਰੀ ਆਉਂਦੇ ਹਨ, ਪੁਲਸ ਵਾਲੇ ਵਿਅਕਤੀ ਆਉਂਦੇ ਹਨ, ਨਿਹੰਗ ਆਉਂਦੇ ਹਨ, ਅਤਿਵਾਦੀਆਂ ਦੇ ਰੂਪ ਵਿਚ ਵਿਦਿਆਰਥੀ ਆਉਂਦੇ ਹਨ ਅਤੇ ਨਾਲ ਹੀ ਜਾਸੂਸੀ ਫਿਲਮਾਂ ਵਿਚ ਹੋਣ ਵਾਲੇ ਕਤਲਾਂ ਵਾਂਗ ਦਰਬਾਰ ਸਾਹਿਬ ਵਿਚ ਮਰਨ ਵਾਲੇ ਵਿਅਕਤੀ ਆਉਂਦੇ ਹਨ। ਪੰਜਾਬ ਦਾ ਸਾਧਾਰਨ ਬੰਦਾ ਸਹਿਮ ਗਿਆ ਹੈ ਕਿ ਆਖਰ ਇਹ ਕੀ ਹੋ ਰਿਹਾ ਹੈ? ਕੋਈ ਇਲਜ਼ਾਮ ਅਕਾਲੀਆਂ ਤੇ ਦਿੰਦਾ ਹੈ ਕਿ ਉਹ ਹੁਣ ਐਸਾ ਮੋਰਚਾ ਵਾਪਸ ਕਿਉਂ ਨਹੀਂ ਲੈਂਦੇ ਜੋ ਉਹਨਾਂ ਦੇ ਕਾਬੂ ਤੋਂ ਬਾਹਰ ਹੈ ਤੇ ਜਿਸਦੀ ਕੋਈ ਵੁੱਕਤ ਨਹੀਂ ਰਹੀ? ਕੋਈ ਇਲਜ਼ਾਮ ਭਿੰਡਰਾਂਵਾਲੇ ਤੇ ਦੇਂਦੇ ਹਨ ਕਿ ਉਹਦੀ ਛਤਰ ਛਾਇਆ ਵਿਚ ਹਿਟ ਲਿਸਟਾਂ ਬਣਦੀਆਂ ਹਨ, ਸ਼ਰੇਆਮ ਦਰਬਾਰ ਸਾਹਿਬ ਵਿਚ ਕਤਲ ਹੁੰਦੇ ਹਨ ਅਤੇ ਜਿਸਦੀਆਂ ਜ਼ਹਿਰ ਉਗਲਦੀਆਂ ਟੇਪਾਂ ਹੁਣ ਥਾਂ ਥਾਂ ਵਜ ਰਹੀਆਂ ਹਨ। ਕੋਈ ਇਲਜ਼ਾਮ ਇੰਦਰਾ ਬੀਬੀ ਜਾਂ ਕੇਂਦਰੀ ਸਰਕਾਰ ਤੇ ਦੇਂਦੇ ਹਨ ਜੋ ਦਿੱਲੀ ਬੈਠੀ ਬੰਸਰੀ ਵਜਾ ਰਹੀ ਹੈ ਤੇ ਪੰਜਾਬ ਸੜ ਰਿਹਾ ਹੈ, ਜਿਸ ਦੀ ਦਿਲਚਸਪੀ ਵੋਟਾਂ ਲੈ ਕੇ ਗੱਦੀ ਸਾਂਭਣ ਤੋਂ ਸਿਵਾ ਹੋਰ ਕੁਝ ਨਹੀਂ।

ਹਿੰਦੂ ਸਮਤੀ ਵਾਲਿਆਂ ਤੇ ਵੀ ਉਂਗਲ ਰਖੀ ਜਾਂਦੀ ਹੈ। ਇਹ ਸਾਰੇ ਇਲਜ਼ਾਮ ਕਾਫੀ ਹੱਦ ਤਕ ਠੀਕ ਹੁੰਦੇ ਹੋਏ ਵੀ ਹੁਣ ਇਹ ਪੱਕੀ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਵੱਖਵਾਦੀ ਖਾਲਿਸਤਾਨ ਦੀ ਤਹਿਰੀਕ, ਜਿਸਦਾ ਅਜ ਤੋਂ ਸਾਲ ਪਹਿਲੇ ਪੰਜਾਬ ਵਿਚ ਕੋਈ ਆਧਾਰ ਨਹੀਂ ਸੀ, ਹੁਣ ਇਕ ਖਤਰਾ ਬਣਕੇ ਸਾਡੇ ਸਾਹਮਣੇ ਆ ਗਈ ਹੈ। ਰੀਟਾਇਰ ਹੋਏ ਉੱਚੇ ਰੈਂਕ ਦੇ ਕੁਝ ਫੌਜੀ ਅਫਸਰ ਹੁਣ ਦਰਬਾਰ ਸਾਹਿਬ ਤੋਂ ਇਸ ਤਹਿਰੀਕ ਲਈ ਬਾਕਾਇਦਾ ਵਿਉਂਤਬੰਦ ਤਰੀਕੇ ਨਾਲ ਕੰਮ ਕਰ ਰਹੇ ਹਨ ਤੇ ਅਕਾਲੀਆਂ ਦੇ ਮੋਰਚੇ ਅਤੇ ਭਿੰਡਰਾਂ ਵਾਲਿਆਂ ਦੀ ਆੜ ਵਿਚ ਉਹ ਖਾਲਿਸਤਾਨ ਲਈ ਸਿਰਤੋੜ ਕੋਸ਼ਿਸ਼ ਕਰ ਰਹੇ ਹਨ, ਉਹਨਾਂ ਦਾ ਪ੍ਰੇਰਨਾ ਸਰੋਤ ਗੁਆਂਢ ਪਾਕਿਸਤਾਨ ਹੈ, ਜਿਥੇ ਫੌਜੀਆਂ ਦੀ ਹਕੂਮਤ ਚਲ ਰਹੀ ਹੈ, ਉਹਨਾਂ ਦੀ ਇਹ ਗੁੱਝੀ ਖਾਹਸ਼ ਬਣ ਗਈ ਹੈ ਕਿ ਖਾਲਿਸਤਾਨ ਬਣਨ

ਨਾਲ ਉਹਨਾਂ ਨੂੰ ਪਾਕਿਸਤਾਨ ਵਾਂਗ ਹਕੂਮਤ ਦੀ ਵਾਗ ਡੋਰ ਸੰਭਾਲਣ ਦਾ ਪੂਰਾ ਮੌਕਾ ਮਿਲ ਸਕਦਾ ਹੈ। ਇਹ ਫੌਜੀ ਅਫਸਰ, ਜਿਨ੍ਹਾਂ ਨੇ ਅਪਣੀ ਫੌਜ ਦੀ ਨੌਕਰੀ ਵੇਲੇ ਮੁੱਛਾਂ ਛਿਲੀਆਂ, ਦਾੜ੍ਹੀਆਂ ਕਤਰੀਆਂ, ਪੁਤਰਾਂ, ਧੀਆਂ ਦੇ ਕੇਸ ਕਟਵਾਏ ਅਤੇ ਘਰਾਂ ਵਿਚ ਕਦੀ ਪੰਜਾਬੀ ਨਾ ਬੋਲੀ, ਹੁਣ ਸਿੱਖੀ ਦਾ ਝੰਡਾ ਚੁੱਕੀ ਫਿਰਦੇ ਦਰਬਾਰ ਸਾਹਿਬ ਵਿਚ ਹਾਜ਼ਰ ਹਨ। ਸੰਤਾਂ ਦੇ ਸਲਾਹਕਾਰ ਬਣੇ ਹੋਏ ਹਨ। ਸੌਤਾਂ ਦੇ ਅਸਰ ਥੱਲੇ ਆਏ ਹੋਏ ਨੌਜਵਾਨਾਂ ਨੂੰ ਗੁਰੀਲਾ ਟਰੇਨਿੰਗ ਦੇ ਦੇ ਹਨ ਅਤੇ ਜਾਣਕਾਰ ਹਲਕੇ ਹੁਣ ਇਹ ਦਾਅਵੇ ਨਾਲ ਕਹਿ ਸਕਦੇ ਹਨ ਕਿ ਪਿਛਲੇ ਦੋ ਮਹੀਨਿਆਂ ਵਿਚ ਜੋ ਕੁਝ ਪੰਜਾਬ ਵਿਚ ਵਾਪਰਿਆ ਹੈ ਇਹ ਬਦੇਸ਼ੀ ਪੈਸੇ ਨਾਲ ਉਕਸਾਇਆ ਜਾ ਰਿਹਾ 'ਖਾਲਿਸਤਾਨ' ਦਾ ਫੁਰਨਾ ਹੈ, ਜਿਸ ਨੂੰ ਤਾਕਤ ਦੇ ਭੁੱਖੇ ਕੁਝ ਵਿਯਕਤੀਆਂ (ਜਿਸ ਵਿਚੋਂ ਵਡਾ ਹਿੱਸਾ ਰੀਟਾਇਰ ਹੋਏ ਉੱਚੇ ਪੱਧਰ ਦੇ ਫੌਜੀ ਅਫਸਰ ਹਨ) ਨੇ ਅਪਣਾਇਆ ਹੈ ਅਤੇ ਜਿਹੜੇ ਅਕਾਲੀ ਮੋਰਚੇ ਅਤੇ ਸੰਤ ਭਿੰਡਰਾਂਵਾਲੇ ਦੀ ਆੜ ਵਿਚ ਵਿਉਂਤਬੰਦ ਤਰੀਕੇ ਨਾਲ ਫੌਜੀ ਪੱਧਰ ਤੇ ਹੀ ਸਾਰਾ ਅਪ੍ਰੇਸ਼ਨ ਕਰ ਰਹੇ ਹਨ। ਇਸ ਸਾਰੇ ਵਾਤਾਵਰਨ ਵਿਚ ਸੂਝਵਾਨ ਲੋਕਾਂ ਦਾ ਫਰਜ਼ ਬਣਦਾ ਹੈ :

1. ਹਰ ਹਾਲਤ ਵਿਚ ਸਿੱਖਾਂ ਹਿੰਦੂਆਂ ਦੀ ਏਕਤਾ ਕਾਇਮ ਰਖਣਾ ਹੈ। ਇਹ ਏਕਤਾ ਖਾਲਸਤਾਨੀਆਂ ਦੀ ਅੱਖ ਵਿਚ ਵੱਡਾ ਕੰਡਾ ਹੈ। ਇਹ ਏਕਤਾ ਤੋੜਣ ਦੀ ਇਸ ਮਹੀਨੇ ਦੋ ਵਾਰ ਕੋਸ਼ਿਸ਼ ਕੀਤੀ ਗਈ। ਪਹਿਲੇ ਅੰਮ੍ਰਿਤਸਰ ਵਿਚ ਹਰਬੰਸ ਲਾਲ ਖੰਨਾ ਦੀ ਹਤਿਆ ਵੇਲੇ ਤੇ ਦੂਜੀ ਵਾਰ ਚੰਡੀਗੜ੍ਹ ਵਿਚ ਹਿੰਦੂ ਸੰਮਤੀ ਦੇ ਆਗੂ ਇੰਦਰਪਾਲ ਗੁਪਤਾ ਦੇ ਕਤਲ ਵੇਲੇ। ਪਹਿਲੇ ਕੱਤਲ ਫੇਰ ਅਰਥੀ ਜਲੂਸਾਂ ਵਿਚ ਭੜਕਾਹਟ ਪੈਦਾ ਕਰਕੇ ਇਕ ਫਿਰਕੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਤੇ ਅਗਲੇ ਦਿਨ ਦੂਸਰੇ ਫਿਰਕੇ ਦਾ ਜਲੂਸ ਕੱਢਕੇ ਪਹਿਲੇ ਫਿਰਕੇ ਨੂੰ ਨਿਸ਼ਾਨਾ ਬਣਾਉਣਾ ਇਹ ਇਕ ਮਿੱਥੀ ਹੋਈ ਖੇਡ ਹੈ। ਇਹ ਸਾਡੀ ਖੁਸ਼ਕਿਸਮਤੀ ਹੈ ਕਿ ਦੋਨੋਂ ਵਾਰ ਇਹ ਕੋਸ਼ਸ਼ ਸਫਲ ਨਹੀਂ ਹੋਈ। ਜੇਕਰ ਵਡੇ ਪੈਮਾਨੇ ਤੇ ਕੋਈ ਦੰਗਾ ਹੋ ਜਾਂਦਾ ਤਾਂ ਇਹ ਵੱਖਵਾਦੀ ਤਹਿਰੀਕ ਦੀ ਵੱਡੀ ਸਫਲਤਾ ਹੋਣੀ ਸੀ ਕਿਉਂਕਿ ਉਹਨਾਂ ਦਾ ਵਡਾ ਨਿਸ਼ਾਨਾ ਹੀ ਇਹ ਹੈ ਕਿ ਇਹ ਪ੍ਰਭਾਵ ਬਣਾ ਦਿੱਤਾ ਜਾਏ ਕਿ ਹਿੰਦੂਆਂ ਦਾ ਪੰਜਾਬ ਵਿਚ ਰਹਿਣਾ ਹੁਣ ਸੰਭਵ ਨਹੀਂ ਹੈ। ਹਿੰਦੂ ਸੰਮਤੀ ਵਾਲੇ ਪ੍ਰਤੀਕਰਮਾਤਕ ਰੂਪ ਵਿਚ ਖਾਲਿਸਤਾਨੀ ਵੱਖਵਾਦੀਆਂ ਦੀ ਮੱਦਦ ਕਰ ਰਹੇ ਹੁੰਦੇ ਹਨ। ਹਿੰਦੂ ਸਿਖ ਏਕਤਾ ਦਾ ਚੌਕਸੀ ਨਾਲ ਪਹਿਰਾ ਦੇਣਾ ਸਾਡਾ ਫਰਜ਼ ਬਣਦਾ ਹੈ।

2. ਹਰ ਹਾਲਤ ਵਿਚ ਇਕ ਸ਼ਹਿਰੀ ਦੀ ਬੁਨਿਯਾਦੀ ਹੱਕਾਂ ਦੀ ਰਖਵਾਲੀ ਕਰਨਾ ਹੈ। ਇਸ ਸਿਲਸਲੇ ਵਿਚ ਵੀ 8 ਅਪ੍ਰੈਲ ਦਾ ਦਿਨ ਸਾਡੇ ਸਾਹਮਣੇ ਆਉਂਦਾ ਹੈ, ਜਦੋਂ 8 ਅਪ੍ਰੈਲ 1929, ਸ਼ਹੀਦ ਭਗਤ ਸਿੰਘ ਅਤੇ ਸ੍ਰੀ ਬੀ. ਕੇ. ਦੱਤ ਨੇ ਕੇਂਦਰੀ ਅਸੈਂਬਲੀ ਵਿਚ ਬੰਬ ਸੁੱਟਕੇ ਪਬਲਿਕ ਸੇਫਟੀ ਬਿਲ ਅਤੇ ਟਰੇਡ ਡਿਸਪਿਊਟ ਬਿਲ ਦੀ ਵਿਰੋਧਤਾ ਕੀਤੀ ਤੇ ਮਨੁੱਖੀ ਹੱਕਾਂ ਲਈ ਆਵਾਜ਼ ਉਠਾਈ। ਅੱਜ ਸਾਡੇ ਕੋਲੋਂ ਇਹ ਹੱਕ ਇਕ ਪਾਸੇ ਧਾਰਮਕ ਜਨੂੰਨੀ ਖੋਹ ਰਹੇ ਹਨ, ਜੋ ਵਿਰੋਧੀਆਂ ਦੀ ਆਵਾਜ਼ ਨੂੰ ਸਟੇਨ ਗਨਾਂ ਨਾਲ ਬੰਦ ਕਰਨਾ ਚਾਹੁੰਦੇ ਹਨ, ਤੇ ਦੂਜੇ ਪਾਸੇ ਸਰਕਾਰ ਗੜਬੜ ਦਾ ਆਸਰਾ ਲੈ ਕੇ ਸ਼ਹਿਰੀ ਆਜ਼ਾਦੀਆਂ ਨੂੰ ਕੁਚਲਣ ਦੇ ਆਰਡੀਨੈਂਸ ਤੇ ਆਰਡੀਨੈਂਸ ਜਾਰੀ ਕਰ ਰਹੀ ਹੈ। (ਪਾਠਕ-ਲਖਕ ਫੋਰਮ ਵਿਚ ਆਰ. ਵੀ. ਪਰਤਾਪ ਦੀ ਇਕ ਲਿੱਖਤ ਵਿਚ ਇਸਦੇ ਬਾਰੇ ਵਿਸਥਾਰ ਨਾਲ ਲਿਖਿਆ ਗਿਆ ਹੈ।) ਧਾਰਮਿਕ ਜਨੂੰਨੀਆਂ ਨੇ ਪਹਿਲੇ ਇਹ ਖੇਡ ਨਿਰੰਕਾਰੀਆਂ ਨਾਲ ਸ਼ੁਰੂ ਕੀਤੀ। ਫੇਰ ਹਰ ਉਸ ਵਿਯਕਤੀ ਨੂੰ ਹਿੱਟ ਲਿਸਟ ਵਿਚ ਲਿਆਂਦਾ ਜੋ ਉਹਨਾਂ ਦੇ ਵਿਰੋਧ ਬੋਲਦਾ ਹੈ। ਸੁਮੀਤ ਸਿੰਘ ਐਡੀਟਰ ਪ੍ਰੀਤਲੜੀ ਦਾ ਕਤਲ ਤੇ ਹੁਣ ਸੁਖਰਾਜ ਸਿੰਘ ਖੱਦਰ ਦਾ ਕੱਤਲ ਇਹਦੀਆਂ ਉਘੜਵੀਆਂ ਮਸਾਲਾਂ ਹਨ। ਸੁਰਖ ਰੇਖਾ ਦੇ ਐਡੀਟਰ ਨੂੰ ਕਤਲ ਦੀ ਧੱਮਕੀ ਤੇ ਕਿਸਾਨ ਯੂਨੀਅਨ ਦੇ ਆਗੂ ਅੰਮੋਲਕ ਸਿੰਘ ਨੂੰ ਕਤਲ ਦਾ ਯੱਤਨ ਵੀ ਇਸੇ ਰੁਝਾਣ ਦੀ ਦੇਣ ਹੈ। ਸਾਨੂੰ ਇਸ ਗਲਤ ਰੁਝਾਣ ਦਾ ਨੋਟਿਸ ਉਸ ਵੇਲੇ ਹੀ ਲੈ ਲੈਣਾ ਚਾਹੀਦਾ ਸੀ ਜਦੋਂ ਨਿਰੰਕਾਰੀਆਂ ਤੇ ਹਮਲੇ ਸ਼ੁਰੂ ਹੋਏ ਸਨ ਜਾਂ ਲਾਲਾ ਜਗਤ ਨਰਾਇਣ ਦਾ ਕੱਤਲ ਹੋਇਆ ਸੀ। ਇਸ ਰੁਝਾਣ ਦੇ ਵਿਰੁੱਧ, ਜੋ ਕਿ ਨੰਗੇ ਰੂਪ ਵਿਚ ਫਾਸ਼ੀ ਰੁਝਾਣ ਹੈ, ਪ੍ਰਚਾਰ ਅਤੇ ਤਾਕਤ ਦੇ ਵਖਾਵੇ ਦੇ ਰੂਪ ਵਿਚ ਵੀ ਇਕ ਜ਼ੋਰਦਾਰ ਲੜਾਈ ਚਲਨੀ ਚਾਹੀਦੀ ਹੈ। ਇਸ ਵਿਚ ਗੁਰੂ ਤੇਗ ਬਹਾਦਰ ਤੋਂ ਲੈ ਕੇ ਸ਼ਹੀਦ ਭਗਤ ਸਿੰਘ ਦੀਆਂ ਮਿਸਾਲਾਂ ਲਈਆਂ ਜਾਣੀਆਂ ਚਾਹੀਦੀਆਂ ਹਨ, ਜਿਨਾਂ ਨੇ ਮਨੁੱਖ ਦੀ ਇਸੇ ਬੁਨਿਯਾਦੀ ਆਜ਼ਾਦੀ ਲਈ ਵਡੀਆਂ ਸ਼ਹਾਦਤਾਂ ਪਾਈਆਂ ਅਤੇ ਔਰੰਗਜ਼ੇਬ ਤੋਂ ਲੈ ਕੇ ਅੰਗਰੇਜ਼ ਹਾਕਮਾਂ ਵਿਰੁੱਧ ਲਗਾਤਾਰ ਸੰਘਰਸ਼ ਚਲਾਇਆ। ਪ੍ਰਚਾਰ ਲਈ ਸੰਤੋਖ ਸਿੰਘ ਧੀਰ ਦੀ ਇਕ ਕਵਿਤਾ ਇਸ ਵਿਚ ਸਾਡੀ ਸਹਾਈ ਹੋ ਸਕਦੀ ਹੈ, ਜੋ ਔਰੰਗਜ਼ੇਬੀ ਨੀਤੀ ਦੇ ਵਿਰੁਧ ਇਕ ਜ਼ੋਰਦਾਰ ਰਚਨਾ ਹੈ।

3. ਤੀਸਰਾ ਸਾਡਾ ਕੰਮ ਧਰਮ ਨੂੰ ਸੋੜੇ ਸਿਆਸੀ ਹਿੱਤਾਂ ਵਾਸਤੇ ਵਰਤਣ ਦੇ ਵਿਰੁਧ ਲਾਮਬੰਦੀ ਦਾ ਹੈ। 22 ਅਪ੍ਰੈਲ ਸਾਥੀ ਲੈਨਿਨ ਦਾ ਜਨਮ ਦਿਹਾੜਾ ਹੈ। ਸਿਆਸਤ ਵਿਚ ਧਰਮ ਨੇ ਹਮੇਸ਼ਾ ਕਿਸੂਤਰਾਂ ਲੋਟੂ ਜਮਾਤਾਂ ਦੇ ਹਿੱਤ ਪਾਲੇ ਹਨ, ਲੈਨਿਨ ਦੀਆਂ ਲਿਖਤਾਂ ਵਿਚ ਉਹਦਾ ਜ਼ੋਰਦਾਰ ਸਬਦਾਂ ਵਿਚ ਜ਼ਿਕਰ ਆਉਂਦਾ ਹੈ। ਸਾਨੂੰ

ਉਹਨਾਂ ਲਿਖਤਾਂ ਨੂੰ ਠੀਕ ਸੰਦਰਭ ਵਿਚ ਸਮਝਕੇ ਅਜ ਦੇ ਵਰਤਾਰੇ ਵਿਚ ਧਰਮ ਦੇ ਨਾਂ. ਪੱਖੀ ਰੂਪ ਨੂੰ ਲੋਕਾਂ ਵਿਚ ਨੰਗਿਆ ਕਰਨਾ ਚਾਹੀਦਾ ਹੈ ਸ਼ਹੀਦ ਭਗਤ ਸਿੰਘ ਦੀ ਮਿਸਾਲ ਲੈ ਕੇ ਫਖਰ ਨਾਲ ਕਹਿਣਾ ਚਾਹੀਦਾ ਹੈ ਕਿ ਅਸੀ ਨਾਸਤਿਕ ਹਾਂ ਕਿਉਂਕਿ ਅਸੀ ਐਸੇ ਰਬ ਨੂੰ ਮੰਨਣ ਤੋਂ ਇਨਕਾਰੀ ਹਾਂ, ਜਿਸਨੂੰ ਇਸ ਵਿਤਕਰੇ ਭਰੇ ਸਮਾਜ ਦਾ ਰਚਣਹਾਰਾ ਕਿਹਾ ਜਾਂਦਾ ਹੈ। ਅਸੀ ਐਸੇ ਧਰਮ ਨੂੰ ਮੰਨਣ ਤੋਂ ਇਨਕਾਰੀ ਹਾਂ ਜੋ ਗਰੀਬ ਦੀ ਗਰੀਬੀ ਨੂੰ ਕਰਮਾਂ ਦਾ ਫੱਲ ਕਹਿੰਦਾ ਹੈ। ਸਾਡੀ ਦਲੀਲ ਇਹ ਮੰਨਣ ਤੋਂ ਇਨ-ਕਾਰੀ ਹੈ ਕਿ ਸੱਤਾ ਅਸਮਾਨਾਂ ਪਾਰ ਕੋਈ ਬਾਬਾ ਬੈਠਾ ਹੈ ਜੋ ਖਰਬਾਂ ਜੀਵਾਂ ਦੀ ਕਿਸਮਤ ਦੇ ਧਾਗੇ ਪਕੜੀ ਬੈਠਾ ਹੈ ਤੇ ਉਹਨਾਂ ਨੂੰ ਪੁਤਲੀਆਂ ਵਾਂਗ ਨਚਾ ਰਿਹਾ ਹੈ। ਇਤਿਹਾਸ ਵਿਚ ਧਰਮ ਦਾ 'ਹਾਂ ਪੱਖੀ' ਭੂਮਿਕਾ ਕਿਹੜੇ ਹਾਲਾਤ ਵਿਚ ਹੋਈ ਉਹ ਵੀ ਜਾਨਣਾ ਜ਼ਰੂਰੀ ਹੈ ਪਰ ਇਹਦੇ ਨਾਲ ਇਹਦੀ 'ਨਾਂ ਪੱਖੀ' ਭੂਮਿਕਾ ਨੂੰ ਵੀ ਦਲੇਰੀ ਨਾਲ ਲੋਕਾਂ ਅਗੇ ਲਿਆਉਣਾ ਚਾਹੀਦਾ ਹੈ। ਧਰਮ ਦਾ ਮਨਫੀ ਵਰਤਾਰਾ ਜੋ ਧਰਮ ਦੇ ਨਾਂ ਤੇ ਸਾਧਾਰਨ ਬੰਦਿਆਂ ਦੇ ਕੱਤਲ ਅਤੇ ਪਵਿਤ੍ਰ ਧਾਰਮਕ ਅਸਥਾਨਾਂ ਤੇ ਹੋ ਰਹੇ ਲੁੱਚਪੁਨੇ ਦੇ ਰੂਪ ਵਿਚ ਲੋਕਾਂ ਦੇ ਸਾਹਮਣੇ ਆ ਰਿਹਾ ਹੈ, ਉਹ ਸਾਡੇ ਕੰਮ ਨੂੰ ਆਸਾਨ ਬਣਾਉਂਦਾ ਹੈ। ਜੇ ਸਾਡੇ ਉਤੇ ਕੋਈ ਨਾਸਤਕਤਾ ਦੀ ਫੱਟੀ ਲਗਾਉਂਦਾ ਹੈ ਤਾਂ ਉਹ ਫ਼ਖਰ ਨਾਲ ਕਬੂਲ ਕਰਨੀ ਚਾਹੀਦੀ ਹੈ ਤੇ ਨਾਲ ਹੀ ਆਸਤਕਤਾ ਦੇ ਨਾਂ ਥੱਲੇ ਜਿਹੜੀ ਹਨੇਰ ਗਰਦੀ ਹੋ ਰਹੀ ਹੈ, ਉਸਨੂੰ ਜਵਾਬੀ ਹਮਲੇ ਵਿਚ ਨਸ਼ਰ ਕਰਨਾ ਚਾਹੀਦਾ ਹੈ। ਧਰਮ ਦੇ ਰਾਜਸੀ ਵਰਤਾਰੇ ਵਿਰੁੱਧ ਰਾਖਵੀਂ ਪੁਜ਼ੀਸ਼ਨ ਤੋਂ ਨਹੀਂ ਸਗੋਂ ਹਮਲਾਵਾਰੀ ਪੁਜ਼ੀਸ਼ਨ ਤੋਂ ਲੜਾਈ ਲੜਣ ਦੀ ਲੋੜ ਹੈ। ਅਜ ਸਮਾਂ ਇਸਦੇ ਅਨਕੂਲ ਹੈ। ਮਈ ਸਮਤਾ ਵਿਚ ਦੋ ਲਿਖਤਾਂ ਇਸੇ ਮੰਤਵ ਲਈ ਦਿਤੀਆਂ ਜਾ ਰਹੀਆਂ ਹਨ। ਪ੍ਰੋਲਤਾਰੀ ਸਟੱਡੀ ਸੈਂਟਰ, ਅੰਮ੍ਰਿਤਸਰ ਵਲੋਂ ਪ੍ਰਕਾਸ਼ਕ ਸਾਥੀ ਲੈਨਿਨ ਦੀ ਲਿਖਤ 'ਮਜ਼ਦੂਰਾਂ ਦੀ ਪਾਰਟੀ ਦਾ ਧਰਮ ਵਲ ਵਤੀਰਾ' ਵੀ ਪੜ੍ਹਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ।

ਸੰਖੇਪ ਤੌਰ ਤੇ ਪੰਜਾਬ ਦੇ ਮੌਜੂਦਾ ਵਾਤਾਵਰਨ ਵਿਚ ਲੋਕ ਹਿਤਾ ਦੀ ਰਖਵਾਲੀ ਲਈ ਸਾਨੂੰ ਤਿਨ ਅੰਗੀ ਲੜਾਈ ਲੜਨੀ ਪਏਗੀ। ਇਕ ਅੰਤਰ ਰਾਸ਼ਟਰ ਪੱਧਰ ਤੇ ਉਹਨਾਂ ਸਾਮਰਾਜੀ ਚਾਲਾਂ ਨੂੰ ਨੰਗਿਆ ਕਰਨ ਦੀ ਜੋ ਖਾਲਸਤਾਨ ਵਰਗੀਆਂ ਵੱਖਵਾਦੀ ਤਹਿਰੀਕਾਂ ਨੂੰ ਸ਼ਹਿ ਦੇਣ ਦੀਆਂ ਜ਼ਿਮੇਵਾਰ ਹਨ ਅਤੇ ਜਿਹੜਿਆਂ ਧਾਰਮਕ ਪੁਨਰ ਜਨਮ ਨੂੰ ਸੰਸਾਰ ਪੱਧਰ ਤੇ ਸਮਾਜਜਾਦੀ ਤਾਕਤਾਂ ਦੇ ਵਿਰੁਧ ਵਰਤਨਾ ਚਾਹੁੰਦੀਆਂ ਹਨ। ਦੂਜੇ ਰਾਸ਼ਟਰੀ ਪੱਧਰ ਤੇ ਇਜਾਰਾਦਾਰੀ ਸਰਮਾਏਦਾਰੀ ਦੇ ਹਿੱਤ ਵਿਚ ਚੱਲ ਰਹੀ ਕੇਂਦਰੀ ਸਰਕਾਰ ਦੇ ਵਿਰੁੱਧ — ਜੋ ਹਰ ਮਾਮਲੇ ਨੂੰ ਲਮਕਾਕੇ, ਲੋਕਾਂ ਵਿਚ ਫੁਟ ਪਾਕੇ ਲੋਕਾਂ ਦਾ ਧਿਆਨ ਉਹਨਾਂ ਦੇ ਰੋਜ਼ ਦੇ ਮਸਲਿਆਂ ਤੋਂ ਲਾਂਭੇ ਲਿਜਾਕੇ, ਲੋਕਾਂ ਦੇ ਬੁਨਿਯਾਦੀ ਹੱਕਾਂ ਉਤੇ ਛਾਪੇ ਮਾਰ ਰਹੀ ਹੈ ਅਤੇ ਅਪਣੇ ਲੁੱਟ ਖਸੁੱਟ ਦੇ ਭ੍ਰਿਸ਼ਟਾਚਾਰੀ ਰਾਜ ਨੂੰ ਲੰਮੇਰੀ ਉਮਰ ਦੇਣ ਦਾ ਯਤਨ ਕਰ ਰਹੀ ਹੈ। ਤੀਜੇ ਸਥਾਨੀਏ ਪੱਧਰ ਤੇ ਫਿਰਕੂ ਜੰਨੂਨੀ ਤੇ ਉਹਨਾਂ ਦੀ ਆੜ ਵਿਚ ਤਾਕਤ ਦੇ ਭੁੱਖੇ ਦਾਅ ਮਾਰੂ ਕੈਰੀਅਰਿਸਟ ਜੋ ਵਿਉਂਤਬੰਦ ਐਕਸ਼ਨਾਂ ਨਾਲ (ਰੇਲਵੇ ਸਟੇਸ਼ਨਾਂ ਨੂੰ ਅੱਗ ਲਾਉਣੀ, ਰਾਜਸੀ ਨੇਤਾਵਾਂ ਨੂੰ ਕੱਤਲ ਕਰਨਾ, ਸਕੂਲਾਂ ਕਾਲਜਾਂ ਦੇ ਪ੍ਰੀਸੀਪਲਾਂ ਨੂੰ ਕਤਲ ਕਰਨਾ, ਦਫਤਰਾਂ ਨੂੰ ਅੱਗ ਲਾਉਣੀ) ਦਹਿਸ਼ਤ ਫੈਲਾ ਕੇ ਸਾਡੀ ਜ਼ਿੰਦਗੀ ਨੂੰ ਔਖਾ ਕੀਤਾ ਹੋਇਆ ਹੈ। ਹਰ ਇਕ ਸ਼ਹਿਰੀ ਕੀ ਹਿੰਦੂ ਕੀ ਸਿਖ ਇਹਨਾਂ ਦੀਆਂ ਕਾਰਵਾਈਆਂ ਤੋਂ ਤੰਗ ਪੈ ਚੁੱਕਾ ਹੈ ਵੱਧ ਤੋਂ ਵੱਧ ਆਪਸ ਵਿਚ ਏਕਤਾ ਬਣਾਉਂਦੇ ਹੋਏ ਸਿਧਾਂਤਕ ਅਤੇ ਜਥੇਬੰਦਕ ਪੱਧਰ ਤੇ ਇਹ ਲੜਾਈ ਲੜਣਾ ਅਤੇ ਦਹਿਸ਼ਤ ਦੇ ਮਾਹੌਲ ਨੂੰ ਖਤਮ ਕਰਨਾ ਸਾਡਾ ਅੱਜ ਦਾ ਮੁੱਖ ਕੰਮ ਹੈ।

**ਗੁਰਸ਼ਰਨ ਸਿੰਘ**

---

## ਸੰਪਾਦਕੀ ਟਿਪਣੀਆਂ

### 1. ਇਨਕਲਾਬੀ ਕੌਮਾਂਤਰੀ ਲਹਿਰ :

ਕਮਿਊਨਿਸਟ ਲਹਿਰ ਨੇ ਹਮੇਸ਼ਾ ਇਕ ਕੌਮਾਂਤਰੀ ਲਹਿਰ ਹੋਣ ਦਾ ਦਾਅਵਾ ਕੀਤਾ ਹੈ। ਇਸ ਲਹਿਰ ਦਾ ਪਿਛਲੇ 1.0 ਤੋਂ ਵੱਧ ਸਾਲਾਂ ਦਾ ਇਤਹਾਸ ਦਸਦਾ ਹੈ ਕਿ ਇਸ ਲਹਿਰ ਦੇ ਬਾਨੀਆਂ ਨੇ ਇਸਨੂੰ ਕੌਮਾਂਤਰੀ ਲਹਿਰ ਦੇ ਰੂਪ ਵਿਚ ਹੀ ਸ਼ੁਰੂ ਕੀਤਾ ਸੀ। ਵੱਖ ਵੱਖ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਜਾਂ ਕਮਿਊਨਿਸਟ ਗਰੁਪਾਂ ਦਾ ਕਿਸੇ ਨਾ ਕਿਸੇ ਪੱਧਰ ਤੇ ਤਾਲ੍ਹਮੇਲ ਹਮੇਸ਼ਾਂ ਕਾਇਮ ਰਿਹਾ ਹੈ, ਵੱਖ ਵੱਖ ਸਮੇਂ ਕੌਮਾਂਤਰੀ ਪਲੇਟਫਾਰਮ ਉਸਾਰੇ ਵੀ ਗਏ ਅਤੇ ਸਿਧਾਂਤਕ ਲੋੜਾਂ ਅਨੁਸਾਰ ਤੋੜੇ ਵੀ ਗਏ। ਕੌਮੀਤਰਨ ( Comentern ) ਇਕ ਐਸਾ ਹੀ ਪਲੇਟ-ਫਾਰਮ ਰਿਹਾ ਹੈ। ਪਹਿਲੀ ਵਾਰ 1847 ਵਿਚ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਦੀ ਅਗਵਾਈ ਵਿਚ ਕਮਿਊਨਿਸਟ ਲੀਗ ਵਲੋਂ ਜਾਰੀ ਕੀਤੇ ਕਮਿਊਨਿਸਟ ਮੈਨੀਫੈਸਟੋ ਵਿਚ 'ਦੁਨੀਯਾ ਭਰ ਦੇ ਮਿਹਨਤਕਸ਼ੋ, ਇਕ ਹੋ ਜਾਓ' ਦਾ ਨਾਹਰਾ ਬੁਲੰਦ ਕੀਤਾ ਗਿਆ ਸੀ। 28 ਸਤੰਬਰ 1864 ਵਿਚ ਲੰਡੋਨ ਵਿਚ ਪਹਿਲੀ ਕੌਮੀਤਰਨ ਉਸਾਰੀ ਗਈ ਜੋ ਜਥੇਬੰਦਕ ਮੁਸ਼ਕਲਾਂ ਕਰਕੇ 1876 ਵਿਚ ਭੰਗ ਕਰ ਦਿਤੀ ਗਈ। ਕਾਮਰੇਡ ਏਂਗਲਜ਼ ਦੀ ਅਗਵਾਈ ਵਿਚ 14 ਜੁਲਾਈ 1889 ਵਿਚ ਦੂਜੀ ਕੌਮੀਤਰਨ ਦੀ

ਸਥਾਪਨਾ ਕੀਤੀ ਗਈ ਸੀ। ਏਂਗਲਜ਼ ਦੀ ਮੌਤ ਤੋਂ ਬਾਅਦ ਕਾਟਾਸਕੀ ਇਸਦੇ ਨੇਤਾ ਬਣੇ। ਪਹਿਲੀ ਸੰਸਾਰ ਜੰਗ ਵੇਲੇ (1914) ਕਾਟਾਸਕੀ ਨਾਲ ਸੰਜੀਦਾ ਸਿਧਾਂਤਕ ਮੱਤ ਭੇਦ ਹੋਣ ਕਰਕੇ ਸਾਥੀ ਲੈਨਿਨ ਨੇ ਇਹ ਦੂਜੀ ਕੌਮਾਂਤਰਨ ਭੰਗ ਕਰਨ ਦਾ ਏਲਾਨ ਕੀਤਾ। ਤੀਸਰੀ ਕਮਿਊਨਿਸਟ ਇੰਟਰਨੈਸ਼ਨਲ 1919 ਵਿਚ ਸਾਥੀ ਲੈਨਿਨ ਦੀ ਅਗਵਾਈ ਥੱਲੇ ਕਾਇਮ ਕੀਤੀ ਗਈ ਜੋ 1944 ਵਿਚ ਸਾਥੀ ਸਟਾਲਿਨ, ਦਮਿਤਰੋਵ, ਤੁਰਗਲਿਆਤੀ ਆਦਿਕ ਦੇ ਇਹ ਕਹਿਣ ਤੇ ਭੰਗ ਕਰ ਦਿਤੀ ਗਈ ਕਿ ਇਹਦੀ ਹੁਣ ਲੋੜ ਨਹੀਂ ਹੈ, ਭਾਵ ਕਿ ਵੱਖ ਵੱਖ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਆਪਸੀ ਸਲਾਹ ਮਸ਼ਵਰਾ, ਭਾਵੇਂ ਹਰ ਪੱਧਰ ਤੇ ਕਰਨ ਪਰ 'ਦੁਨੀਆ ਵਿਚ ਇਕੋ ਕੇਂਦਰ' ਤੋਂ ਅਗਵਾਈ ਦੀ ਲੋੜ ਨਹੀਂ। ਪਿਛਲੇ 40 ਸਾਲਾਂ ਦਾ ਇਤਿਹਾਸ ਦਸਦਾ ਹੈ ਕਿ ਕਮਿਊਨਿਸਟ ਲਹਿਰ ਦੇ ਮੁੱਖ ਤੌਰ ਤੇ ਰੂਸ ਤੇ ਚੀਨ ਦੋ ਮੁੱਖ ਕੇਂਦਰ ਰਹੇ ਹਨ ਪਰ ਅਲਬਾਨੀਆਂ ਅਤੇ ਯੋਰਪ ਦੀਆਂ ਕਮਿਊਨਿਸਟ ਪਾਰਟੀਆਂ ਨੇ ਬੜੀ ਵਾਰੀ ਸਿਧਾਂਤਕ ਤੌਰ ਤੇ ਆਜ਼ਾਦ ਪੁਜ਼ੀਸ਼ਨਾਂ ਲਈਆਂ। ਹੇਠ ਲਿਖੇ ਵਿਸ਼ੇ ਇਸ ਸਿਧਾਂਤਕ ਬਹਿਸ ਵਿਚ ਵਾਰ ਵਾਰ ਲਏ ਗਏ :

1. ਸੰਸਾਰ ਭਰਦੇ ਸਰਮਾਏਦਾਰੀ ਸਿਸਟਮ ਦਾ ਸੰਸਾਰ ਪੱਧਰ ਤੇ ਆਪਸੀ ਤਾਲਮੇਲ ਨਾਲ ਆਪਣੇ ਫੌਰੀ ਸੰਕਟਾਂ ਉਤੇ ਕਾਬੂ ਪਾਉਣ ਦੀ ਯੋਗਤਾ।
2. ਸਮਾਜਵਾਦੀ ਪ੍ਰਬੰਧ ਥੱਲੇ ਕੰਮ ਕਰ ਰਹੇ ਦੇਸ਼ਾਂ ਵਿਚ ਉਪਜਾਊ ਸ਼ਕਤੀਆਂ ਦਾ ਉਮੀਦ ਕੀਤਾ ਵਿਕਾਸ ਨਾ ਹੋਣਾ ਤੇ ਨਤੀਜੇ ਵਜੋਂ ਸਟੇਟ ਦੀ ਮਲਕੀਅਤ ਥਲੇ ਹੀ ਸਰਮਾਏਦਾਰਾਨਾ ਉਖਜ ਪ੍ਰਨਾਲੀ ਦਾ ਬਹਾਲ ਕੀਤਾ ਜਾਣਾ।
3. ਸਮਾਜਵਾਦੀ ਦੇਸ਼ਾਂ ਵਲੋਂ ਸਾਮਰਾਜੀ ਦੇਸ਼ਾਂ ਦੀਆਂ ਪਸਾਰਵਾਦੀ ਨੀਤੀਆਂ ਦਾ ਮੁਕਾਬਲਾ ਕਰਦੇ ਹੋਏ ਆਪ ਪਸਾਰਵਾਦੀ ਨੀਤੀਆਂ ਅਪਣਾਉਣੀਆਂ ਤੇ ਹਥਿਆਰਾਂ ਦੀ ਦੌੜ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੋਣਾ
4. ਸਮਾਜਵਾਦੀ ਦੇਸ਼ਾਂ ਵਲੋਂ ਤੀਸਰੀ ਦੁਨੀਆ ਜਾਂ ਕਹਿ ਲਵੋ ਪਛੜੇ ਹੋਏ ਦੇਸ਼ਾਂ ਵਿਚਕੌਮੀ ਸ਼ਾਨਵਾਦ ਨੂੰ ਸ਼ਹਿ ਦੇਣੀ ਅਤੇ ਉਥੋਂ ਦੀਆਂ ਇਨਕਲਾਬੀ ਲਹਿਰਾਂ ਦੇ ਵਿਰੁਧ ਭੁਗਤਾਨ—

ਇਹ ਉਪਰ ਦਸੇ ਕੁਝ ਐਸੇ ਤੱਥ ਸਨ, ਜਿਨ੍ਹਾਂ ਨੇ ਸੰਸਾਰ ਕਮਿਊਨਿਸਟ ਲਹਿਰ ਵਿਚ ਗੰਭੀਰ ਵਖਰੇਵੇਂ ਪਾਏ ਹਨ। ਇਹਨਾਂ ਤੱਥਾਂ ਬਾਰੇ ਕਮਿਊਨਿਸਟ ਸਿਧਾਂਤਕਾਰਾਂ ਵਲੋਂ ਵੱਖ ਵੱਖ ਮਾਰਕਸੀ ਵਿਆਖਿਆ ਆਂਦੀ ਰਹੀ ਹੈ, ਇਕੋ ਸਮਝ ਵਾਲੇ ਗਰੁਪਾਂ ਅਤੇ ਸਿਧਾਂਤਕਾਰਾਂ ਨੇ ਇਹ ਯੱਤਨ ਵੀ ਕੀਤਾ ਕਿ ਸੰਸਾਰ ਭਰ ਵਿਚ ਕਮਿਊਨਿਸਟਾਂ ਦਾ। ਇਕ ਕੇਂਦਰ ਉਸਾਰਿਆ ਜਾਏ। ਇਹਨਾ ਸਾਲਾਂ ਵਿਚ ਹੁਣ ਪਹਿਲੀ ਵਾਰ ਦਰਜਨ ਦੇ ਕਰੀਬ ਕਮਿਊਨਿਸਟ ਇਨਕਲਾਬੀ ਗਰੁਪਾਂ ਦੇ ਪ੍ਰਤੀਨਿਧਾਂ ਨੇ 1980 ਵਿਚ ਇਕ ਸਾਂਝਾ ਬਿਆਨ (JOINT COMMUNIQUE) ਜਾਰੀ ਕੀਤਾ ਅਤੇ ਇਸ ਹੀ ਸਮੇਂ ਇਨਕਲਾਬੀ ਕਮਿਊਨਿਸਟ ਪਾਰਟੀ ਅਮਰੀਕਾ ਅਤੇ ਇ. ਕੰ. ਪਾ ਚਿਲੀ ਨੇ ਸਾਂਝੇ ਤੌਰ ਤੇ ਸੰਸਾਰ ਦੇ ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਲਈ 'ਬੁਨਿਆਦੀ ਅਸੂਲ (Basic principle) ਨਾ ਦੀ ਦਸਤਾਵੇਜ਼ ਜਾਰੀ ਕੀਤੀ। ਇਸੇ ਦਸਤਾਵੇਜ਼ ਦੀ ਰੋਸ਼ਨੀ ਵਿਚ ਸੰਸਾਰ ਦੇ ਦਰਜਨ ਦੇ ਕਰੀਬ ਇਨਕਲਾਬੀ ਗਰੁਪਾਂ ਨੇ ਇਕ ਲੰਬੀ ਕਾਨਫਰੰਸ ਪਿਛੋਂ ਇਨਕਲਾਬੀ ਕੌਮਾਂਤਰੀ ਲਹਿਰ (RIM) ਦੀ ਸਥਾਪਨਾ ਕੀਤੀ ਹੈ। ਮਾਰਕਸਵਾਦ, ਲੈਨਿਨਵਾਦ, ਮਾਉ-ਅਤੇ ਚੀਨ ਦੇ ਮਹਾਨ ਪ੍ਰੋਲਤਾਰੀ ਸਭਿਆਚਾਰਕ ਇਨਕਲਾਬ (GPCR) ਦੀ ਰਾਖੀ ਇਸ ਲਹਿਰ ਦਾ ਧੁਰਾ-ਅਦੇਸ਼ ਹੈ। ਪਹਿਲੀ ਮਈ 1984 ਇਸ ਲਹਿਰ ਦਾ ਮੈਨੀਫੈਸਟੋ ਰੀਲੀਜ਼ ਕੀਤਾ ਜਾ ਰਿਹਾ ਹੈ। ਸੰਸਾਰ ਦੀਆਂ 14 ਕਮਿਊਨਿਸਟ ਪਾਰਟੀਆਂ ਜਾਂ ਗਰੁਪਾਂ ਦੇ RIM ਨੂੰ ਜਨਮ ਦਿਤਾ ਹੈ। ਭਾਰਤ ਵਿਚੋਂ ਇਨਕਲਾਬੀ ਕਮਿਊਨਿਸਟ ਭਾਰਤ ਅਤੇ ਕੇਂਦਰੀ ਮੁੜ ਜਥੇਬੰਦਕ ਕਮੇਟੀ ਸੀ. ਪੀ. ਆਈ (ਐਮ. ਐਲ) ਅਤੇ ਨੇਪਾਲ ਕਮਿਊਨਿਸਟ ਪਾਰਟੀ (ਮਸ਼ਾਲ) ਇਹਨਾਂ ਵਿਚ ਸ਼ਾਮਲ ਹਨ। ਸੰਸਾਰ ਜੰਗ ਨੂੰ ਰੋਕਣ ਅਤੇ ਸੰਸਾਰ ਇਨਕਲਾਬ ਨੂੰ ਤੋੜ ਚੜ੍ਹਾਉਣ ਲਈ ਵਚਨਬੱਧ ਇਸ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਸਥਾਪਨਾ ਨੂੰ ਇਕ ਅਹਿਮ ਘਟਨਾ ਵਜੋਂ ਲਿਆ ਜਾਣਾ ਚਾਹੀਦਾ ਹੈ।

## 2. ਫਿਰਕਾਪ੍ਰਸਤੀ ਵਿਰੁਧ ਜੁੱਤਕ ਲਾਮਬੰਦੀ :

ਹਰ ਰੋਜ਼ ਅਖਬਾਰਾਂ ਵਿਚ ਫਿਰਕੂ ਜਨੂੰਨੀਆਂ ਵਲੋਂ ਕਤਲੋ ਗ਼ਾਰਤ ਦੀਆਂ ਖਬਰਾਂ ਨੇ ਸਾਡੇ ਆਮ ਲੋਕਾਂ ਵਿਚ ਅਤੇ ਵਿਸ਼ੇਸ਼ ਕਰਕੇ ਪੰਜਾਬ ਤੋਂ ਬਾਹਰ ਬੈਠੇ ਲੋਕਾਂ ਵਿਚ ਇਹ ਪ੍ਰਭਾਵ ਬਣਾਇਆ ਹੋਇਆ ਹੈ ਕਿ ਇਹ ਟੋਲੇ ਪੰਜਾਬ ਵਿਚ ਬਗੈਰ ਕਿਸੇ ਵਿਰੋਧਤਾ ਦੇ ਤੁਰੇ ਫਿਰਦੇ ਹਨ ਤੇ ਇਹਨਾਂ ਨੂੰ ਰੋਕਣ ਵਾਲਾ ਕੋਈ ਨਹੀਂ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਹਕੂਮਤ ਦੀ ਮਸ਼ੀਨਰੀ ਇਹਨਾਂ ਨੂੰ ਨੱਥ ਪਾਉਣ ਵਿਚ ਬਿਲਕੁਲ ਅਸੱਫਲ ਹੈ, ਪਰ ਇਹ ਸਚਾਈ ਹੈ ਕਿ ਪੰਜਾਬ ਨੂੰ ਸੰਨ ਸੰਤਾਲੀ ਵਰਗੀ ਫਿਰਕੂ ਅੱਗ 'ਚ ਭਸਮ ਹੋਣੋਂ ਬਚਾਉਣ ਦੇ ਉਪਰਾਲੇ ਵਜੋਂ, ਹੱਕ ਸੱਚ ਤੇ ਇਨਸਾਫ ਤੇ ਖੜ੍ਹਣ ਵਾਲੀਆਂ ਜਮਹੂਰੀ ਜਥੇਬੰਦੀਆਂ ਨੇ ਪੰਜਾਬ ਵਿਚ ਵੀ ਤੇ ਪੰਜਾਬ ਤੋਂ ਬਾਹਰ ਵੀ ਇਸ ਫਿਰਕੂ ਅੱਗ ਵਿਰੁਧ ਜ਼ੋਰਦਾਰ ਆਵਾਜ਼ ਉਠਾਈ ਹੈ ਤੇ ਉੱਠਾ ਰਹੇ ਹਨ, ਸਾਡੇ ਸਾਧਾਰਨ ਲੋਕ, ਸਾਡੇ ਲੇਖਕ, ਅਧਿਆਪਕ, ਮੁਲਾਜ਼ਮ, ਵਿਦਿਆਰਥੀ, ਪੇਂਡੂ ਜਨਤਾ, ਮਜ਼ਦੂਰ ਇਸ ਵਿਚ ਸਰਗਰਮ ਹਿੱਸਾ ਪਾ ਰਹੇ ਹਨ, ਇਹ

ਇਹਨਾਂ ਦੇ ਯਤਨਾਂ ਦਾ ਨਤੀਜਾ ਹੀ ਕਿਹਾ ਜਾ ਸਕਦਾ ਹੈ ਕਿ ਫਿਰਕੂ ਜਨੂੰਨੀਆਂ ਦੀਆਂ ਲੱਕ ਕੋਸ਼ਸ਼ਾਂ ਦੇ ਬਾਵਜੂਦ ਫਿਰਕੂ ਸਦਭਾਵਨਾ ਦਾ ਵਾਤਾਵਰਨ ਵਿਗੜਣ ਨਹੀਂ ਦਿਤਾ ਗਿਆ। ਨਵਾਂ ਜ਼ਮਾਨਾ, ਲੋਕ ਲਹਿਰ, ਰੋਜ਼ਾਨਾ ਅਖਬਾਰਾਂ ਵਿਚ ਅਤੇ ਜੈਕਾਰਾ, ਸੁਰਖ ਰੇਖਾ, ਕਮਿਊਨਿਸਟ ਵਰਕਰ, ਜ਼ਫਰਨਾਮਾ, ਹਰਿਆਵਲ ਦਸਤਾ ਆਦਿਕ ਪਰਚਿਆਂ ਵਿਚ ਇਸ ਜੰਤਕ ਲਾਮਬੰਦੀ ਦੀਆਂ ਬੜੀਆਂ ਉਤਸ਼ਾਹਜਨਕ ਖਬਰਾਂ ਮਿਲਦੀਆਂ ਹਨ। ਇਹ ਸਾਡੇ ਵਿਸ਼ਵਾਸ਼ ਨੂੰ ਪਕੇਰਿਆਂ ਕਰਦੀਆਂ ਹਨ ਕਿ ਅਸੀਂ ਥੋੜੇ ਨਹੀਂ ਅਤੇ ਅਸੀਂ ਮਿਲਕੇ ਇਸ ਫਿਰਕੂ ਹਨੇਰੀ ਦਾ ਡੱਟਕੇ ਮੁਕਾਬਲਾਂ ਕਰ ਸਕਦੇ ਹਾਂ। ਕੁਝ ਕੁ ਰਿਪੋਰਟਾਂ ਇਥੇ ਸੰਖੇਪ ਵਿਚ ਮਿਸਾਲ ਲਈ ਦਿਤੀਆਂ ਜਾਂਦੀਆਂ ਹਨ। ਇਹਨਾਂ ਦੀ ਇਤਲਾਹ ਸਾਨੂੰ ਡਾਕ ਵਿਚ ਪੁੱਜੀ ਹੈ।

1. ਡੈਮੋਕਰੇਟਿਕ ਪੀਪਲਜ਼ ਫਰੰਟ ਤਲਵਾੜਾ ਜਿਹੜਾ ਫਿਰਕਾਪ੍ਰਸਤੀ ਵਿਰੁਧ ਇਕ ਧਰਮ ਨਿਰਪੱਖ ਅਤੇ ਜਮਹੂਰੀ ਮੰਚ ਹੈ, ਉਹਦੀ ਪਹਿਲ ਕਦਮੀ ਵਿਚ 10 ਮੁਲਾਜ਼ਮ, ਲੇਖਕ ਅਤੇ ਵਿਦਿਯਾਰਥੀ ਜਥੇਬੰਦੀਆਂ ਨੇ ਰੱਲਕੇ 8ਅਪ੍ਰੈਲ ਤਲਵਾੜਾ ਤੋਂ ਹਾਜੀਪੁਰ ਤਕ ਵਿਸ਼ਾਲ 'ਅਮਨ ਮਾਰਚ' ਕੀਤਾ। ਮਾਰਚ ਦਾ ਰੂਟ 25 ਕਿਲੋਮੀਟਰ ਸੀ, ਜੋ ਜੋਸ਼ ਇਸ ਮਾਰਚ ਵਿਚ ਵੇਖਣ ਵਿਚ ਆਇਆ ਤੇ ਜਿਸ ਵਡੇ ਪੈਮਾਨੇ ਤੇ ਲੋਕਾਂ ਨੇ ਇਸ ਵਿਚ ਸ਼ਮੂਲੀਅਤ ਕੀਤੀ ਉਹ ਇਸ ਗੱਲ ਦੀ ਜ਼ਾਮਨੀ ਸੀ ਕਿ ਫਿਰਕਾਪ੍ਰਸਤ ਕਦੀ ਵੀ ਅਪਣੇ ਨਾਪਾਕ ਇਰਾਦਿਆਂ ਵਿਚ ਇਸ ਇਲਾਕੇ 'ਚ ਸਫਲ ਨਹੀਂ ਹੋ ਸਕਦੇ।

2, 7 ਅਪ੍ਰੈਲ ਕੂਹਲੀ (ਲੁਧਿਆਣਾ) ਵਿਖੇ ਇਕ ਵਿਸ਼ਾਲ ਹਾਜ਼ਰੀ ਵਿਚ ਪੇਡੂੰ ਲੋਕਾਂ ਨੇ ਫਿਰਕਾਪ੍ਰਸਤੀ ਵਿਰੁਧ ਅਪਣਾ ਫਤਵਾ ਦਿਤਾ। ਇਕ ਰੇਜ਼ੂਲੇਸ਼ਨ ਵਿਚ ਉਹਨਾਂ ਲੋਕਾਂ ਦੀ ਕਰੜੇ ਸ਼ਬਦਾ ਵਿਚ ਨਿਖੇਧੀ ਕੀਤੀ ਜੋ ਧਰਮ ਦੇ ਨਾਂ ਥਲੇ ਮਾਸੂਮ ਲੋਕਾਂ ਦਾ ਕਤਲ ਕਰ ਰਹੇ ਹਨ।

3. ਫਿਰਕਾਪ੍ਰਸਤੀ ਦੇ ਖਿਲਾਫ ਪ੍ਰਚਾਰ ਮੁਹਿੰਮ ਜਥੇਬੰਦ ਕਰਦਿਆਂ ਮੋਲਡਰ ਤੇ ਸਟੀਲ ਵਰਕਰਜ਼ ਯੂਨਿਅਨ ਦੇ ਆਗੂਆਂ ਨੇ ਅੱਨ੍ਹਾਂ ਪੁੱਲਸ ਜਬਰ ਆਪਣੇ ਉਤੇ ਸਿਹਾ ਜੋ ਇਹ ਸਾਬਤ ਕਰਦਾ ਹੈ ਕਿ ਸਰਕਾਰੀ ਮਸ਼ੀਨਰੀ ਕਿਸਤਰ੍ਹਾਂ ਫਿਰਕਾ ਪ੍ਰਸਤਾਂ ਨਾਲ ਘਿਓ ਖਿਚੜੀ ਹੈ ਪਰ ਨਾਲ ਇਹ ਵੀ ਸਾਬਤ ਕਰਦਾ ਹੈ ਕਿ ਸਿਧਾਂਤ ਨਾਲ ਲੈਸ ਕਾਰਕੁਨ ਹਰ ਮੁਸ਼ਕਲ ਦੇ ਹੁੰਦਿਆ ਵੀ ਆਪਣੇ ਇਰਾਦੇ ਤੇ ਪੱਕੇ ਰਹਿੰਦੇ ਹਨ। ਯੂਨੀਅਨ ਵਲੋਂ ਪਹਿਲੀ ਮਈ ਦਾ ਮਜ਼ਦੂਰ ਦਿਹਾੜਾ ਫ੍ਰਿਕਾਪ੍ਰਸਤੀ ਵਿਰੁਧ ਮੁਹਿੰਮ ਤੌਰ ਤੇ ਮਨਾਇਆ ਜਾ ਰਿਹਾ ਹੈ ਤਾਂ ਜੋ ਸਰਮਾਏਦਾਰਾਂ ਦੇ ਇਹਨਾਂ ਏਜੰਟਾਂ ਦੀ ਮਜ਼ਦੂਰਾਂ ਵਿਚ ਫੁੱਟ ਪਾਉਣ ਦੀ ਚਾਲ ਨੂੰ ਨੰਗਿਆ ਕੀਤਾ ਜਾਏ।

4. 5 ਵਿਅਆਰਥੀ ਜਥੇਬੰਦੀਆ ਜਿਨ੍ਹਾਂ ਵਿਚ A.I.S..F, SFI ਤੇ PSU ਦੀਆਂ ਤਿਨ ਜਥੇਬੰਦੀਆਂ ਸ਼ਾਮਲ ਹਨ, ਮਿਲਕੇ ਸਿੱਖ ਸਟੂਡੈਂਟ ਫੈਡਰੇਸ਼ਨ ਦੀਆਂ ਫਿਰਕੂ ਨੀਤੀਆਂ ਦੀ ਸਰਗਰਮ ਵਿਰੋਧਤਾ ਦਾ ਬੀੜਾ ਚੁਕਿਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਮੈਂਬਰਸਿਪ ਰਖਣ ਵਾਲੀਆਂ ਇਹਨਾਂ ਯੂਨਿਅਨਾਂ ਨੇ ਮੰਗ ਕੀਤੀ ਹੈ ਕਿ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਇਮਤਿਹਾਨ ਸਮੇਂ ਸਿਰ ਕੀਤੇ ਜਾਣ। ਉਹਨਾਂ ਨੇ ਅਧਿਕਾਰੀਆਂ ਦੀ ਇਸ ਗਲ ਤੇ ਨਿਖੇਧੀ ਕੀਤੀ ਹੈ ਕਿ ਸਿਖ ਸਟੂਡੈਂਟ ਫੈਡਰੇਸ਼ਨ ਦੀਆਂ ਗਿੱਦੜ ਭੱਬਕੀਆਂ ਤੋਂ ਡਰਕੇ ਇਮਤਿਹਾਨਾਂ ਦੀ ਜ਼ਿਮੇਂ ਵਾਰੀ ਲੈਣ ਤੋਂ ਇਨਕਾਰ ਕਰ ਦਿਤਾ ਹੈ। ਉਹਨਾਂ ਨੇ ਮੰਗ ਕੀਤੀ ਹੈ ਕਿ ਇਹ ਅਧਿਕਾਰੀ ਜੇਕਰ ਆਪਣੇ ਫਰਜ਼ ਨਹੀਂ ਨਿਭਾ ਸਕਦੇ ਤਾਂ ਆਪਣੇ ਅਹੁਦਿਆਂ ਤੋਂ ਮੁਸਤੱਫੀ ਹੋ ਜਾਣ। ਇਹਨਾਂ ਦਾ ਕੋਈ ਹੱਕ ਨਹੀਂ ਕਿ ਉਹ ਵਿਦਿਆਰਥੀਆਂ ਦੀ ਕਿਸਮਤ ਨਾਲ ਇਸਤਰ੍ਹਾਂ ਖੇਡਣ।

5. ਅੰਮ੍ਰਿਤਸਰ ਨਾਟਕ ਕਲਾ ਕੇਂਦਰ ਜੋ ਪਲਸ ਮੰਚ ਦੀ ਇਕ ਇਕਾਈ ਹੈ, ਉਹਦੇ ਵਲੋਂ 26 ਫਰਵਰੀ ਤੋਂ ਲੈ ਕੇ 16 ਅਪ੍ਰੈਲ ਤਕ ਵੱਖ ਵੱਖ ਜਨਤਕ ਜਥੇਬੰਦੀਆਂ ਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਸੱਦੇ ਤੇ 40 ਥਾਂ ਫਿਰਕਾ-ਪ੍ਰਸਤੀ ਵਿਰੁੱਧ ਨਾਟਕ ਕੀਤੇ ਗਏ। 40,000 ਤੋਂ ਵੱਧ ਦਰਸ਼ਕਾਂ ਨੇ ਇਹਨਾਂ ਸਮਾਗਮਾਂ ਵਿਚ ਸ਼ਮੂਲੀਅਤ ਕੀਤੀ।

6. 21 ਅਪ੍ਰੈਲ ਸਾਥੀ ਸੁਖਰਾਜ ਖੱਦਰ ਦੇ ਸ਼ਹਾਦਤ ਦੇ ਸਮਾਗਮ ਵਿਚ ਸ਼ਾਮਿਲ ਹੋਏ ਹਜ਼ਾਰਾਂ ਕਮਿਊਨਿਸਟ ਇਨਕਲਾਬੀਆਂ ਨੇ, ਜੋ ਵੱਖ ਵਖ ਜਥੇਬੰਦੀਆਂ ਨਾਲ ਸੰਬੰਧਤ ਸਨ, ਇਹ ਇਰਾਦਾ ਜ਼ਾਹਰ ਕੀਤਾ ਕਿ ਫਿਰਕਾਪ੍ਰਸਤਾਂ ਦੀ ਤਾਕਤ ਦਾ ਜਵਾਬ ਤਾਕਤ ਨਾਲ ਦਿੱਤਾ ਜਾਏਗਾ। ਕਾਤਲ ਸੁੱਕੇ ਬਚਕੇ ਨਹੀਂ ਜਾਣ ਦਿਤੇ ਜਾਣਗੇ! ਇਹਦੇ ਲਈ ਗੁਰੀਲਾ ਸੁਕੈਡ ਬਣਾ ਲਏ ਗਏ ਹਨ।

7. ਕੈਨੇਡਾ ਵਿਚ 11 ਮਾਰਚ ਵੈਨਕੂਵਰ ਸੱਥ ਵਲੋਂ ਫਿਰਕਾਪ੍ਰਸਤੀ ਵਿਰੁਧ ਸਾਹਿਤਕ ਅਤੇ ਸਭਿਆਚਾਰਕ ਪ੍ਰੋਗਰਾਮ ਕੀਤਾ ਗਿਆ। ਹਿੰਦੁਸਤਾਨ ਵਿਚ ਇਨਕਲਾਬੀ ਤਬਦੀਲੀਆਂ ਵੇਖਣ ਦੀ ਚਾਹਵਾਨ ਇਹ ਲੇਖਕਾਂ, ਕਲਾਕਾਰਾਂ ਤੇ ਬੁਧੀਜੀਵਾਂ ਦੀ ਸੰਸਥਾ ਨੇ ਆਪਣੇ ਨਾਟਕਾਂ ਵਿਚ ਫਿਰਕੂ ਜਨੂੰਨੀਆਂ ਦਾ ਜ਼ੋਰਦਾਰ ਖੰਡਨ ਕੀਤਾ। ਬੜੀ ਵਡੀ ਹਾਜ਼ਰੀ ਵਿਚ ਸੁਮੀਤ ਸਿੰਘ ਐਡੀਟਰ ਪ੍ਰੀਤ-ਲੜੀ ਦੇ ਕਤਲ ਦੇ ਜ਼ਿਮੇਵਾਰ ਫਿਰਕੂ ਜਨੂੰਨੀਆਂ ਨੂੰ ਨਖੇਧਿਆ ਗਿਆ ਅਤੇ ਕੈਨੇਡਾ ਵਿਚ ਉਹਨਾਂ ਦੇ ਹਾਮੀਆਂ ਨੂੰ ਮੂੰਹ ਨਾ ਲਗਾਉਣ ਦੀ ਲੋਕਾਂ ਅੱਗੇ ਅਪੀਲ ਕੀਤੀ ਗਈ।

8. 23 ਮਾਰਚ ਦੇ ਸ਼ਹੀਦਾਂ ਦੀ ਯਾਦ ਵਿਚ ਕੀਤੇ ਗਏ ਇਕ ਸਮਾਗਮ ਵਿਚ ਕੈਨੇਡਾ ਹੀ IPANA ਸੰਸਥਾ ਨੇ ਇਕ ਰੈਜ਼ੂਲੇਸ਼ਨ ਵਿਚ ਇਹ ਅੰਕਤ ਕੀਤਾ ਕਿ ਕਿਸ ਤਰ੍ਹਾਂ ਇਕ ਪਾਸੇ ਫਿਰਕੂ ਜਨੂੰਨੀ ਤੇ ਦੂਜੇ ਪਾਸੇ ਇੰਦਰਾ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਮਲੀਆਂ ਮੇਟ ਕਰ ਰਹੇ ਹਨ। ਇਸ ਸਮਾਗਮ ਵਿਚ 'ਸ਼ਹੀਦ ਦੀ ਵਾਪਸੀ' ਅੰਤੇ ਜੰਗੀਰੂ ਲੰਬੜ ਦੇ ਨਾਟਕ ਬੜੀ ਸਫਲਤਾ ਨਾਲ ਕੀਤੇ ਗਏ।

9. ਕੈਨੇਡਾ ਦੀ ਹੀ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਜਿਸ ਵਿੱਚ ਵਡੀ ਗਿਣਤੀ ਵਿਚ ਕੈਨੇਡਾ 'ਚ ਵਸਦੇ ਪੰਜਾਬ ਲੇਖਕ ਸ਼ਾਮਲ ਹਨ, ਸੁਮੀਤ ਸਿੰਘ ਐਡੀਟਰ ਪ੍ਰੀਤਲੜੀ ਦੇ ਕਤਲ ਨੂੰ ਨਿਖਿਧਿਆ ਅਤੇ ਇਹ ਗੱਲ ਕਹੀ ਕਿ ਇਸ ਕੱਤਲ ਨੇ ਤੇ ਪੰਜਾਬ ਵਿਚ ਹੋ ਰਹੇ ਹੋਰ ਮਾਸੂਮਾਂ ਕਤਲ ਨੇ ਪੰਜਾਬੀਆਂ ਨੂੰ ਦੁਨੀਯਾ ਪਰ ਵਿਚ ਸ਼ਰਮਸਾਰ ਕੀਤਾ ਹੈ।

ਲੋੜ ਹੈ ਕਿ ਇਸ ਮੁਹਿੰਮ ਨੂੰ ਮੁੱਢਲੇ ਪੜਾਵਾਂ ਤੋਂ ਉਤੇ ਚੁੱਕਕੇ ਇਕ ਜ਼ੋਰਦਾਰ ਖਾੜਕੂ ਮੁਹਿੰਮ ਵਿਚ ਤਬਦੀਲ ਕਰੀਏ ਤਾਂ ਜੋ ਇਹਨਾਂ ਜਨੂੰਨੀਆਂ ਨੂੰ ਨੱਥ ਪਾਈ ਜਾ ਸਕੇ।

## 3. ਕਿਸਾਨੀ ਉਭਾਰ :

ਸਰਕਾਰ ਦੀਆਂ ਦੀਵਾਲੀਆਂ ਨੀਤੀਆਂ ਦੇ ਵਿਰੁਧ, ਬਸ ਕਿਰਾਯਾ ਘੋਲ ਤੋਂ ਬਾਅੰਦ ਇਹਨਾਂ ਸਾਲਾਂ ਵਿਚ ਕਿਸਾਨੀ ਦਾ ਘੋਲ ਲੋਕਾਂ ਵਲੋਂ ਆਪਣੇ ਹੱਕਾਂ ਦੀ ਰਾਖੀ ਲਈ ਛਿੜਿਆ ਇਹ ਅਹਿਮ ਘੋਲ ਹੈ। ਪੰਜਾਬ ਵਿਚ ਭਾਰਤੀ ਕਿਸਾਨ ਯੂਨੀਅਨ ਅਤੇ ਕਿਰਤੀ ਕਿਸਾਨ ਯੂਨੀ-ਯਨ ਨੇ ਇਸ ਨੂੰ ਮੁੱਖ ਰੂਪ ਵਿਚ ਅਰੰਭਿਆ ਹੈ। ਬਿਜਲੀ ਦੇ ਬਿਲਾਂ ਦੇ ਬਾਈਕਾਟ ਤੋਂ ਸ਼ੁਰੂ ਕਰਕੇ ਕਿਸਾਨਾਂ ਦੀਆਂ ਜਿਨਸਾਂ ਦੇ ਵਾਜਬ ਭਾਅ ਤਕ ਕਿਸਾਨਾਂ ਦੀ ਸਾਰੀਆਂ ਮੰਗਾਂ ਨੂੰ ਇਸ ਘੋਲ ਵਿਚ ਲਿਆ ਗਿਆ ਹੈ। 9 ਮਾਰਚ ਕਿਰਤੀ ਕਿਸਾਨ ਯੂਨੀਅਨ ਜਿਹੜੀ ਕਿ ਸੀ. ਪੀ. ਆਈ (ਐਮ. ਐਲ.) ਦੀ ਸਿਆਸਤ ਨਾਲ ਲੈਸ ਹੈ, ਵਲੋਂ ਚੰਡੀਗੜ੍ਹ ਵਿਚ ਵਿਸ਼ਾਲ ਪੱਧਰ ਤੇ ਕਿਸਾਨਾਂ ਦਾ ਇਕ ਵਿਖਾਵਾ ਜਥੇਬੰਦ ਕੀਤਾ. ਫੇਰ 12 ਮਾਰਚ ਤੋਂ 16 ਮਾਰਚ ਕਿਸਾਨਾਂ ਨੇ ਭਾਰਤੀ ਕਿਸਾਨ ਯੂਨੀਅਨ ਗਵਰਨਰ ਜਾਂ ਕਹਿ ਲਵੋ ਚੰਡੀਗੜ੍ਹ ਦਾ ਘੇਰਾਓ ਕੀਤਾ ਜਿਸ ਨੂੰ ਸਾਰੇ ਨੈਸ਼ਨਲ ਪ੍ਰੈਸ ਨੇ ਇਕ ਅਹਿਮ ਥਾਂ ਦਿਤੀ ਹੈ। ਭਾਰਤੀ ਕਿਸਾਨ ਯੂਨੀਅਨ ਦਾ ਦਾਅਵਾ ਹੈ ਕਿ ਉਹ ਸਿਆਸੀ ਨਿਰਪੱਖਤਾ ਵਾਲੀ ਨਿਰੋਲ ਕਿਸਾਨਾਂ ਦੀ ਜਥੇਬੰਦੀ ਹੈ। ਆਉਣ ਵਾਲੇ ਸਮੇਂ ਵਿਚ ਇਸ ਕਿਸਾਨੀ ਘੋਲ ਨੇ ਹੋਰ ਵੀ ਸ਼ਿਦਤ ਨਾਲ ਚਲਣਾ ਹੈ ਅਤੇ ਕਿਉਂਕਿ ਇਹ ਘੋਲ ਫ਼ਿਰਕੂ ਜਨੂੰਨ ਵਿਰੁਧ ਇਕ ਲੋਕ ਘੋਲ ਦਾ ਰੂਪ ਲੈਣ ਦੀ ਸੰਭਾਵਨਾ ਰੱਖਦਾ ਹੈ ਇਸ ਲਈ ਕੁਝ ਸੁਝਾਅ ਇਹਨਾਂ ਘੋਲਾਂ ਦੇ ਆਗੂਆਂ ਲਈ ਪੇਸ਼ ਕੀਤੇ ਜਾਂਦੇ ਹਨ, ਜਿਨ੍ਹਾਂ ਦਾ ਪ੍ਰਗਟਾਵਾ ਸਮਤਾ ਦੇ ਪਾਠਕ ਲੇਖਕ ਫੋਰਮ ਵਿਚ ਵੀ ਹੋਇਆ ਹੈ।

1. ਇਹ ਠੀਕ ਹੈ ਕਿ ਸਰਮਾਏਦਾਰੀ ਆਰਥਕਤਾ ਦੇ ਸਿਸਟਮ ਵਿਚ ਪੇਂਡੂ ਸੈਕਟਰ ਨੇ ਲੁਟਿਆ ਜਾਣਾ ਹੈ ਅਤੇ ਕਿਸਾਨ ਬੁਰੀ ਤਰ੍ਹਾਂ ਲੁੱਟਿਆ ਵੀ ਜਾ ਰਿਹਾ ਹੈ ਪਰ ਇਹਦੇ ਨਾਲ ਇਸ ਸਚਾਈ ਵੱਲ ਵੀ ਧਿਆਨ ਰਖਣਾ ਚਾਹੀਦਾ ਹੈ ਕਿ ਸਾਰੀ ਕਿਸਾਨੀ ਨਹੀਂ ਲੁੱਟੀ ਜਾ ਰਹੀ। ਕਿਸਾਨੀ ਦਾ ਉਤਲਾ ਤਬਕਾ ਸਗੋਂ ਆਪ ਵੀ ਲੁੱਟਣ ਵਾਲੀ ਸ਼੍ਰੇਣੀ ਵਿਚ ਸ਼ਾਮਿਲ ਹੋ ਚੁਕਿਆ ਹੈ। ਇਸ ਲਈ ਸਰਕਾਰ ਕੋਲੋਂ ਆਰਥਿਕ ਰਿਆਇਤਾਂ ਲਈ ਬਹੁਤਾ ਇਸ ਗੱਲ ਤੇ ਜ਼ੋਰ ਹੋਵੇ ਕਿ ਇਹ ਰਿਆਇਤਾਂ ਦਰਮਿਆਨੀ ਅਤੇ ਛੋਟੀ ਕਿਸਾਨੀ ਦਾ ਬਹੁਤਾ ਫਾਇਦਾ ਕਰਨ ਤੇ ਮੰਗਾਂ ਦਾ ਚਾਰਟਰ ਇਸ ਉਦੇਸ਼ ਨਾਲ ਉਲੀਕਿਆ ਜਾਏ।

2. ਖੇਤ ਮਜ਼ਦੂਰ ਖੇਤੀ ਦੀ ਆਰਥਕਤਾ ਦਾ ਵਿਸ਼ੇਸ਼ ਅਤੇ ਜ਼ਰੂਰੀ ਅੰਗ ਹਨ। ਜਿਨਸਾਂ ਦਾ ਵਧ ਭਾਅ ਮੰਗਣ ਲਗਿਆਂ ਇਹ ਵੀ ਧਿਆਨ ਰਖਿਆ ਜਾਏ ਕਿ ਖੇਤ ਮਜ਼ਦੂਰ ਦਾ ਹਿੱਸਾ ਜਾਂ ਦਿਹਾੜੀ ਵੀ ਉਸੇ ਹਿਸਾਬ ਨਾਲ ਵਧਾਈ ਜਾਏ। 1967 ਦੇ ਅੰਕੜਿਆਂ ਅਨੁਸਾਰ ਜੇਕਰ ਕਣਕ ਦਾ ਭਾਅ '225/- ਕਵਿੰਟਲ ਹੋਣਾ ਚਾਹੀਦਾ ਹੈ ਤਾਂ ਖੇਤ ਮਜ਼ਦੂਰ ਦੀ ਦਿਹਾੜੀ ਵੀ 23/- ਹੋਣੀ ਚਾਹੀਦੀ ਹੈ। ਕਿਸਾਨੀ ਅੰਦੋਲਨ ਵਿਚ ਹਰ ਯਤਨ ਕੀਤਾ ਜਾਏ ਕਿ ਖੇਤ ਮਜ਼ਦੂਰ ਦੀ ਵਾਜਬ ਦਿਹਾੜੀ ਦੀ ਮੰਗ ਪਹਿਲੀਆਂ ਕੁਝ ਮੰਗਾਂ ਵਿਚ ਸ਼ਾਮਲ ਕੀਤੀ ਜਾਏ।

3. ਸ਼ਹਿਰੀ ਅਤੇ ਪੇਂਡੂ ਸੈਕਟਰ ਵਿਚ ਵਿਤਕਰੇ ਖਤਮ ਕਰਨ ਲਈ ਕਿਸਾਨ ਅੰਦੋਲਨ ਦੀ ਇਹ ਮੰਗ ਹੋਣੀ ਚਾਹੀਦੀ ਹੈ ਕਿ ਸਾਰੀਆਂ ਵਿਕਾਸ ਦੀਆਂ ਸਕੀਮਾਂ ਵਿਚ ਪਹਿਲ ਪੇਂਡੂ ਵਿਕਾਸ ਨੂੰ ਦਿੱਤੀ ਜਾਏ ਤੇ ਬਜਟ ਦਾ ਬਹੁਤਾ ਹਿੱਸਾ ਪੇਂਡੂ ਵਿਕਾਸ 'ਚ ਲਗਾਇਆ ਜਾਏ। ਅਗੋਂ ਪੇਂਡੂ ਵਿਕਾਸ ਦੀਆਂ ਸਕੀਮਾਂ ਵਿਚ ਪਹਿਲ ਇਸ ਗੱਲ ਤੇ ਦਿੱਤੀ ਜਾਏ ਕਿ ਪੇਂਡੂ ਗਰੀਬ (ਜਿਸ ਵਿਚ ਖੇਤ ਮਜ਼ਦੂਰ ਅਤੇ ਗਰੀਬ ਕਿਸਾਨ ਦੋਨੋਂ ਆਉਂਦੇ ਹਨ) ਦੇ ਜੀਵਨ ਪੱਧਰ ਨੂੰ ਉਚਿਆਂ ਚੁਕਿਆ ਜਾਏ। ਚੰਗੇ ਘਰ, ਸਕੂਲ, ਪਾਰਕ, ਹਸਪਤਾਲ, ਪੀਣ ਦੇ ਚੰਗੇ ਪਾਣੀ ਦੀ ਸਹੂਲਤ, ਮਨਪ੍ਰਚਾਵੇ ਦੇ ਚੰਗੇ ਸਾਧਨ ਆਦਿਕ ਮੁੱਖ ਮੰਗਾਂ ਹੋਣੀਆਂ ਚਾਹੀਦੀਆਂ ਹਨ।

ਇਹਨਾਂ-ਅੰਦੋਲਨਾਂ ਵਿਚ ਜਮਹੂਰੀ ਲਹਿਰ ਦਾ ਵਧ ਤੋਂ ਵਧ ਹਿੱਸਾ ਲੈਣਾ ਬਣਦਾ ਹੈ।

ਗੁਰਸ਼ਰਨ ਸਿੰਘ

# ਧਰਮ, ਰੱਬ ਅਤੇ ਨਾਸਤਿਕਤਾ ਦੇ ਸੁਆਲ ਬਾਰੇ ਸਾਡਾ ਦ੍ਰਿਸ਼ਟੀਕੋਣ

—ਅਜਾਇਬ ਸਿੰਘ (ਕਮਿਊਨਿਸਟ ਯੂਥ ਲੀਗ)

ਅੱਜ ਅਸੀਂ ਅਜਿਹੇ ਮਹੌਲ ਚੋਂ ਦੀ ਗੁਜ਼ਰ ਰਹੇ ਹਾਂ ਜਿੱਥੇ ਤਿੱਖੇ ਹੋਏ ਸੰਸਾਰ ਸਾਮਰਾਜੀ ਪ੍ਰਬੰਧ ਦੇ ਸੰਕਟ ਦੇ ਪ੍ਰਸੰਗ 'ਚ ਸਿੱਖ ਜਨੂੰਨੀ ਖਾਲਸਤਾਨੀਏ, ਬੱਬਰ ਖਾਲਸਾ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਹਿੰਦੂ ਜਨੂੰਨੀ ਲੋਕਾਂ ਲਈ ਧਰਮ ਰੂਪੀ 'ਅਫ਼ੀਮ' ਦੇ ਗੱਫੇ ਵਰਤਾਅ ਰਹੇ ਹਨ ਅਤੇ ਦਿਨੋਂ ਦਿਨ 'ਕਮਿਊਨਿਸਟ ਨਾਸ਼ਕ' ਦਵਾਈ ਦਾ 'ਰੂਹਾਨੀ' ਛਿੜਕਾਅ ਤੇਜ਼ ਕਰ ਰਹੇ ਹਨ। ਭਾਰਤੀ ਵੱਡੀ ਅਜਾਰੇਦਾਰ ਸਰਮਾਏਦਾਰੀ ਅਤੇ ਨਵ-ਜਨਮੀ ਪੇਂਡੂ ਸਰਮਾਏਦਾਰੀ ਦੇ ਤਿੱਖੇ ਹੋਏ ਜਮਾਤੀ ਟਕਰਾਅ ਸਦਕਾ ਅਕਾਲੀ ਦਲ ਵਲੋਂ ਆਪਣੇ ਆਰਥਿਕ ਸਿਆਸੀ ਹਿੱਤਾਂ ਦੀ ਪੂਰਤੀ ਹਿੱਤ ਚਲਾਏ ਜਾ ਰਹੇ ਅੰਦੋਲਨ ਨੂੰ ਵੀ ਜਿਥੇ 'ਧਰਮ ਯੁੱਧ' ਦਾ ਫੱਟਾ ਲਾਇਆ ਜਾ ਰਿਹਾ ਹੈ, ਉਥੇ ਦੂਸਰੇ ਪਾਸੇ ਤਰ੍ਹਾਂ ਤਰ੍ਹਾਂ ਦੇ ਹਿੰਦੂ ਜਨੂੰਨੀ ਵੀ ਹਿੰਦੂ ਸੁਰੱਖਿਆ ਸੰਮਤੀ ਵਰਗੇ ਜੁਗਾੜ ਰਾਹੀਂ ਬੰਦ ਦੇ ਮੁਕਾਬਲੇ ਤੇ ਬੰਦ ਤੇ ਇਸੇ ਤਰ੍ਹਾਂ ਪਵਿੱਤਰ ਯਾਤਰਾਵਾਂ ਦੇ ਆਡੰਬਰ ਰਚਕੇ ਧਾਰਮਿਕ ਮੁੜ ਸੁਰਜੀਤੀ ਦੀ ਗੱਡੀ ਦੇ ਰਥਵਾਨ ਬਣਨ ਲਈ ਤਾਬੜ ਤੋੜ ਯਤਨ ਕਰ ਰਹੇ ਹਨ। ਸਾਮਰਾਜ ਦੀ ਛਤਰਛਾਇਆ ਹੇਠ ਭਾਰਤ ਅੰਦਰ ਹੋਏ ਸਰਮਾਏਦਾਰਾਨਾ ਵਿਕਾਸ ਕਰਕੇ ਧਰਮ ਦੇ ਸਮਾਜੀ ਅਧਾਰ ਨੂੰ ਪਏ ਕੁਝ ਖੋਰੇ ਦੇ ਸਿੱਟੇ ਵਜੋਂ ਧਾਰਮਿਕ ਮੁੜ ਸੁਰਜੀਤੀ ਦੀਆਂ ਤਾਕਤਾਂ ਤੇ ਸਾਮਰਾਜ ਦੇ ਇਸ ਵਰਤਾਰੇ ਦੇ ਸਿੱਟੇ ਵਜੋਂ ਉੱਭਰ ਚੁੱਕੀਆਂ ਨਵੀਆਂ ਜਮਾਤੀ ਸਿਆਸੀ ਤਾਕਤਾਂ ਆਪਣੇ ਜਮਾਤੀ ਹਿੱਤਾਂ ਦੀ ਪੂਰਤੀ ਹਿੱਤ ਇਕ ਦੂਜੇ ਨੂੰ ਢਾਹ ਲਾਉਣ ਤੋਂ ਇਲਾਵਾ ਇਹ ਸਿਲਸਿਲਾ ਮਿਹਨਤਕਸ਼ ਲੋਕਾਂ ਦੀ ਜਮਾਤੀ ਚੇਤੰਨਤਾ ਨੂੰ ਖੁੰਢਾ ਕਰਨ ਵਲ ਵੀ ਸੇਧਤ ਹੈ। ਸੋ ਸੰਸਾਰ ਪੱਧਰ ਤੇ ਤਿੱਖੇ ਹੋ ਰਹੇ ਜਮਾਤੀ ਵਿਰੋਧਾਂ ਦੇ ਸਿੱਟੇ ਵਜੋਂ ਪੈਦਾ ਹੋ ਰਹੀਆਂ ਸ਼ਾਨਦਾਰ ਇਨਕਲਾਬੀ ਹਾਲਤਾਂ ਦਾ ਮੁਹਾਣ ਪ੍ਰੋਲੇਤਾਰੀ ਤੇ ਹੋਰਨਾਂ ਕਿਰਤੀ ਲੋਕਾਂ ਦੇ ਹੱਕ 'ਚ ਤਬਦੀਲ ਕਰਨ ਲਈ ਅਜੋਕਾ ਸਮਾਂ ਹਰ ਇਕ ਜਮਾਤੀ ਚੇਤੰਨ ਵਿਅਕਤੀ ਤੇ ਜਥੇਬੰਦੀ ਤੋਂ ਫੌਰੀ ਧਿਆਨ ਤੇ ਡੂੰਘੀ ਸੋਚ ਵਿਚਾਰ ਦੀ ਮੰਗ ਕਰਦਾ ਹੈ ਤਾਂ ਕਿ ਹਾਕਮ ਜਮਾਤਾਂ ਦੀਆਂ ਇਸ ਲੋਕ ਦੋਖੀ ਨਿਜ਼ਾਮ ਨੂੰ ਕਾਇਮ ਰੱਖਣ ਲਈ ਧਰਮ ਨੂੰ ਇਕ ਤਾਕਤਵਰ ਹਥਿਆਰ ਤੇ ਭੁੱਖੇ ਲੋਕਾਂ ਨੂੰ ਨੀਂਦ ਦੀਆਂ ਗੋਲੀਆਂ ਦੇ ਤੌਰ ਤੇ ਵਰਤਣ ਅਤੇ ਇਸ ਰਾਹੀਂ ਕਿਰਤੀ ਲੋਕਾਂ ਦੇ ਖਾੜਕੂ ਰੌਂਅ ਨੂੰ ਨਿਪੁੰਸਕ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਨਾਕਾਮ ਬਣਾਇਆ ਜਾ ਸਕੇ ਤੇ ਜਮਾਤੀ ਜਦੋ ਜਹਿਦ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਸਕੇ।

ਜਿਥੇ ਧਾਰਮਿਕ ਮੁੜ ਸੁਰਜੀਤੀ ਦੇ ਫੌਰੀ ਕਾਰਨਾਂ ਦੇ ਤੌਰ ਤੇ ਮੌਜੂਦਾ ਸਾਮਰਾਜੀ ਪ੍ਰਬੰਧ ਦੀਆਂ ਵੱਖ-੨ ਜਮਾਤੀ ਤਾਕਤਾਂ (ਕੌਮਾਂਤਰੀ ਤੇ ਕੌਮੀ ਪੱਧਰ ਤੇ) ਦੇ ਆਪਸੀ ਸੰਬੰਧਾਂ ਤੇ ਅੰਤਰ ਕਿਰਿਆਵਾਂ ਨੂੰ ਸਮਝਣਾ ਜ਼ਰੂਰੀ ਹੈ ਉਥੇ ਧਰਮ ਦੇ ਇਤਿਹਾਸਕ ਪਿਛੋਕੜ, ਪਦਾਰਥਕ ਅਧਾਰ, ਸਮਾਜਿਕ ਜੜ੍ਹਾਂ ਤੇ ਸਿਧਾਂਤਕ ਅਧਾਰ ਨੂੰ ਸਮਝੇ ਬਿਨਾਂ ਨਾ ਹੀ ਇਸ ਵਿਰੁਧ ਪ੍ਰੋਲੇਤਾਰੀ ਪੈਂਤੜੇ ਤੋਂ ਦਰੁੱਸਤ ਵਿਚਾਰਧਾਰਕ ਲੜਾਈ ਦਿੱਤੀ ਜਾ ਸਕਦੀ ਹੈ। ਇਥੇ ਅਸੀਂ ਧਰਮ ਸੰਬੰਧੀ ਮਗਰਲੇ ਨੁਕਤਿਆਂ ਨੂੰ ਹੀ ਸੰਬੋਧਿਤ ਹੋ ਰਹੇ ਹਾਂ। "ਧਰਮ ਲੁਟੇਰੀਆਂ ਜਮਾਤਾਂ ਦੇ ਹੱਥ 'ਚ ਮਿਹਨਤੀ ਜਮਾਤਾਂ ਦੇ ਮਨਾਂ 'ਚ ਗੁਲਾਮਾਨਾਂ ਜ਼ਹਿਨੀਅਤ ਭਰਕੇ ਉਨ੍ਹਾਂ ਨੂੰ ਨਿਮਾਣੇ ਤੇ ਨਿਤਾਣੇ ਬਣਾਉਣ ਦਾ ਜ਼ਬਰਦਸਤ ਹਥਿਆਰ ਹੈ।"

ਭਾਵੇਂ ਪਿਛਲੇ ਜਮਾਤੀ ਸਮਾਜਾਂ 'ਚ ਅਜਿਹੇ ਸਮੇਂ ਵੀ ਆਉਂਦੇ ਰਹੇ ਹਨ ਜਦੋਂ ਧਰਮ ਜਮਾਤੀ ਜੰਗਾਂ ਦੇ ਰੂਪ 'ਚ ਅਗਾਂਹ ਵਧੂ ਰੋਲ ਵੀ ਨਿਭਾਉਂਦਾ ਰਿਹਾ ਹੈ, ਪਰੰਤੂ ਹਰ ਨਵਾਂ ਧਰਮ ਆਪਣੇ ਇਸ ਰੋਲ ਤੋਂ ਬਾਅਦ ਪਿਛਾਂਹ ਖਿੱਚੂ ਖਾਸਾ ਅਖਤਿਆਰ ਕਰ ਜਾਂਦਾ ਰਿਹਾ ਹੈ। ਤੇ ਉਹ ਲੁਟੇਰੀਆਂ ਜਮਾਤਾਂ ਦੇ ਹੱਥਾਂ 'ਚ ਮਿਹਨਤਕਸ਼ ਲੋਕਾਂ ਨੂੰ ਗੁਮਰਾਹ ਕਰਨ ਉਨ੍ਹਾਂ ਨੂੰ ਲੁੱਟਣ ਤੇ ਦਬਾਉਣ ਦਾ ਸੰਦ ਹੀ ਬਣਦਾ ਰਿਹਾ ਹੈ। ਇਸ ਕਰਕੇ ਮਾਰਕਸ ਨੇ ਧਰਮ ਨੂੰ ਲੋਕਾਂ ਲਈ ਅਫੀਮ ਅਤੇ ਲੈਨਿਨ ਨੇ ਇਸ ਨੂੰ ਆਤਮਿਕ ਸ਼ਰਾਬ ਦਾ ਨਾਂ ਦਿੱਤਾ ਹੈ। ਇਕ ਅਜਿਹੀ ਅਫੀਮ ਜੋ ਦੁੱਖਾਂ ਭੁਖਾਂ ਤੇ ਤੰਗੀਆਂ ਤਕਲੀਫਾਂ ਦੇ ਸਤਾਏ ਲੋਕਾਂ ਨੂੰ ਨਸ਼ਿਆਕੇ ਮੁਗਧ ਕਰ ਦਿੰਦੀ ਹੈ ਤੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੀਆਂ ਤਰਸਯੋਗ ਹਾਲਤਾਂ ਪੈਦਾ ਕਰਨ ਵਾਲੇ ਨਿਜ਼ਾਮ ਖ਼ਿਲਾਫ ਲੜਨ ਦੀ ਕੋਈ ਸੋਝੀ ਨਹੀਂ ਰਹਿੰਦੀ। ਇਹੀ ਕਾਰਨ ਹੈ ਕਿ ਇਸ ਦੇ ਗੱਫੇ ਵਰਤਾਉਣ ਵਾਲੇ ਪਾਦਰੀਆਂ, ਭਾਈਆਂ, ਮੁੱਲਾਂ, ਪੰਡਤਾਂ ਨੂੰ ਸਭ ਲੁਟੇਰੇ ਨਿਜ਼ਾਮਾਂ ਨੇ ਸਨਮਾਨਯੋਗ ਥਾਵਾਂ ਬਖਸ਼ੀਆਂ ਹਨ। ਜਿਥੇ ਕਿਤੇ ਵੀ ਮਿਹਨਤੀ ਵਰਗ ਨੇ ਆਪਣੀ ਹੋਣੀ ਦੇ ਮਾਲਕ ਆਪ ਬਣਨ ਦੀ ਕੋਸ਼ਿਸ਼ ਕਰਦਿਆਂ ਲੁਟੇਰਿਆਂ ਖ਼ਿਲਾਫ ਸੰਗਰਾਮ ਦਾ ਝੰਡਾ ਬੁਲੰਦ ਕੀਤਾ ਉਥੇ ਹੀ

ਇਨ੍ਹਾਂ ਧਨੌਂਗਿਆਂ ਨੇ 'ਸ਼ਾਂਤ ਰਹੋ' 'ਜੋ ਕਰਦਾ ਹੈ ਪ੍ਰਮਾਤਮਾ ਕਰਦਾ ਹੈ' 'ਉਹਦੇ ਹੁਕਮ ਬਿਨਾਂ ਪੱਤਾ ਨਹੀਂ ਝੂਲਦਾ' 'ਰੁਖੀ ਮਿਸੀ ਖਾ ਕੇ ਠੰਢਾ ਪਾਣੀ ਪੀ ਵੇਖ ਬਿਗਾਨੀ ਚੋਪੜੀ ਨਾ ਤਰਸਾਈਂ ਜੀ' ਦਾ ਪਾਠ ਪੜ੍ਹਾ ਕੇ ਲੋਕਾਂ ਦੇ ਇਨਕਲਾਬੀ ਰੌਂ ਨੂੰ ਖੁੰਢਾ ਕਰਨ ਦੀ ਕੋਸ਼ਿਸ਼ ਕੀਤੀ। ਥਾਂ ਥਾਂ ਤੇ ਪੈਸੇ ਪਿਛੇ ਝੋਲੀ ਅੱਡੀਂ ਫਿਰਦੇ ਇਨ੍ਹਾਂ ਪਰਜੀਵੀਆਂ ਨੂੰ 'ਮਾਇਆ ਨਾਗਣੀ ਹੈ' ਦੇ ਸ਼ਬਦਮੌਣ ਕਰਦਿਆਂ ਦੇਖਿਆ ਜਾ ਸਕਦਾ ਹੈ। ਪ੍ਰਸਿੱਧ ਗਰੰਥ ਮਨੂੰ ਸਿਮਰਤੀ ਤਾਂ ਸ਼ੂਦਰਾਂ ਨੂੰ ਧਨ ਜੋੜਨ ਦਾ ਅਧਿਕਾਰ ਵੀ ਨਹੀਂ ਦਿੰਦੀ। ਉਸਦਾ ਮੱਤ ਹੈ ਕਿ ਸ਼ੂਦਰਾਂ ਨੂੰ ਬਹੁਤ ਘੱਟ ਮਜ਼ਦੂਰੀ ਮਿਲਣ ਤੇ ਭੁੱਖੇ ਪੇਟ ਰਹਿਣ ਤੇ ਵੀ ਖੁਸ਼ੀ ਖੁਸ਼ੀ ਮਾਲਕ ਦੀ ਸੇਵਾ ਦਾ ਕੰਮ ਕਰਦੇ ਹੀ ਰਹਿਣਾ ਚਾਹੀਦਾ ਹੈ। ਗਾਂਧੀ ਵਰਗੇ ਸਾਮਰਾਜੀ ਚਾਟੜਿਆਂ ਨੇ ਮਜ਼ਦੂਰਾਂ ਨੂੰ ਮਾਲਕਾਂ ਦੇ ਤਰਸ ਤੇ ਜ਼ਿੰਦਗੀ ਬਿਤਾਉਣ, ਤੇ ਉਨ੍ਹਾਂ ਦਾ ਖੂਨ ਬਹਾਉਣ ਵਾਲੇ ਮਾਲਕ ਵਿਰੁੱਧ ਹਥਿਆਰ ਚੁੱਕਣ ਦੀ ਬਜਾਏ ਅਹਿੰਸਾ ਦਾ ਪਾਠ ਪੜ੍ਹਾਇਆ। ਈਸਾ ਮਸੀਹ ਨੇ ਵੀ 'ਬਗਾਵਤ ਨਾ ਕਰੋ, ਮੈਂ ਤੁਹਾਡੇ ਦੁੱਖ ਦੂਰ ਕਰਾਂਗਾ' ਦਾ ਉਪਦੇਸ਼ ਦੇ ਕੇ ਲੋਟੂ ਵਰਗ ਦੀ ਸੇਵਾ ਹੀ ਕੀਤੀ ਸੀ। ਇਸੇ ਤਰ੍ਹਾਂ ਇਸਲਾਮ ਧਰਮ ਦਾ ਬਾਨੀ ਹਜ਼ਰਤ ਮੁਹੰਮਦ ਇਥੋਂ ਤੱਕ ਦਾ ਐਲਾਨ ਕਰਕੇ ਕਿ ਜੇਕਰ ਦਾਸ ਭਜੇਗਾ ਤਾਂ ਮੈਂ ਉਸਦੀ ਮਦਦ ਨਹੀਂ ਕਰਾਂਗਾ। ਸ਼ਰੇਆਮ ਦਾਸ ਪ੍ਰਥਾ ਦਾ ਹਾਮੀ ਹੋ ਨਿਬੜਿਆ ਸੀ। ਇਲਾਕਾ ਪੱਧਰਾਂ ਦੇ ਵੱਖ ਵੱਖ ਧਰਮਾਂ ਤੋਂ ਇਲਾਵਾ ਦੁਨੀਆਂ ਪੱਧਰ ਦੇ ਤਿੰਨਾਂ ਵੱਡੇ ਧਰਮਾਂ—ਬੁੱਧ ਮੱਤ, ਇਸਲਾਮ ਅਤੇ ਇਸਾਈ ਦਾ ਤੱਤ ਲੁਟੇਰੀਆਂ ਜਮਾਤਾਂ ਦੀ ਸੇਵਾ ਕਰਨਾ ਰਿਹਾ ਹੈ, ਤੇ ਹੈ। ਸੁਆਲ ਉਠਦਾ ਹੈ ਕਿ ਧਰਮ ਦੇ ਠੇਕੇਦਾਰਾਂ ਵੱਲੋਂ ਜੇਕਰ ਲੁਟੇਰਿਆਂ ਵੱਲੋਂ ਮਿਹਨਤੀ ਲੋਕਾਂ ਉੱਪਰ ਚਲਾਏ ਜਾਂਦੇ ਲੁੱਟ ਦੇ ਅਮਲ ਤੇ ਜਬਰ ਦੇ ਦੌਰ ਨੂੰ ਕਰਮਾਂ ਤੇ ਕਿਸਮਤ ਦਾ ਫਲ ਕਿਹਾ ਜਾਂਦਾ ਹੈ ਤਾਂ ਮਜ਼ਦੂਰਾਂ ਅਤੇ ਹੋਰਨਾਂ ਕਿਰਤੀ ਲੋਕਾਂ ਵਲੋਂ ਮੋੜਵੇਂ ਪ੍ਰਤੀਕਰਮ ਵਜੋਂ ਕੀਤੀ ਹੱਕੀ ਬਗਾਵਤ ਤੇ ਹਥਿਆਰਬੰਦ ਇਨਕਲਾਬੀ ਘੋਲਾਂ ਨੂੰ 'ਰਚਣਹਾਰੇ' ਦੀ 'ਲਿਖਤਕਾਰ' ਕਹਿਣੋਂ ਇਨ੍ਹਾਂ ਦੀ ਜ਼ਬਾਨ ਕਿਵੇਂ ਰੁਕ ਜਾਂਦੀ ਹੈ? ਰਾਸ਼ੀਫਲ ਰਾਹੀਂ ਸਾਡੇ 'ਭਾਗ' ਦੱਸਣ ਵਾਲੇ ਪਾਂਧੇ ਇਸ ਬਾਰੇ ਕਿਉਂ ਚੁੱਪ ਹਨ ਕਿ ਇੰਦਰਾ ਅਤੇ ਗੋਹਾ ਕੂੜਾ ਕਰਨ ਵਾਲੀ 'ਇੰਦੋ' ਦੀ ਇੱਕੋ ਰਾਸ਼ੀ ਹੋਣ ਤੇ ਵੀ ਉਨ੍ਹਾਂ ਦੀ ਜ਼ਿੰਦਗੀ 'ਚ 'ਸਵਰਗ' 'ਨਰਕ' ਦਾ ਅੰਤਰ ਕਿਉਂ ਹੈ? ਜਿਕਰ ਰੱਬ ਦੀ ਕਰਨੀ ਤੇ ਹੀ ਸਾਰੇ ਮਨੁੱਖ ਚੰਗੇ ਮੰਦੇ ਕਾਰਜ ਕਰ ਰਹੇ ਹਨ ਤਾਂ ਉਨ੍ਹਾਂ ਨੂੰ ਮਾੜੇ ਦੀ ਸਜ਼ਾ ਤੇ ਚੰਗੇ ਦਾ ਵਰਦਾਨ ਦੇਣ ਦੇ ਕੀ ਅਰਥ ਰਹਿ ਜਾਂਦੇ ਹਨ ਤੇ ਇਸ ਮਕਸਦ ਲਈ ਬਣਾਏ ਸਵਰਗ ਤੇ ਨਰਕ ਦਾ ਕੀ ਮਤਲਬ? 'ਦੂਜਿਆਂ ਨੂੰ 'ਹੰਕਾਰ ਨਾ ਕਰੋ' 'ਹਉਮੈ ਨਾ ਕਰੋ' ਦੇ ਸਾਰੇ ਉਪਦੇਸ਼ ਬਿਲਕੁਲ ਥੋਥੇ ਵਾਕਛਲ ਸਾਬਤ ਨਹੀਂ ਹੋ ਜਾਂਦੇ ਜਦੋਂ ਇਨ੍ਹਾਂ ਧਰਮ ਦੇ ਠੇਕੇਦਾਰਾਂ ਵਲੋਂ ਲੋਕਾਂ ਨੂੰ ਉਸ ਅਖੌਤੀ 'ਰੱਬ' ਦੀ ਵਡਿਆਈ ਕਰਨ ਦੀਆਂ ਨਸੀਹਤਾਂ ਕੀਤੀਆਂ ਜਾਂਦੀਆਂ ਹਨ ਤੇ ਕਰੋੜਾਂ ਰੁਪਇਆ ਉਸ 'ਰੱਬ' ਦੀ ਮਹਿੰਮਾ ਗਾਉਣ ਤੇ ਹੀ ਖਰਚ ਕੀਤਾ ਜਾਂਦਾ ਹੈ? ਕੀ ਅਜਿਹਾ 'ਰੱਬ ਸਿਰੇ ਦਾ ਵਡਿਆਈ ਖੋਰਾ ਨਹੀਂ ਹੋਵੇਗਾ? ਕੀ ਜਿਕਰ ਗੁਲਾਮ ਮਾਲਕਾਂ ਵਲੋਂ ਗੁਲਾਮਾਂ ਦੀ, ਜ਼ਮੀਨਦਾਰਾਂ ਵਲੋਂ ਮੁਜ਼ਾਰਿਆਂ ਦੀ ਤੇ ਸਰਮਾਏਦਾਰਾਂ ਵਲੋਂ ਮਜ਼ਦੂਰਾਂ ਤੇ ਹੋਰਨਾਂ ਮਿਹਨਤੀ ਲੋਕਾਂ ਦੀ ਲੁੱਟ ਖਸੁੱਟ ਤੇ ਜਬਰ, ਵੇਸਵਾ ਗਮਨੀ ਦੇ ਸਿਲਸਿਲੇ, ਠੱਗੀਆਂ, ਚੋਰੀਆਂ, ਡਾਕੇ, ਕਤਲੇਆਮ, ਭ੍ਰਿਸ਼ਟਾਚਾਰ ਆਦਿਕ ਅਲਾਮਤਾਂ ਉਸ ਦੀ ਲੀਲਾ ਦੇ ਨਿਆਰੇ ਚਮਤਕਾਰ ਹਨ ਤਾਂ ਕੀ ਅਜਿਹਾ ਰੱਬ ਸਿਰੇ ਦਾ ਜ਼ਾਲਮ ਨਹੀਂ ਹੋਵੇਗਾ ਉਹ ਦੁਨੀਆ ਦਾ ਪਾਲਣਹਾਰ ਕਿਵੇਂ ਹੋਇਆ? ਅਜਿਹੇ ਸੁਆਲਾਂ ਬਾਰੇ ਚੁੱਪ ਇਨ੍ਹਾਂ 'ਮਾਰਗ ਦਰਸ਼ਕਾਂ' ਤੇ 'ਰੱਬ' ਦੇ ਵਿਚੋਲਿਆਂ ਦੀ ਲੁਟੇਰੀਆਂ ਜਮਾਤਾਂ ਨਾਲ ਇਨ੍ਹਾਂ ਦੀ ਗਹਿਰੀ ਸਾਂਝ ਦਾ ਭਾਂਡਾ ਚੁਰਾਹੇ 'ਚ ਭੰਨਦੀ ਹੈ ਤੇ ਇਸ ਤਰ੍ਹਾਂ ਇਹ 'ਸੇਵਕ' ਲੋਕਾਂ ਦੇ ਦੁੱਖਾਂ ਕਲੇਸ਼ਾਂ ਨੂੰ 'ਦੂਸਰੇ ਜਹਾਨ' ਦੇ ਲੁਭਾਉਣੇ ਦ੍ਰਿਸ਼ ਪੇਸ਼ ਕਰਕੇ ਉਨ੍ਹਾਂ 'ਚ ਕਮੀ ਕਰਨ ਦੀ ਬਜਾਏ ਇਸ ਧਰਤੀ ਤੇ ਲੁਟੇਰੀਆਂ ਜਮਾਤਾਂ ਦੇ ਪੰਜਿਆਂ 'ਚ ਦੁੱਬਰ ਹੋਈ ਉਨ੍ਹਾਂ ਦੀ ਜ਼ਿੰਦਗੀ ਨੂੰ ਹੋਰ ਦੁੱਭਰ ਬਣਾਉਣ ਦਾ ਸੰਦ ਬਣਦੇ ਹਨ ਤੇ ਕਿਰਤੀ ਲੋਕਾਂ ਦਾ ਅਸਲੀ ਜਹਾਨ' ਸਿਰਜਣ ਦੇ ਰਾਹ ਵਿੱਚ ਇੱਕ ਬੱਜਰ ਰੁਕਾਵਟ।

ਇਥੇ ਹੀ ਬੱਸ ਨਹੀਂ ਇਹਨਾਂ 'ਸਵਰਗ' ਨੂੰ ਜਾਂਦੀ ਕਿਸ਼ਤੀ ਦੇ ਮਲਾਹਾਂ ਨੇ ਹਰ ਵਿਗਿਆਨਕ ਵਿਕਾਸ ਦਾ ਵਿਰੋਧ ਕੀਤਾ ਤੇ ਕਿੰਨਿਆਂ ਹੀ ਸਾਇੰਸਦਾਨਾਂ ਖਗੋਲ ਵਿਗਿਆਨੀਆਂ ਨੂੰ ਆਪਣੀਆਂ ਵਿਗਿਆਨਕ ਲੱਭਤਾਂ ਸਦਕਾ ਇਨ੍ਹਾਂ ਦੇ ਹੱਥਾਂ 'ਚ ਬਲੀ ਦੇ ਬਕਰੇ ਬਣਨਾ ਪਿਆ। ਮਹਾਨ ਸਾਇੰਸਦਾਨ ਗੈਲੀਲੀਓ ਨੂੰ ਇਸ ਲਈ ਜੇਲ੍ਹ ਸੁਟਵਾਇਆ ਗਿਆ ਕਿ ਉਸ ਨੇ ਇਹ ਸਿਧਾਂਤ ਦਿਤਾ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਕਿਉਂਕਿ ਇਹ ਪਾਦਰੀਆਂ ਦੇ ਵਿਚਾਰ ਦੇ ਉਲਟ ਸੀ। ਅਤਾਲਵੀ ਦਰਸ਼ਨ ਵੇਤਾ ਮਿਆਰ ਤਾਨੋ ਬਰੂਨੋ ਨੂੰ ਕਈਆਂ ਵਰ੍ਹਿਆਂ ਦੀ ਕੈਦ ਮਗਰੋਂ ਰੋਮ ਦੀ ਕਚਹਿਰੀ ਕਥੋਲਿਕ ਇੰਕਵੀਜ਼ੀਸ਼ਨ ਨੇ ਉਸ ਨੂੰ ਜਿਉਂਦੇ ਨੂੰ ਹੀ ਚਿਖਾ ਵਿੱਚ ਸਾੜ ਦਿੱਤਾ ਕਿਉਂਕਿ ਉਸ ਵਲੋਂ ਇਹ ਐਲਾਨ ਕਰਨਾ ਕਿ ਸੰਸਾਰ ਬੇਅੰਤ ਹੈ ਅਤੇ ਇਹ ਅਨਾਦਿ ਪ੍ਰੀਵਰਤਨ ਦੇ ਅਧੀਨ ਹੈ, ਗਿਰਜੇ ਦੇ ਮੁਢਲੇ ਸਿਧਾਂਤਾਂ ਦੇ ਉਲਟ ਸੀ ਜਿਸਨੂੰ ਪਾਦਰੀ ਬਰਦਾਸ਼ਤ ਨਹੀਂ ਕਰ ਸਕਦੇ ਸਨ ਸੁਰਗ ਤੇ ਸ਼ੱਕ ਕਰਨ ਵਾਲੇ ਮਾਰਟਨ ਲੂਥਰ ਨੂੰ ਜਲਦੀ

ਅੱਗ ਵਿੱਚ ਸਾੜਾ ਦਿੱਤਾ ਗਿਆ। ਇਸ ਤਰ੍ਹਾਂ ਅਨੇਕਾਂ ਹੀ ਜੁਗ ਪਲਟਾਊ ਖੋਜਾਂ ਕਰਨ ਵਾਲੇ ਪ੍ਰਵਾਨਿਆਂ ਨੂੰ ਇਨ੍ਹਾਂ ਕਾਲੀਆਂ ਤਾਕਤਾਂ ਦੇ ਹੱਥਾਂ 'ਚ ਬਲੀ ਦੇ ਬੱਕਰੇ ਬਣਨਾ ਪਿਆ। ਧਰਮ ਦੇ ਅਜਿਹੇ ਰੋਲ ਨੇ ਮਨੁੱਖਤਾ ਨੂੰ ਬੇਹੱਦ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਪਾਇਆ। ਮੌਜੂਦਾ ਸਮੇਂ 'ਚ ਸਮਾਜਿਕ ਵਿਕਾਸ ਦਾ ਰਾਹ ਪੱਧਰਾ ਕਰਨ ਵਾਲੀਆਂ ਕਮਿਊਨਿਸਟ ਇਨਕਲਾਬੀ ਸ਼ਕਤੀਆਂ ਦੁਨੀਆਂ ਭਰ ਦੇ ਧਾਰਮਿਕ ਆਗੂਆਂ ਨੂੰ ਫੁੱਟੀ ਅੱਖ ਨਹੀਂ ਭਾਉਂਦੀਆਂ ਇਰਾਨ 'ਚ ਉਥੋਂ ਦੀ ਸਰਕਾਰ ਵਲੋਂ ਕਮਿਊਨਿਸਟ ਵਿਚਾਰ ਰੱਖਣ ਵਾਲਿਆਂ ਦਾ ਵੱਡੀ ਪੱਧਰ ਤੇ ਕਤਲੇਆਮ ਅਤੇ ਪੰਜਾਬ 'ਚ ਭਿੰਡਰਾਂ ਵਾਲਾ, ਖਾਲਸਤਾਨੀਆਂ ਤੇ ਫ਼ੈਡਰੇਸ਼ਨੀਆਂ ਵਲ' 'ਕਮਿਊਨਿਸਟਾਂ ਨੂੰ ਖਾਲਸਾ ਰਾਜ 'ਚ ਕੋਈ ਥਾਂ ਨਹੀਂ ਹੋਵੇਗੀ। 'ਨਾਸਤਕ ਸਾਡੇ ਦੁਸ਼ਮਣ ਹਨ'ਵਰਗੇ ਐਲਾਨ ਇਸਦੀਆਂ ਉਘੜਵੀਆਂ ਮਿਸਾਲਾਂ ਹਨ ਸਮੁੱਚੇ ਤੌਰ ਤੇ ਵੇਖਿਆਂ ਧਰਮ ਦਾ ਕਿਰਦਾਰ ਮਨੁੱਖਤਾ ਵਿਰੋਧੀ ਹੈ।

## ਧਰਮ ਦਾ ਜਨਮ ਤੇ ਵਿਕਾਸ

ਮਨੁੱਖ ਆਪਣੇ ਜਨਮ ਤੋਂ ਹੀ ਆਪਣੀਆਂ ਬੁਨਿਆਦੀ ਲੋੜਾਂ ਭੁੱਖ ਅਤੇ ਸੰਤਾਨ ਪੈਦਾ ਕਰਨ ਦੀ ਸੰਤੁਸ਼ਟੀ ਲਈ ਕੁਦਰਤੀ ਸ਼ਕਤੀਆਂ ਖਿਲਾਫ ਜਦੋ ਜਹਿਦ ਕਰਦਾ ਆਇਆ ਹੈ ਅਤੇ ਸਦਾ ਪ੍ਰਕਿਰਤੀ ਦੇ ਭੇਦਾਂ ਨੂੰ ਜਾਨਣ ਦਾ ਇੱਛਕ ਰਿਹਾ ਹੈ ਪਰ ਉਸ ਦੇ ਗਿਆਨ ਦੀਆਂ ਸੀਮਤ ਹੱਦਾਂ ਅਤੇ ਪ੍ਰਕ੍ਰਿਤੀ ਦੀ ਵਿਸ਼ਾਲਤਾ ਵਿਚਕਾਰ ਪਾੜਾ ਰਿਹਾ ਹੈ ਜੋ ਮਨੁੱਖ ਦੀਆਂ ਕੁਦਰਤੀ ਸ਼ਕਤੀਆਂ ਉਪਰ ਹੋ ਰਹੀਆਂ ਲਗਾਤਾਰ ਜਿੱਤਾਂ ਕਾਰਨ ਘਟਦਾ ਜਾ ਰਿਹਾ ਹੈ ਪਰ ਮੁਢਲੇ ਜਾਂ ਆਦਿ ਕਾਲੀਨ ਸਾਂਝੀ ਵਾਲਤਾ ਦੇ ਯੁੱਗ 'ਚ ਜਦੋਂ ਮਨੁੱਖ ਨੇ ਪਸ਼ੂ ਜਗਤ ਨਾਲੋਂ ਮੁਕੰਮਲ ਤੋੜ ਵਿਛੋੜਾ ਅਜੇ ਕੀਤਾ ਹੀ ਸੀ ਮਨੁੱਖੀ ਪੈਦਾਵਾਰੀ ਸ਼ਕਤੀਆਂ ਬੇਹੱਦ ਅਣਵਿਕਸਤ ਸਨ, ਮਨੁੱਖ ਮੁਕੰਮਲ ਤੌਰ ਤੇ ਕੁਦਰਤ ਤੇ ਨਿਰਭਰ ਸੀ ਉਹ ਕੁਦਰਤੀ ਵਰਤਾਰਿਆਂ—ਮੀਂਹ, ਬਿਜਲੀ ਦਾ ਚਮਕਣਾ, ਹਨੇਰੀ, ਰਾਤ ਦਿਨ, ਸੂਰਜ ਦਾ ਚੜ੍ਹਨਾ ਛਿਪਣਾ ਆਦਿਕ ਦੇ ਅਸਲੀ ਕਾਰਨਾਂ ਤੋਂ ਬਿਲਕੁਲ ਅਣਜਾਣ ਸੀ। ਇਨ੍ਹਾਂ ਦੇ ਕਾਰਨਾਂ ਦੇ ਤੌਰ ਤੇ ਉਸਨੇ ਗ਼ੈਬੀ ਸ਼ਕਤੀਆਂ ਦੀ ਕਲਪਣਾ ਕੀਤੀ। ਵੱਖ 2 ਕੁਦਰਤੀ ਸ਼ਕਤੀਆਂ ਨਾਲ ਵੱਖ 2 ਕਲਪਿਤ ਦੇਵੀ, ਦੇਵਤਿਆਂ, ਰੂਹਾਂ ਦੇ ਨਾਂ ਜੋੜੇ ਜਿਸਨੇ ਅੱਗੇ ਜਾਕੇ ਸਾਰੇ ਦੇਵਤਿਆਂ ਨੂੰ ਕੰਟਰੋਲ ਕਰਨ ਵਾਲੇ ਸਰਵ ਸ਼ਕਤੀਮਾਨ ਰੱਬ ਦੇ ਸੰਕਲਪ ਨੂੰ ਜਨਮ ਦਿੱਤਾ। ਰੋਮਨ ਦਰਸ਼ਨ ਵੇਤਾ ਈਟਸ-ਲੁਕ੍ਰੀਸ਼ੀਅਸ਼-ਕੇਰਟ (99-55 ਈ: ਪੂ) ਪੁਰਾਤਨਤਾ ਦਾ ਸਭ ਤੋਂ ਪ੍ਰਸਿੱਧ ਨਾਸਤਕ ਸੀ ਜਿਸਨੇ ਘੋਸ਼ਨਾ ਕੀਤੀ ਕਿ ਲੋਕਾਂ ਨੇ ਆਪ ਹੀ ਦੇਵਤਿਆਂ ਦੀਆਂ ਕਾਢਾਂ ਕੱਢੀਆਂ ਸਨ। ਵੱਖ 2 ਧਰਮਾਂ ਦੀਆਂ ਧਾਰਮਿਕ ਪੁਸਤਕਾਂ ਅੰਜੀਲ ਕੁਰਾਨ, ਗਰੰਥ ਸਾਹਿਬ ਗੀਤਾ ਆਦਿਕ ਵਿੱਚ ਅਜਿਹੇ ਦੇਵਤਿਆਂ ਤੇ ਰੱਬ ਦੇ ਵਰਨਣ ਬਾਰੇ ਅਨੇਕਾਂ ਮਿਥਿਹਾਸਕ ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ ਜਿੰਨ੍ਹਾਂ 'ਚ ਮਨੁੱਖ ਦੀ ਵਿਸ਼ੇਸ਼ ਪ੍ਰਾਕਿਰਤਕ ਸ਼ਕਤੀ ਜਾਂ ਵਰਤਾਰੇ ਬਾਰੇ ਅਗਿਆਨਤਾ ਹੀ ਉਜਾਗਰ ਹੁੰਦੀ ਹੈ ਜਿਵੇਂ ਭੁਚਾਲ ਆਉਣ ਦੇ ਕਾਰਨ ਬਾਰੇ ਅਗਿਆਨਤਾ ਨੇ ਧਰਤੀ ਨੂੰ ਸ਼ੇਸ਼ਨਾਗ ਦੇ ਸਿਰ ਤੇ ਜਾਂ ਬਲਦ ਦੇ ਸਿੰਗ ਤੇ ਟਿਕੇ ਹੋਣ ਦੇ ਵਿਚਾਰ ਨੂੰ ਜਨਮ ਦਿੱਤਾ ਜੋ ਥੱਕ ਜਾਣ ਤੇ ਮੋਢਾ ਜਾਂ ਸਿੰਗ ਬਦਲਦਾ ਹੈ। ਸੂਰਜ ਗ੍ਰਹਿਣ ਤੇ ਚੰਦ ਗ੍ਰਹਿਣ ਦੇ ਕਾਰਨਾਂ ਤੋਂ ਜਾਣੂ ਨਾ ਹੋਣ ਕਾਰਨ ਹੀ ਮਨੁੱਖ ਨੇ 'ਰਾਹੂ' ਤੇ 'ਕੇਤੂ' ਵਲੋਂ ਇਨ੍ਹਾਂ ਨੂੰ ਸਜ਼ਾ ਦੇਣ ਦੀ ਘਟਨਾ ਦੀ ਕਲਪਨਾ ਕੀਤੀ। ਇਸ ਤੋਂ ਇਲਾਵਾ ਅਸਮਾਨੀ ਬਿਜਲੀ ਤੇ ਜੰਗਲ 'ਚ ਬਾਸਾਂ ਦੀ ਰਗੜ ਤੋਂ ਪੈਦਾ ਹੋਣ ਵਾਲੀ ਅੱਗ ਦੀ ਮਨੁੱਖ ਨੂੰ ਮਿੰਟਾਂ ,ਚ ਭਸਮ ਕਰ ਦੇਣ ਦੀ ਭਿਆਨਕਤਾ ਨੇ ਅਗਨੀ ਦੇਵਤੇ ਨੂੰ ਜਨਮ ਦਿੱਤਾ ਤੇ ਇਸਤਰ੍ਹਾਂ ਬਾਰਸ਼ ਦੇ ਕਾਰਣਾਂ ਤੋਂ ਅਣਜਾਨ ਮਨੁੱਖ ਨੇ ਪਾਣੀ ਦਾ ਦੇਵਤਾ ਇੰਦਰ ਘੜਿਆ ਪ੍ਰਕਿਰਤੀ ਬਾਰੇ ਹੀ ਨਹੀਂ। ਬਲਕਿ ਮਨੁੱਖ ਖੁਦ ਆਪਣੀ ਹੋਂਦ ਦੇ ਕਾਰਨਾਂ ਬਾਰੇ ਵੀ ਕਿਸੇ ਵੀ ਕਿਸਮ ਦੇ ਠੋਸ ਗਿਆਨ ਤੋਂ ਕੋਰਾ ਸੀ ਜਿਸ ਨੇ ਆਤਮਾਂ ਤੇ ਸਰੀਰ ਨੂੰ ਵੱਖ ਵੱਖ ਸਮਝਣ ਦੇ ਵਿਚਾਰ ਨੂੰ ਜਨਮ ਦਿੱਤਾ। ਏਂਗਲਜ਼ ਅਨੁਸਾਰ "ਬਹੁਤ ਮੁਢਲੇ ਸਮਿਆਂ ਤੋਂ ਜਦੋਂ ਮਨੁੱਖ ਜਿਹੜੇ ਅਜੇ ਆਪਣੇ ਸਰੀਰਾਂ ਦੀ ਅੰਦਰਲੀ ਬਣਤਰ ਤੋਂ ਉੱਕਾ ਹੀ ਅਣਜਾਣ ਸਨ, ਸੁਪਨੇ ਵਿਚ ਆਏ ਛਲੇਡਿਆਂ ਦੇ ਉਤੇਜਕ ਪ੍ਰਭਾਵ ਅਧੀਨ ਇਹ ਮੰਨਣ ਲੱਗ ਪਏ ਕਿ ਸੋਚਣਾਂ ਤੇ ਅਨੁਭਵ ਉਨ੍ਹਾਂ ਦੇ ਸ਼ਰੀਰਾ ਦੇ ਅਮਲ ਨਹੀਂ ਹਨ ਸਗੋਂ ਇਕ ਸਪੱਸ਼ਟ ਆਤਮਾ ਦੇ ਅਮਲ ਹਨ ਜਿਹੜੀ ਸਰੀਰ ਵਿੱਚ ਨਿਵਾਸ ਕਰਦੀ ਹੈ ਅਤੇ ਮੌਤ ਸਮੇਂ ਇਹ ਸਰੀਰ ਛੱਡ ਜਾਂਦੀ ਹੈ। ਉਸ ਸਮੇਂ ਤੋਂ ਹੀ ਮਨੁੱਖ ਇਹ ਆਤਮਾ ਅਤੇ ਬਾਹਰਲੇ ਸੰਸਾਰ ਵਿਚਕਾਰ ਸੰਬੰਧ ਉੱਤੇ ਵਿਚਾਰ ਕਰਨ ਤੇ ਮਜਬੂਰ ਹੋਏ ਮੌਤ ਦੇ ਸਮੇਂ ਇਹ ਸਰੀਰ ਛੱਡ ਜਾਂਦੀ. ਹੈ ਅਤੇ ਜਿਊਂਦੀ ਰਹਿੰਦੀ ਹੈ ਤਾਂ ਇਸ ਦੇ ਲਈ ਇੱਕ ਹੋਰ ਸਪੱਸ਼ਟ ਮੌਤ ਘੜਨ ਦੀ ਕੋਈ ਲੋੜ ਨਹੀਂ ਸੀ ਇਉਂ ਪੜਾਅ ਤੇ ਇੱਕ ਦਿਲਾਸੇ ਵਜੋਂ ਉੱਕਾ ਹੀ ਨਹੀਂ ਸਗੋਂ ਇੱਕ ਅਜਿਹੀ ਹੋਣੀ ਵਜੋਂ ਹੋਂਦ ਵਿੱਚ ਆਇਆ ਜਿਸ ਵਿਰੁੱਧ ਲੜਨ ਦਾ ਕੋਈ ਲਾਭ ਨਹੀਂ ਸੀ"... (ਲੁਡਵਿਗ ਫਿਊਰਬਾਖ ਅਤੇ ਕਲਾਸੀਕਲ ਜਰਮਨ ਫਲਸਫੇ ਦਾ ਅੰਤ ਵਿਚੋਂ) ਇਸੇਤਰ੍ਹਾਂ "ਸਮੁੱਚਾ ਧਰਮ, ਜਿਵੇਂ ਕਿਵੇਂ ਵੀ, ਉਨ੍ਹਾਂ ਬਾਹਰੀ ਸ਼ਕਤੀਆਂ ਜਿਹੜੀਆਂ ਰੋਜ਼ਾਨਾ ਜ਼ਿੰਦਗੀ ਨੂੰ ਕੰਟਰੋਲ ਕਰਦੀਆਂ ਹਨ ਦੇ ਮਨੁੱਖੀ ਮਨਾਂ ਵਿੱਚ ਕਾਲ-

ਪਨਿਕ ਪ੍ਰਤੀਬਿੰਬ ਤੋਂ ਬਿਨਾਂ ਹੋਰ ਕੁਝ ਨਹੀਂ...ਇਤਿਹਾਸ ਦੇ ਆਰੰਭ 'ਚ ਇਹ ਕੁਦਰਤੀ ਸ਼ਕਤੀਆਂ ਸਨ...ਪ੍ਰੰਤੂ ਇਹ ਜ਼ਿਆਦਾ ਪਹਿਲਾਂ ਨਹੀਂ, ਕੁਦਰਤੀ ਸ਼ਕਤੀਆਂ ਦੇ ਨਾਲ ਸਮਾਜਿਕ ਤਾਕਤਾਂ ਕਾਰਜਸ਼ੀਲ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ ਉਹ ਕਲਪਨਿਕ ਸ਼ਕਲਾਂ ਜਿਨ੍ਹਾਂ ਨੂੰ ਪਹਿਲਾਂ ਸਿਰਫ ਕੁਦਰਤ ਦੀਆਂ ਭੇਦ ਪੂਰਨ ਤਾਕਤਾਂ ਨੂੰ ਪ੍ਰਤੀਬਿੰਬਤ ਕੀਤਾ, ਇਸ ਮੌਕੇ ਸਮਾਜਿਕ ਨਾਂ ਪ੍ਰਾਪਤ ਕਰ ਲੈਂਦੀਆਂ ਹਨ...ਵਿਕਾਸ ਦੇ ਹੋਰ ਅਗਲੇ ਪੜਾਅ ਤੇ ਬਹੁਤ ਸਾਰੇ ਦੇਵਤਿਆਂ ਦੇ ਸਾਰੇ ਕੁਦਰਤੀ ਅਤੇ ਸਮਾਜਿਕ ਨਾਂ ਇੱਕ ਸੁਰਵ ਸ਼ਕਤੀਸ਼ੀਨ ਰੱਬ ਨੂੰ ਦੇ ਦਿੱਤੇ ਜਾਂਦੇ ਹਨ ਜੋ ਅਮੂਰਤ ਮਨੁੱਖ ਦਾ ਕੇਵਲ ਇੱਕ ਪ੍ਰਤੀਬਿੰਬ ਹੈ। ਇਹੀ ਇੱਕ ਈਸ਼੍ਵਰਵਾਦ ਦੀ ਉਤਪਤੀ ਸੀ ..ਅਤੇ ਇਸਨੇ ਯਹੂਦੀਆਂ ਦੇ ਇੱਕੋ ਇੱਕ ਕੌਮੀ ਰੱਬ ਜਿਹੋਵੇਂ (Jehovah) ਦਾ ਰੂਪ ਧਾਰਿਆ" (ਐਂਟੀਡਿਹੂਰਿੰਗ 'ਚੋਂ) ਦਰ ਅਸਲ ਇੱਕ ਸਰਵ ਸ਼ਕਤੀਮਾਨ ਰੱਬ ਦਾ ਵਿਚਾਰ ਜਮਾਤੀ ਸਮਾਜ 'ਚ ਛੋਟੇ ਛੋਟੇ ਗੁਲਾਮ ਮਾਲਕਾਂ ਦੀ ਥਾਂ ਇੱਕ ਨਿਰੰਕੁਸ਼ ਰਾਜੇ ਦੇ ਹੋਂਦ 'ਚ ਆਉਣ ਨਾਲ ਪੈਦਾ ਹੋਇਆ ਜੋ ਦੂਜੇ ਸਾਰਿਆਂ ਦੀ ਤਾਕਤਾਂ ਨੂੰ ਸੀਮਤ ਕਰਦਾ ਸੀ ਕਿਉਂਕਿ ਧਾਰਮਿਕ ਵਿਸ਼ਵਾਸ਼ ਅਨੁਸਾਰ ਇਹ ਸੰਸਾਰ ਦੂਜੇ ਸੰਸਾਰ ਦੀ ਪ੍ਰਛਾਂਈ ਮਾਤਰ ਹੈ। ਧਰਮ ਸੰਬੰਧੀ ਐਂਗਲਜ ਦੁਆਰਾ ਪ੍ਰਗਟਾਏ ਗਏ ਵਿਚਾਰਾਂ ਦੀ ਕਾਮਰੇਡ ਲੈਨਿਨ ਨੇ ਹੋਰ ਪੁਸ਼ਟੀ ਕੀਤੀ "ਧਰਮ ਆਤਮਿਕ ਜਬਰ ਦੇ ਰੂਪਾਂ ਚੋਂ ਇੱਕ ਹੈ ਜਿਸਨੇ ਹਰੇਕ ਥਾਂ ਜਨਤਾ ਦੇ ਸਮੂਹਾਂ ਨੂੰ ਜੋ ਦੂਜਿਆਂ ਲਈ ਲਗਾਤਾਰ ਕੰਮ ਦੁਆਰਾ ਅਤੇ ਲੋੜਾਂ ਅਤੇ ਵੱਖਰਤਾ (Want & Isolation) ਦੇ ਭਾਰ ਥੱਲੇ ਦੱਬੇ ਹੋਏ ਹਨ ਆਪਣੇ ਬੋਝ ਹੇਠ ਦਬਾਇਆ ਹੋਇਆ ਹੈ। ਲੁੱਟ ਚੋਂਘ ਦੇ ਸ਼ਿਕਾਰ ਵਰਗ ਦੀ ਲੋਟੂਆਂ ਵਿਰੁਧ ਸੰਘਰਸ਼ ਦੁਰਾਨ ਨਿਪੁੰਸਕਤਾ ਲਾਜ਼ਮੀ ਤੌਰ ਤੇ ਮੌਤ ਪਿੱਛੋਂ ਚੰਗੇਰੇ ਜੀਵਨ ਦੇ ਵਿਚਾਰ ਨੂੰ ਉਵੇਂ ਹੀ ਜਨਮ ਦਿੰਦੀ ਹੈ, ਜਿਵੇਂ ਕਿ ਕੁਦਰਤ ਵਿਰੁੱਧ ਆਪਣੀ ਲੜਾਈ ਸਮੇਂ ਵਹਿਸ਼ੀ ਜੰਗਲੀ ਲੋਕਾਂ ਦੀ ਨਿਪੁੰਸਕਤਾ ਨੇ ਦੇਵਤਿਆਂ ਤੇ ਭੂਤਾਂ ਕਰਾਮਾਤਾਂ ਅਤੇ ਅਜਿਹੀਆਂ ਹੋਰ ਚੀਜ਼ਾਂ ਵਿੱਸ਼ਵਾਸ਼ ਨੂੰ ਜਨਮ ਦਿੱਤਾ। ਉਨ੍ਹਾਂ ਲੋਕਾਂ ਨੂੰ ਜੋ ਸਾਰਾ ਜੀਵਣ ਥੁੜਾਂ ਦੇ ਮਾਰੇ ਹੋਏ ਤੇ ਉਸ ਲਈ ਮਿਹਨਤ ਕਰਨ ਵਿੱਚ ਬਤੀਤ ਕਰਦੇ ਹਨ ਧਰਮ ਇਸ ਦੁਨੀਆਂ ਵਿੱਚ ਦਾਨ ਦੇਣਾ ਸਿਖਾਉਂਦਾਂ ਹੈ ਅਤੇ ਏਦਾਂ ਉਨ੍ਹਾਂ ਲੋਟੂਆਂ ਵਜੋਂ ਆਪਣੀ ਸਮੁੱਚੀ ਹੋਂਦ ਨੂੰ ਸਹੀ ਸਾਬਤ ਕਰਨ ਦਾ ਸਸਤਾ ਢੰਗ ਦਸਦਾ ਹੈ ਅਤੇ ਸਵਰਗ ਵਿੱਚ ਚੰਗੇਰੇ ਜੀਵਨ ਦੀਆਂ ਟਿਕਟਾਂ ਰਿਆਇਤੀ ਦਰਾਂ ਤੇ ਵੇਚਦਾ ਹੈ। ਧਰਮ ਇੱਕ ਭਾਂਤ ਦੀ ਆਤਮਿਕ ਸ਼ਰਾਬ ਹੈ, ਜਿਸ ਵਿੱਚ ਸਰਮਾਏ ਦੇ ਗੁਲਾਮ ਆਪਣਾ ਮਨੁੱਖੀ ਸਰੂਪ ਤੇ ਥੋੜ੍ਹਾ ਬਹੁਤ ਮਨੁੱਖ ਦੀ ਸ਼ਾਨੋਂ ਅਨੁਸਾਰ ਇੱਕ ਜੀਵਨ ਦੀ ਉਨ੍ਹਾਂ ਦੀ ਮੰਗ ਨੂੰ ਡੋਬ ਦਿੰਦੇ ਹਨ" (ਲੈਨਿਨ ਸੋਸਲਿਜ਼ਮ ਤੇ ਧਰਮ ਚੋਂ)

ਸੰਖੇਪ 'ਚ ਅਸੀਂ ਕਹਿ ਸੱਕਦੇ ਹਾਂ ਕਿ ਧਰਮ ਮਨੁੱਖੀ ਮਾਨ 'ਚ ਮਨੁੱਖ ਉਪਰ ਭਾਰੂ ਕੁਦਰਤੀ ਅਤੇ ਸਮਾਜਿਕ ਸ਼ਕਤੀਆਂ ਦਾ ਕਾਲਪਨਿਕ ਅੰਧਵਿਸ਼ਵਾਸ਼ ਹੈ ਜੋ ਉਸਦੀ ਕੁਦਰਤੀ ਤਾਕਤਾਂ ਜਾਂ ਸਮਾਜਿਕ ਤਾਕਤਾਂ ਬਾਰੇ ਬੇਸਮਝੀ, ਅਗਿਆਨਤਾ ਅਤੇ ਉਸ ਦੇ ਉਸ ਉਪਰ ਗਲਬੇ ਤੋਂ ਛੁਟਕਾਰਾ ਪਾਉਣ 'ਚ ਉਸਦੀ ਬੇਬਸੀ, ਹੀਣਤਾ ਲਾਚਾਰੀ ਅਤੇ ਬੇ ਸਹਾਰਾ ਪਣ ਤੋਂ ਜਨਮਦਾ ਹੈ। ਕੁਦਰਤੀ ਸ਼ਕਤੀਆਂ ਦੀ ਮਨੁੱਖਾ ਲਈ ਲਾਭਕਾਰੀ ਵਰਤੋਂ ਨੇ ਵੀ ਧਾਰਮਿਕ ਅਕੀਦਿਆਂ ਨੂੰ ਬਨਾਉਣ 'ਚ ਰੋਲ ਅਦਾ ਕੀਤਾ ਧਰਮ (Religion) ਸ਼ਬਦਾਂ ਦਾ ਮੂਲਸ਼ਬਦ(Religáre) ਹੈ ਜੋ ਲਾਤੀਨੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਬਨ੍ਹਣਾ (To bind) ਹੈ ਜਾਂ ਸ਼ੁਰੂ ਵਿੱਚ ਇਸ ਦਾ ਅਰਥ ਕਰਾਰ (To prómise) ਲਿਆ ਜਾਂਦਾ ਸੀ ਜਿਸ ਤੋਂ ਅਸੀਂ ਧਰਮ ਦੀ ਪ੍ਰਭੀਸ਼ਾਂ ਮਨੁੱਖ ਨੂੰ ਪ੍ਰਾਭੌਤਿਕ ਤਾਕਤ ਦੇ ਬੰਧੇਜ 'ਚ ਬੰਨਣ ਵਾਲੇ ਵਿਸ਼ਵਾਸ ਦੇ ਰੂਪ 'ਚ ਕਰ ਸਕਦੇ ਹਾਂ। ਅਜਿਹਾ ਵਿਸ਼ਵਾਸ਼ ਜੋ ਹਕੀਕਤ ਤੇ ਪਰਦਾ ਪਾ ਕੇ ਵਹਿਮਾਂ,ਭਰਮਾਂ ਕਰਾਮਾਤਾਂ,ਰੂਹਾਂ ਮਾਰਿਆਂ ਦੀਆਂ ਆਤਮਾਵਾਂ ਜੋਤਸ਼, ਕਿਸਮਤ, ਕਰਮਾਂ ਆਦਿਕ ਕੂੜ ਕਬਾੜ ਦੀ ਪੰਡ ਬੰਨ੍ਹ ਕੇ ਮਨੁੱਖੀ ਸਿਰ ਤੇ ਰੱਖ ਦਿੰਦਾ ਹੈ ਅਤੇ ਇੱਕ ਅਜਿਹਾ ਭਰਮ ਜਾਲ ਹੈ ਜੋ ਮਨੁੱਖ ਨੂੰ ਅਸਲੀ ਸੰਸਾਰ ਤੋਂ ਅੱਖਾਂ ਮੀਟ ਕੇ ਖਿਆਲੀ ਸੰਸਾਰ ਬਾਰੇ ਫਿਕਰਮੰਦ ਹੋਣ ਲਈ ਕੱਲਪਨਾ ਦੀ ਦੁਨੀਆਂ 'ਚ ਉਡਾਰੀਆਂ ਲਾਉਣ ਲਈ ਪ੍ਰੇਰਦਾ ਹੈ।

ਆਦਿ ਕਾਲੀਨ ਕਮਿਊਨਿਜ਼ਮ ਤੋਂ ਬਾਅਦ ਸਮਾਜ ਗੁਲਾਮ ਮਾਲਕਾਂ ਅਤੇ ਗੁਲਾਮ ਸ੍ਰੇਣੀਆਂ 'ਚ ਵੰਡਿਆ ਗਿਆ ਇਥੇ ਧਾਰਮਿਕ ਵਿਚਾਰਾਂ ਨੂੰ ਜਨਮ ਦੇਣ ਵਾਲੀਆਂ ਆਪ ਮੁਹਾਰੀਆਂ ਤਾਕਤਾਂ ਜਿੰਨੀਆਂ ਹੀ ਹਾਨੀਕਾਰਕ ਸਨ ਜਿਨ੍ਹਾਂ ਤੇ ਮਨੁੱਖ ਨਿਰਭੱਰ ਸੀ ਜੋ ਉਸ ਲਈ ਕੁਦਰਤੀ ਤਾਕਤਾਂ ਜਿੰਨੀਆਂ ਹੀ ਹਾਨੀਕਾਰਕ ਸਨ। ਜਿਥੇ ਆਦਿ ਕਾਲੀਨ ਸਾਂਝੇਵਾਲਤਾ ਵਾਲੇ ਸਮਾਜ 'ਚ ਧਰਮ ਸਾਂਝਾ ਹੁੰਦਾ ਸੀ ਉਥੇ ਗੁਲਾਮਦਾਰੀ ਸਮਾਜ 'ਚ ਧਰਮ ਗੁਲਾਮ ਮਾਲਕਾਂ ਦੇ ਹੱਥਾਂ 'ਚ ਗੁਲਾਮਾਂ ਦੀ ਲੁੱਟ ਖਸੁੱਟ ਕਰਨ ਤੇ ਉਸਨੂੰ ਜਾਰੀ ਰੱਖਣ ਨੂੰ ਉਚਿੱਤ ਠਹਿਰਾਉਣ ਦਾ ਨੈਤਿਕ ਹਥਿਆਰ ਬਣ ਜਾਂਦਾ ਹੈ।

ਜਗੀਰੂ ਸਮਾਜ 'ਚ ਵੀ ਜਗੀਰੂ ਜਮਾਤਾਂ ਦਾ ਮੁਜ਼ਾਰੇ ਤੇ ਹੋਰਨਾਂ ਮਿਹਨਤਕਸ਼ਾਂ ਤੇ ਗਲਬਾ ਧਰਮ ਦੇ ਪਦਾਰਥ ਅਧਾਰ ਹੈ ਕਾਇਮ ਰੱਖਦਾ ਹੈ ਤੇ ਜਗੀਰੂ ਜਮਾਤ ਵਲੋਂ ਮਿਹਨਤੀ ਲੋਕਾਂ ਤੇ ਵਾਹੇ ਜਾਣ ਵਾਲੇ ਕੁਹਾੜੇ ਦਾ ਕੰਮ ਕਰਦਾ ਹੈ ਸਮਾਜ 'ਚ ਮੁੱਲੇ ਪਾਦਰੀ ਤੇ ਪੁਰੋਹਿਤ

ਆਦਿਕ ਵੱਲੋਂ ਵੀ ਹੱਡ ਭੰਨਵੀਂ ਮਿਹਨਤ ਕਰਨ ਵਾਲੇ ਕਿਸਾਨਾਂ ਦੀ ਰੱਤ ਨਿਚੋੜਨ ਵਾਲੇ ਰਾਜੇ ਮਹਾਰਾਜਿਆਂ ਤੇ ਜਗੀਰੂ ਗਠਾਂ ਨੂੰ ਰੱਬ ਦੇ ਅਮਰਦੂਤ ਵਜੋਂ ਪੇਸ਼ ਕੀਤਾ ਜਾਂਦਾ ਰਿਹਾ ਹੈ।

ਜਮਾਤੀ ਸਮਾਜ 'ਚ ਧਰਮ ਦਾ ਪਦਾਰਥਕ ਅਧਾਰ ਕਾਇਮ ਰਹਿੰਦਾ ਹੈ। ਸਰਮਾਏਦਾਰੀ ਸਮਾਜ ਵੀ ਇਹ ਆਧਾਰ ਖਤਮ ਨਹੀਂ ਕਰਦਾ। ਸਗੋਂ ਹੋਰ ਉਚੇਰੀ ਪੱਧਰ ਤੇ ਲੈ ਜਾਂਦਾ ਹੈ ਤੇ ਇਸ ਨੂੰ ਗੁੰਝਲਦਾਰ ਬਣਾ ਦਿੰਦਾ ਹੈ। ਕਿਰਤ ਉਪਰ ਸਰਮਾਏ ਦਾ ਗਲਬਾ ਜੋ ਸਮੁੱਚੀ ਮਜ਼ਦੂਰ ਜਮਾਤ ਤੇ ਹੋਰਨਾਂ ਮਿਹਨਤੀ ਲੋਕਾਂ ਦੀ ਅੰਨ੍ਹੀ ਰੱਤ ਨਿਚੋੜਦਾ ਹੈ ਇੱਕ ਅਜਿਹੀ 'ਚੁੜੇਲ' ਹੈ ਜਿਸਦੇ ਖੂਨੀ ਪੰਜਿਆਂ ਤੋਂ ਛੁਟਕਾਰਾ ਪਾਉਣ ਲਈ ਨਿਆਸਰਾ ਮਿਹਨਤੀ ਵਰਗ ਰੱਬ ਤੇ ਦੈਵੀ ਸ਼ਕਤੀਆਂ ਦੇ ਆਸਰੇ ਦੀ ਕਲਪਣਾ ਕਰਕੇ ਸੰਤੁਸ਼ਟੀ ਲੱਭਣ ਲਈ ਅਹੁਲਦਾ ਹੈ। ਐਂਗਲਜ਼ ਅਨੁਸਾਰ..."ਸਰਮਾਏਦਾਰੀ ਸਮਾਜ ਅੰਦਰ ਮਨੁੱਖਾਂ ਉੱਤੇ; ਖੁਦ ਉਨ੍ਹਾਂ ਰਾਹੀਂ ਸਿਰਜੀਆਂ ਆਰਥਿਕ ਹਾਲਤਾਂ ਪੈਦਾਵਾਰ ਦੇ ਸਾਧਨ ਜਿਨ੍ਹਾਂ ਨੂੰ ਖੁਦ ਉਹਨਾਂ ਨੇ ਪੈਦਾ ਕੀਤਾ ਹੁੰਦਾ ਹੈ ਭਾਰੂ ਹੁੰਦੇ ਹਨ ਜਿਵੇਂ ਕਿ ਇੱਕ ਉਪਰੀ ਤਾਕਤ..." ਐਂਟੀ ਡਿਉਰਿੰਗ ਚੋਂ) ਅਤੇ ਕੋਲਿਨ ਮੁਤਾਬਕ "ਅਜੋਕੇ ਸਰਮਾਏਦਾਰੀ ਮੁਲਕਾਂ ਵਿੱਚ ਇਹ ਜੜ੍ਹਾਂ ਮੁੱਖ ਰੂਪ ਵਿੱਚ ਸਾਮਜਿਕ ਹਨ ਅੱਜ ਧਰਮ ਦੀ ਸਭ ਤੋਂ ਗਹਿਰੀ ਜੜ੍ਹ ਮਿਹਨਤ ਜਨਤਾ ਦੀ ਸਮਾਜਿਕ ਤੌਰ ਤੇ ਲਿਤਾੜੀ ਗਈ ਸਥਿੱਤੀ ਅਤੇ ਉਸਦੀ ਸਰਮਾਏ—ਦਾਰੀ ਦੀਆਂ ਅੰਨ੍ਹੀਆਂ ਸ਼ਕਤੀਆਂ ਸਾਹਵੇਂ ਸਪੱਸ਼ਟ ਲਚਾਰੀ ਹੈ। ਉਹ ਸ਼ਕਤੀਆਂ ਰੋਜ਼ਾਨਾ ਹਰ ਪਲ ਆਮ ਮਿਹਨਤਕਸ਼ ਲੋਕਾਂ ਤੇ ਬਹੁਤ ਭਿਆਨਕ ਸਿਤਮ ਢਾਹ ਰਹੀਆਂ ਅਤੇ ਦੁੱਖ ਤਸੀਹੇ ਦੇ ਰਹੀਆਂ ਹਨ ਜੋ ਕਿ ਜੰਗਾਂ ਭੁਚਾਲਾਂ ਆਦਿ ਵਰਗੀਆਂ ਅਸਾਧਾਰਨ ਘਟਨਾਵਾਂ ਦੁਆਰਾ ਦਿੱਤੇ ਜਾਣ ਵਾਲੇ ਦੁੱਖਾਂ ਤੋਂ ਕਿਤੇ ਵਧੇਰੇ ਸਖਤ ਹਨ ਡਰਾਂ ਨੇ ਦੇਵਤੇ ਸਾਜੇ"। ਪੂੰਜੀ (ਸਰਮਾਏ) ਦੀ ਅੰਨ੍ਹੀ ਸ਼ਕਤੀ ਦਾ ਡਰ—ਅੰਨੀ ਇਸ ਕਰਕੇ ਕਿਉਂਕਿ ਲੋਕਾਂ ਦੇ ਸਮੂਹ ਇਸ ਨੂੰ ਅਗਾਊਂ ਨਹੀਂ ਤੱਕ ਸਕਦੇ—ਇੱਕ ਅਜਿਹੀ ਸ਼ਕਤੀ ਦਾ ਡਰ ਜੋ ਪ੍ਰੋਲੇਤਾਰੀਆਂ ਤੇ ਛੋਟੇ ਮਾਲਕਾਂ ਦੇ ਜੀਵਨ ਵਿੱਚ ਹਰ ਕਦਮ ਤੇ ਫੁੱਟ ਲਾਉਣ ਦੀ ਧਮਕੀ ਦਿੰਦੀ ਹੈ ਅਤੇ 'ਚਾਣਚੱਕ' 'ਆਸ਼ਾ ਵਿਰੁੱਧ' 'ਰੱਬ ਸਬੱਬੀ' 'ਤਬਾਹੀ' 'ਬਰਬਾਦੀ' 'ਕੰਗਾਲੀ' ਹੈ ਜੜ੍ਹ ਅਜੋਕੇ ਧਰਮ (ਮਜ਼ਬ) ਦੀ, ਜੋ ਇੱਕ ਭੌਤਿਕਵਾਦੀ ਨੂੰ ਸਭ ਤੋਂ ਪਹਿਲਾਂ ਮਨ 'ਚ ਵਸਾਉਣੀ ਚਾਹੀਦੀ ਹੈ ਜਿਕਰ ਉਹ ਗਲੇ ਸਕੂਲੀ ਬਚੂੰਗੜਾ ਭੌਤਿਕਵਾਦੀ ਨਹੀਂ ਰਹਿਣਾ ਚਾਹੁੰਦਾ।" (ਮਿਹਨਤਕੋਸ਼ਾਂ ਦੀ ਪਾਰਟੀ ਦਾ ਧਰਮ ਪ੍ਰਤੀ ਵਤੀਰਾ ਚੋਂ)

ਇਤਿਹਾਸਕ ਮੰਚ ਤੇ ਪ੍ਰਵੇਸ਼ ਕਰਨ ਸਮੇਂ ਆਪਣੀਆਂ ਇਤਿਹਾਸਕ ਲੋੜਾਂ ਹਿੱਤ ਭਾਵੇਂ ਜਗੀਰਦਾਰ ਜਮਾਤ ਦੀ ਸੱਤ੍ਹਾ ਉਲਟਾਉਣ ਲਈ ਸਰਮਾਏਦਾਰੀ ਜਮਾਤ ਨੇ ਪਦਾਰਥਵਾਦੀ ਵਿਚਾਰਾਂ ਦਾ ਪ੍ਰਚਾਰ ਕੀਤਾ ਤੇ ਇਸ ਪੜਾਅ ਤੇ ਧਰਮ ਨਾਲੋਂ ਤੋੜ ਵਿਛੋੜਾ ਕੀਤਾ। ਰਾਜਿਆਂ ਨੂੰ 'ਰੱਬ ਦੇ ਨੁਮਾਇੰਦੇ' ਮੰਨ ਕੇ ਇਸ ਦੀਆਂ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦਾ ਰਾਹ ਪੱਧਰਾ ਨਹੀਂ ਸੀ ਕੀਤਾ ਜਾ ਸਕਦਾ। ਸੱਨਅਤ ਅਤੇ ਤਕਨੀਕ ਦੇ ਵਿਕਾਸ ਲਈ ਸਰਮਾਏਦਾਰੀ ਜਮਾਤ ਨੂੰ ਵਿਗਿਆਨਕ ਗਿਆਨ ਦੀ ਜ਼ਰੂਰਤ ਸੀ ਅਤੇ ਇਸ ਲਈ ਇਸਨੇ ਧਾਰਮਿਕ ਵਿਚਾਰਾਂ ਦੇ ਖਿਲਾਫ ਕੁਦਰਤੀ ਵਿਗਿਆਨ ਦੀ ਹਮਾਇਤ ਕੀਤੀ। ਜਿਸ ਸਮੇਂ ਵਿਗਿਆਨ ਨੇ ਗਿਰਜੇ ਵਿਰੁੱਧ ਬਗਾਵਤ ਕੀਤੀ ਤਾਂ ਕਿਉਂਕਿ ਬੁਰਜੂਆਜ਼ੀ ਦਾ ਸਾਇੰਸ ਤੋਂ ਬਿਨਾਂ ਗੁਜ਼ਾਰਾ ਨਹੀਂ ਹੁੰਦਾ ਸੀ ਇਸ ਲਈ ਇਸ ਨੂੰ ਵੀ ਬਗਾਵਤ ਵਿੱਚ ਸ਼ਾਮਲ ਹੋਣਾ ਪਿਆ।

ਇਸ ਲਈ ਉਸ ਸਮੇਂ ਸਾਰੇ ਧਾਰਮਿਕ ਅੰਧ ਵਿਸ਼ਵਾਸਾਂ ਜੋ ਉਸ ਜਗੀਰੂ ਸਮਾਜੀ ਪ੍ਰਣਾਲੀ ਨੂੰ ਜਿਉਂਦਾ ਦਾ ਤਿਉਂ ਕਾਇਮ ਰੱਖਣ ਦਾ ਸਾਧਨ ਬਣ ਰਹੇ ਸਨ ਦੇ ਪਰਖਚੇ ਉਡਾਉਣੇ ਇਨਕਲਾਬੀ ਸਰਮਾਏਦਾਰੀ ਦੀ ਅਣਸਰਦੀ ਲੋੜ ਬਣਦੀ ਸੀ ਪਰ ਸਮੇਂ ਦੇ ਅਗਲੇਰੇ ਵਿਕਾਸ ਦੇ ਨਾਲ ਹੀ ਜਿਉਂ ਹੀ ਪ੍ਰੋਲੇਤਾਰੀ ਜਮਾਤ ਵਲੋਂ ਸਰਮਾਏਦਾਰ ਜਮਾਤ ਨੂੰ ਅਨਿਆਂ ਤੇ ਅਧਾਰਤ ਸਮਾਜ ਦੇ ਰੂਪ 'ਚ ਗਰਦਾਨਿਆ ਇਸ ਨੂੰ ਖਤਮ ਕਰਨ ਲਈ ਚੁਣੌਤੀ ਦਿੱਤੀ ਤਾਂ ਮਜ਼ਦੂਰ ਜਮਾਤ ਦੇ ਪਦਾਰਥਵਾਦੀ ਨਜ਼ਰੀਏ ਦੇ ਵਿਰੁੱਧ ਆਦਰਸ਼ਵਾਦੀ ਨਜ਼ਰੀਏ ਨੂੰ ਅਪਣਾ—ਉਣਾ ਸਰਮਾਏਦਾਰੀ ਦੀ ਜਮਾਤੀ ਲੋੜ ਬਣ ਗਈ। ਸਿਰਫ ਅਜੇਹਾ ਕਰਕੇ ਹੀ ਸਰਮਾਏਦਾਰ ਜਮਾਤ ਆਪਣੇ ਰਾਜ ਨੂੰ ਕਾਇਮ ਰੱਖਣਾ ਉੱਚਿਤ ਠਹਿਰਾ ਸਕਦੀ ਸੀ ਤੇ ਉਸ ਨੇ ਕੀਤਾ। ਫਰਾਂਸ ਦੀ ਬੁਰਜੂਆਜ਼ੀ ਜਿਸਨੇ ਜਗੀਰਦਾਰੀ ਦੇ ਖਿਲਾਫ ਲੜਾਈ 'ਚ ਅਠਾਰਵੀਂ ਸਦੀ ਦੇ ਅਖੀਰ 'ਚ ਧਾਰਮਿਕ ਕਦਰਾਂ ਕੀਮਤਾਂ ਨੂੰ ਕਰਾਰੀ ਚੋਟ ਮਾਰੀ ਸੀ ਤੇ ਵੱਡੀ ਪੱਧਰ ਤੇ ਨਾਸਤਿਕਤਾ ਦਾ ਪ੍ਰਚਾਰ ਕੀਤਾ ਸੀ ਵਲੋਂ 19ਵੀਂ ਸਦੀ 'ਚ ਧਾਰਮਿਕ ਪੁਨਰ ਜਾਗਰਤੀ ਦੀ ਲਹਿਰ ਨੂੰ ਪੂਰੇ ਜ਼ੋਰਾਂ ਸ਼ੋਰਾਂ ਨਾਲ ਚਲਾਉਣਾ ਇਸ ਦੀ ਪ੍ਰਤੱਖ ਇਤਿਹਾਸਕ ਮਿਸਾਲ ਹੈ ਕਿ ਹੋਰਨਾਂ ਦੇਸ਼ਾਂ ਦੀ ਸਰਮਾਏਦਾਰ ਜਮਾਤ ਨੇ ਵੀ ਪ੍ਰੋਲੇਤਾਰੀ ਦੇ ਜਮਾਤੀ ਸੰਗਰਾਮ ਖ਼ਿਲਾਫ ਅਜਿਹਾ ਹੀ ਰੁੱਖ ਅਪਣਾਇਆ। ਨਾਲ ਹੀ ਸਰਮਾਏਦਾਰੀ ਜਮਾਤ ਵਲੋਂ ਸਿੱਖਿਆ ਦਾ ਢਾਂਚਾ ਵੀ ਆਦਰਸ਼ਵਾਦੀ ਲੀਹਾਂ ਤੇ ਜਥੇਬੰਦ ਕੀਤਾ ਤੇ ਆਪਣੇ ਸਾਰੇ ਸਿੱਖਿਆ ਅਤੇ ਪ੍ਰਚਾਰ ਪ੍ਰਸਾਰ ਦੇ ਸਾਧਨਾਂ ਦੁਆਰਾ ਫੈਲਾਏ ਜਾਣ ਵਾਲੇ ਵਿਗਿਆਨਕ ਗਿਆਨ ਨੂੰ ਧਾਰਮਿਕ ਵਿਚਾਰਾਂ ਦੀ ਪਿਉਂਦ ਚਾੜ੍ਹ ਦਿੱਤੀ। ਸਰਮਾਏਦਾਰੀ ਵਲੋਂ ਅੱਜ ਆਪਣੇ ਪ੍ਰਿਛਾ—

ਖੜੀ ਦੌਰ 'ਚ ਕੀਤਾ ਜਾਂਦਾ ਨਾਂ ਮਾਤਰ ਧਰਮ ਵਿਰੁਧ ਪ੍ਰਚਾਰ ਬਿਲਕੁਲ ਸ਼ਰਾਬ ਦੇ ਠੇਕੇਦਾਰ ਵਲੋਂ ਠੇਕੇ ਉਪਰ 'ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ' ਲਿਖਣ ਵਾਂਗ ਹੈ। ਇਹੀ ਕਾਰਨ ਹੈ ਕਿ ਧਰਮ ਦੀ ਪਿਉਂਦ ਵਾਲੇ ਗਿਆਨ ਦੇ ਇਸ ਬੂਟੇ ਨੇ ਧਰਮ ਨੂੰ ਖਤਮ ਕਰਨ ਦੀ ਬਜਾਏ ਹੋਰ ਮਜ਼ਬੂਤ ਕੀਤਾ ਹੈ ਇਸ ਤਰ੍ਹਾਂ ਸਰਮਾਏਦਾਰੀ ਸਮਾਜ 'ਚ ਨਾਂ ਤਾਂ ਧਰਮ ਦੀ ਫਸਲ ਲਈ ਜ਼ਰਖੇਜ਼ ਭੋਂਏ. ਹੀ ਖਤਮ ਹੁੰਦੀ ਹੈ ਤੇ ਨਾ ਹੀ ਉਸਨੂੰ ਪਾਲਣ ਪੋਸ਼ਣ ਵਾਲਾ ਮਹੌਲ। ਸਿੱਟੇ ਵਜੋਂ ਸਰਮਾਏਦਾਰੀ ਸਮਾਜ 'ਚ ਕਿਉਂ ਕਿ ਧਰਮ ਦੇ ਕਾਰਨ ਦੀ ਹੋਂਦ ਰਹਿੰਦੀ ਹੈ ਇਸ ਲਈ ਇਸ ਦੇ ਪ੍ਰਭਾਵ (ਧਰਮ) ਦੇ ਖਤਮ ਹੋਣ ਦਾ ਕਿਆਸ ਤੱਕ ਵੀ ਨਹੀਂ ਕੀਤਾ ਜਾ ਸਕਦਾ।

## ਧਰਮ ਦਾ ਸਿਧਾਂਤਕ ਅਧਾਰ

ਧਰਮ ਦਾ ਸਿਧਾਂਤਕ ਅਧਾਰ ਆਦਰਸ਼ਵਾਦ ਹੈ। ਪੈਦਾਵਾਰੀ ਸ਼ਕਤੀਆਂ ਦੇ ਅਗਲੇਰੇ ਵਿਕਾਸ ਨੇ ਇਕ ਨਿਸਚਤ ਪੜਾਅ ਤੇ ਪਹੁੰਚ ਕੇ ਕਿਰਤ ਵੰਡ ਨੂੰ ਜਨਮ ਦਿਤਾ। ਜਿਸ ਨੇ ਅਗੇ ਜਮਾਤਾਂ ਤੇ ਸਿੱਟੇ ਵਜੋਂ ਜਮਾਤੀ ਜਦੋ ਜਹਿਦ ਨੂੰ। ਇਤਿਹਾਸਕ ਤੌਰ ਤੇ ਇਹ ਗੁਲਾਮਦਾਰੀ ਯੁੱਗ ਦਾ ਪੜਾਅ ਸੀ। ਇਸ ਜਮਾਤੀ ਜਦੋ ਜਹਿਦ ਦਾ ਪਰਤੌ ਲੋਕਾਂ ਦੀ ਰੂਹਾਨੀ (Spiritual) ਜ਼ਿੰਦਗੀ ਅਤੇ ਸਮਾਜਕ ਗਰੁੱਪਾਂ ਦੀ ਵੱਖ ਵੱਖ ਹੈਸੀਅਤ ਅਨੁਸਾਰ ਸੰਸਾਰ ਦ੍ਰਿਸਟੀਕੋਣਾਂ ਵਿਚਕਾਰ ਜਦੋ ਜੋਹਿਦ ਵਿਚ ਹੋਇਆ। ਗੁਲਮ ਮਾਲਕ ਸਮਾਜ 'ਚ ਕਿਰਤ ਵੰਡ ਹੋਂਦ 'ਚ ਆਉਣ ਕਾਰਨ ਮਾਨਸਿਕ ਕੰਮ ਸਰੀਰਕ ਕੰਮ ਤੋਂ ਅਲੱਗ ਹੋ ਗਿਆ ਅਤੇ ਮਾਨਸਿਕ ਕੰਮ ਗੁਲਾਮ ਮਾਲਕ ਜਮਾਤ ਦੀ ਅਜਾਰੇਦਾਰੀ ਬਣ ਗਿਆ। ਇਸ ਲਈ ਵਿਚਾਰਧਾਰਕ ਜਾਂ ਦਾਰਸ਼ਨਿਕ ਜਦੋ ਜਹਿਦ ਸਮਾਜ 'ਚ ਵੱਖ ਵੱਖ ਹੈਸੀਅਤ ਰੱਖਣ ਵਾਲੇ ਵੱਖਰੇ ਵੱਖਰੇ ਗੁਲਾਮ ਮਾਲਕ ਗਰੁੱਪਾਂ ਵਿਚਕਾਰ ਚੱਲੀ। ਇਕ ਪਾਸੇ ਗੁਲਾਮ ਮਾਲਕ ਜਮਾਤ ਦੀ ਅਗੇ ਵਧੂ ਪਰਤ ਸ਼ਿਲਪਕਾਰ (artisan) ਤੇ ਵਪਾਰੀ ਸਨ ਅਤੇ ਦੂਸਰੇ ਪਾਸੇ ਕਬੀਲਾ ਪਿਛੋਕੜ ਵਾਲੇ ਰੂੜੀਵਾਦੀ ਅਮੀਰ ਸ਼ਾਹ ਗਰੁੱਪ। ਜਿਥੇ ਪਹਿਲ ਪੈਦਾਵਾਰੀ ਸ਼ਕਤੀਆਂ ਤੇ ਵਪਾਰ ਨੂੰ ਵਿਕਸਤ ਕਰਨ ਤੇ ਗੁਲਾਮਦਾਰੀ ਸਿਸਟਮ 'ਚ ਕੁਝ ਜਮਹੂਰੀ ਸੁਧਾਰ ਲਿਆਉਣਾ ਚਾਹੁੰਦੇ ਸਨ ਉਥੇ ਦੂਸਰੇ ਅਜਿਹੇ ਸਭ ਕੁਝ ਦੇ ਵਿਰੁੱਧ ਸਨ। ਅਗੇ ਵਧੂ ਸਮਾਜਿਕ ਗਰੁੱਪ ਵਲੋਂ ਰੂੜੀਵਾਦੀ ਗਰੁੱਪ ਵਿਰੁੱਧ ਛੇੜੀ ਗਈ ਜਦੋ ਜਹਿਦ ਦੂਸਰੇ ਗਰੁੱਪ ਦੇ ਸੰਸਾਰ ਬਾਰੇ ਧਾਰਮਿਕ ਵਿਚਾਰਾਂ ਦੇ ਮੁਕਾਬਲੇ ਤੇ ਪਦਾਰਥਵਾਦੀ ਸੰਸਾਰ ਨਜ਼ਰੀਏ ਦੇ ਵਿਕਾਸ ਵੱਲ ਲੈ ਗਈ। ਪਦਾਰਥਵਾਦ ਦਾ ਵਿਰੋਧ ਕਰਨ ਲਈ ਪਿਛਾਖੜੀ ਹਿੱਸੇ ਨੇ ਧਰਮ ਨੂੰ ਸਹੀ ਸਾਬਤ ਕਰਨ ਲਈ ਆਦਰਸ਼ਵਾਦੀ ਧਾਰਨਾਵਾਂ ਨੂੰ ਵਿਕਸਤ ਕਰਨਾ ਸ਼ੁਰੂ ਕਰ ਦਿੱਤਾ ਤਾਂ ਕਿ ਵੱਖ ਵਰਤਾਰਿਆਂ ਬਾਰੇ ਪਦਾਰਥਵਾਦੀ ਵਿਚਾਰ ਨੂੰ ਲੜਾਈ ਦਿੱਤੀ ਜਾ ਸਕੇ। ਇਸ ਤਰ੍ਹਾਂ ਆਦਰਸ਼ਵਾਦ ਦਾ ਜਨਮ ਹੋਇਆ ਜੋ ਉਭਰ ਰਹੇ ਸੰਸਾਰ ਦ੍ਰਿਸ਼ਟੀਕੋਣ ਵਲ ਪ੍ਰਤੀਕਿਰਿਆ ਸੀ। ਇਸ ਤੋਂ ਅੱਗੇ ਜਾਗੀਰਦਾਰੀ ਅਤੇ ਸਰਮਾਏਦਾਰੀ ਸਮਾਜਾਂ 'ਚ ਵੀ ਆਦਰਸ਼ਵਾਦ ਲੁਟੇਰਿਆਂ ਦੇ ਹੱਥਾਂ 'ਚ ਧਰਮ ਨੂੰ ਵਾਜਬ ਠਹਿਰਾਉਣ ਦਾ ਸਿਧਾਂਤਕ ਅਧਾਰ ਬਣਿਆ ਰਿਹਾ ਹੈ। ਆਦਰਸ਼ਵਾਦ ਇਕ ਅਜਿਹਾ ਸੋਚ ਪ੍ਰਬੰਧ ਜਾਂ ਦਾਰਸ਼ਨਿਕ ਮੱਤ ਹੈ ਜੋ ਫਿਲਾਸਫਰੀ ਦੇ ਬੁਨਿਆਦੀ ਸੁਆਲ ਕਿ ਮੁੱਢਲਾ (primary) ਕੀ ਹੈ ? ਪਦਾਰਥ ਜਾਂ ਚੇਤਨਾ ? ਤੇ ਕੀ ਸੰਸਾਰ ਜਾਨਣਯੋਗ ਹੈ ? ਦੇ ਜੁਆਬ 'ਚ ਚੇਤਨਾ ਨੂੰ ਪਹਿਲਾ ਸਥਾਨ ਤੇ ਪਦਾਰਥ ਨੂੰ ਦੂਸਰਾ ਦਿੰਦਾ ਹੈ ਤੇ ਇਹ ਐਲਾਨਦਾ ਹੈ ਕਿ ਸੰਸਾਰ ਨੂੰ ਜਾਣਿਆ ਨਹੀਂ ਜਾ ਸਕਦਾ ਹੈ। ਇਸ ਵਲੋਂ ਸੰਸਾਰ ਦੇ ਵਿਕਾਸ ਦਾ ਕਾਰਨ ਜੋ ਉਸਦੇ ਵਜੂਦ 'ਚ ਸਮੋਏ ਵਿਰੋਧ ਨਹੀਂ ਬਲਕਿ ਕੋਈ ਸੰਪੂਰਨ ਵਿਚਾਰ (Absolute Idea) ਜਾਂ ਸ਼ਰਵਵਿਆਪਕ ਤਰਕ (Universal Logic) ਹੈ। ਇਸ ਤਰਾਂ ਇਹ ਵਿਚਾਰ ਨੂੰ ਪਦਾਰਥ ਤੇ ਸਮਾਜ ਦੀ ਚਾਲਕ ਸ਼ਕਤੀ ਦੇ ਰੂਪ 'ਚ ਪੇਸ਼ ਕਰਕੇ ਗੈਬੀ ਸ਼ਕਤੀਆਂ ਵਿਚ ਵਿਸ਼ਵਾਸ ਵੱਲ ਅੰਤਮ ਰੂਪ 'ਚ ਧਰਮ ਦੀ ਉਚਿੱਤਤਾ ਸਾਬਤ ਕਰਨ ਵਲ ਲੈ ਜਾਂਦਾ ਹੈ। ਵੱਖ ਵੱਖ ਇਤਿਹਾਸਕ ਦੌਰਾਂ ਦੁਰਾਨ ਆਦਰਸ਼ਵਾਦ ਦੀਆਂ ਅਨੇਕਾਂ ਵੰਨਗੀਆ ਹੋਂਦ 'ਚ ਆਉਂਦੀਆਂ ਰਹੀਆਂ ਹਨ ਪਰ ਸਾਰੀਆਂ ਦਾ ਤੱਤ ਰੂਪ 'ਚ ਕੋਈ ਫਰਕ ਨਹੀਂ। ਸਾਰੀਆਂ ਹੀ ਪਦਾਰਥ ਦੀ ਬਜਾਏ ਚੇਤਨਾ, ਵਿਚਾਰ, ਰੂਹ ਸੂਝ ਨੂੰ ਬੁਨਿਆਦੀ ਮੰਨਦੀਆਂ ਹਨ ਤੇ ਸੰਸਾਰ ਨੂੰ ਨਾ ਜਾਣਿਆ ਜਾ ਸਕਣ ਵਾਲਾ। ਜਿਥੇ ਵਿਚਾਰਾਂ ਦੇ ਪਦਾਰਥਵਾਦੀ ਪ੍ਰਬੰਧ ਦੇ ਮੁਕਾਬਲੇ ਤੇ ਆਦਰਸ਼ਵਾਦੀ ਪ੍ਰਬੰਧ ਧਰਮ ਦਾ ਸਿਧਾਂਤਕ ਅਧਾਰ ਬਣਦਾ ਹੈ। ਉਥੇ ਵਿਰੋਧ ਵਿਕਾਸ ਦੇ ਮੁਕਾਬਲੇ ਤੇ ਸੋਚ ਦਾ ਅਧਿਆਤਮਵਾਦੀ (Metaphysical) ਢੰਗ ਧਰਮ ਨੂੰ ਵਾਜਬ ਠਹਿਰਾਉਣ ਦਾ ਕਾਰਨ ਬਣਦਾ ਹੈ। ਜਿਸ ਅਨੁਸਾਰ ਚੀਜ਼ਾਂ, ਪਦਾਰਥ ਤੇ ਸੰਸਾਰ ਅਬਦਲ, ਸਥਿਰ ਅਤੇ ਇਕ ਦੂਜੇ ਤੋਂ ਅਜ਼ਾਦ ਹਨ।

## ਕੁਦਰਤ ਬਾਰੇ ਵਿਗਿਆਨਕ ਨਜ਼ਰੀਆ

ਵਿਗਿਆਨਕ ਨਜ਼ਰੀਏ ਅਨੁਸਾਰ ਪਦਾਰਥ ਆਨੰਤ ਕਾਲ ਤੋਂ ਹੋਂਦ 'ਚ ਹੈ ਜੋ ਲਗਾਤਾਰ ਹਰਕਤ 'ਚ ਤੇ ਵਿਕਾਸ ਕਰ ਰਿਹਾ ਹੈ ਇਸਨੂੰ ਨ ਖਤਮ ਕੀਤਾ ਜਾ ਸਕਦਾ ਹੈ ਤੇ ਨਾ ਹੀ ਕੋਈ ਅੱਲਾ, ਵਾਹਿਗੁਰੂ ਜਾਂ ਰੱਬ ਪੈਦਾ ਕਰ ਸਕਦਾ ਹੈ ਕੁਦਰਤੀ ਵਿਗਿਆਨਾਂ 'ਚ ਹੋਈਆਂ ਮਹੱਤਵਪੂਰਣ ਖੋਜਾਂ–ਸੈਲ ਬਣਤਰ, ਊਰਜਾ ਦਾ ਰੂਪ

ਪ੍ਰੀਵਰਤਨ ਅਤੇ ਡਾਰਵਿਨ ਦਾ ਵਿਕਾਸ ਸਿਧਾਂਤ— ਨੇ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਕਰਦਿਆਂ ਆਦਰਸ਼ਵਾਦੀ ਤੇ ਅਧਿਆਤਮਵਾਦੀ ਵਿਚਾਰਾਂ ਦੇ ਥੋਥ ਨੂੰ ਪੂਰੀ ਤਰ੍ਹਾਂ ਉਜਾਗਰ ਕਰ ਕੇ ਰੱਖ ਦਿੱਤਾ। ਚੇਤਨਾ, ਸੰਵੇ-ਦਨਾਵਾਂ, ਵਿਚਾਰ ਸਭ ਪਦਾਰਥ ਜਾਂ ਪ੍ਰਕਿਰਤੀ ਦੀ ਉਪਜ ਹਨ ਵਿਚਾਰ ਜਾਂ ਚੇਤਨਾ ਦਿਮਾਗ ਦੀ ਉਪਜਹਨ ਜੋ ਖੁਦ ਪਦਾਰਥ ਦਾ ਅਤਿ ਵਿਕਸਤ ਰੂਪ ਹੈ ਤੇ ਲੰਬੀ ਇਤਿਹਾ-ਸਕ ਪ੍ਰਕਿਰਿਆ ਦੋਰਨ ਹੋਂਦ 'ਚ ਆਇਆ ਹੈ। 19ਵੀਂ ਸਦੀ 'ਚ ਜੀਵ ਵਿਗਿਆਨ ਦੇ ਵਿਕਾਸ ਨੇ ਇਹ ਗੱਲ ਚਿੱਟੇ ਦਿਨ ਵਾਂਗ ਸਾਫ ਕਰ ਦਿਤੀ ਕਿ ਜਾਨਦਾਰ ਜੀਵ ਬੇਜਾਨ ਚੀਜ਼ਾਂ ਤੋਂ ਹੀ,ਪਦਾਰਥ ਦੇ ਵਿਕਾਸ਼ ਦੇ ਇੱਕ ਨਿਸਚਤ ਪੜਾਅ ਤੇ ਹੋਂਦ 'ਚ ਆਏ ਤੇ ਇਸਤਰਾਂ ਮਨੁੱਖ ਦਿਮਾਗ, ਤੇ ਇਸਦੀ ਉਪਜ ਵਿਚਾਰ ਇਹ ਬ੍ਰਹਿਮੰਡ, ਸੂਰਜ, ਚੰਦ ਤਾਰੇ ਤੇ ਹੋਰ ਅਣਗਿਣਤ ਤਾਰਾ ਮੰਡਲ ਕਿਸੇ ਸਰਵ-ਸ਼ਰੇਸ਼ਟ ਰੱਬ ਨੇ ਨਹੀਂ ਸਿਰਜੇ ਸਗੋਂ ਪਦਾਰਥ ਤੋਂ ਹੀ ਬਣੇ ਹੋਏ ਹਨ। ਪਦਾਰਥ ਆਪਣੇ ਆਪ 'ਚ ਪੂਰਨ (adsolute) ਹੈ ਜਦੋਂ ਕਿ ਚੇਤੰਨਤਾ ਹਾਲਤਾਂ ਤੇ ਨਿਰ-ਭਰ (ਸਾਪੇਖਿਕ, Ralative) ਹੈ। ਮਨੁੱਖ ਨੂੰ ਦਿਮਾਗੀ ਸੱਟ ਲੱਗ ਜਾਣ ਕਾਰਣ ਬੇਹੋਸ਼ ਹੋਣ ਤੇ ਉਸਦੀ ਚੇਤੰਨਾ ਸ਼ਕਤੀ ਨਸ਼ਟ ਹੋ ਜਾਂਦੀ ਹੈ ਤੇ ਇਸੇਤਰ੍ਹਾਂ ਮਨੁੱਖ ਦੀ ਮੌਤ ਹੋਣ ਤੇ ਉਸਦੀ ਚੇਤਨਾ ਸਦਾ ਲਈ ਖਤਮ ਹੋ ਜਾਂਦੀ ਹੈ ਪਰ ਪਦਾਰਥ ਫਿਰ ਵੀ ਕਾਇਮ ਰਹਿੰਦਾ ਹੈ। ਰਸਾਇਣ ਵਿਗਿਆਨ ਅਤੇ ਭੌਤਿਕ ਵਿਗਿਆਨ ਨੇ ਵੱਖ ਵੱਖ ਤੱਤਾਂ ਦੀ ਰਸਾਇਣਕ ਬਣਤਰ ਦਾ ਪਤਾ ਲਗਾ ਕੇ ਤੇ ਉਸ ਨੂੰ ਖੁਦ ਤਿਆਰ ਕਰਕੇ ਇਹ ਸਾਬਤ ਕਰ ਦਿਤਾ ਹੈ ਕਿ ਸੰਸਾਰ ਨੂੰ ਜਾਣਿਆ ਜਾ ਸਕਦਾ ਹੈ। ਇਹ ਕਿਸੇ 'ਕਰਨੀ-ਹਾਰ' ਦੀ ਅਜਿਹੀ 'ਲੀਲਾ' ਨਹੀਂ ਜਿਸਦਾ ਭੇਦ ਨਹੀ ਪਾਇਆ ਜਾ ਸਕਦਾ ਪ੍ਰਕਿਰਤੀ ਤੇ ਸਮਾਜ ਦਾ ਵਿਕਾਸ ਆਮ ਨਿਯਮਾਂ ਤੇ ਅਧਾਰਤ ਹੈ ਜਿਹੜੇ ਕਿ ਵਿਰੋਧੀਆਂ ਦੀ ਏਕਤਾ ਤੇ ਸੰਘਰਸ਼, ਮਿਕਦਾਰੀ ਤੋਂ ਸਿਫਤੀ ਤਬਦੀਲੀ ਤੇ ਨਿਖੇਧ ਦਾਂ ਨਿਖੇਧ ਦੇ ਕਾਨੂੰਨਾਂ ਦੇ ਰੂਪ 'ਚ ਜਾਣੇ ਜਾ ਚੁੱਕੇ ਹਨ। ਮਨੁੱਖੀ ਗਿਆਨ ਵੀ ਨਿਯਮਬੱਧ ਹੈ ਜਿਹੜਾ ਕਿ ਸਮਾਜੀ ਅਮਲ ਦੀ ਉਪਜ ਹੈ ਤੇ ਮੋੜਵੇਂ ਰੂਪ 'ਚ ਇਸ ਤੇ ਅਸਰ ਪਾਉਂਦਾ ਹੈ ਬਿੱਲਕੁਲ ਉਸ ਤਰ੍ਹਾਂ ਜਿਸ ਤਰ੍ਹਾਂ ਪ੍ਰਕਿਰਤੀ ਦੀ ਵਿਸ਼ੇਸ਼ ਉਪਜ ਮਨੁੱਖ ਪ੍ਰਕਿਰਤੀ ਨੂੰ ਤਬਦੀਲ ਕਰਦਾ ਹੈ। ਇਸ ਤਰ੍ਹਾਂ ਖੁਗੋਲ ਵਿਗਿਆਨ ਵਿਚ ਹੋਈਆਂ ਖੋਜਾਂ ਨੇ ਸੂਰਜ, ਚੰਦਰਮਾਂ ਦੇ ਚੱਕਰ ਪੱਥਾਂ ਦਾ ਪਤਾ ਕਰਕੇ ਇਨ੍ਹਾਂ 'ਦੇਵਤਿਆਂ' ਨੂੰ ਦਿਤੇ ਜਾਣ ਵਾਲੇ ਕਸ਼ਟਾਂ (ਗ੍ਰਹਿਣ ਦਾ ਲਗਣਾ) ਦੇ ਕਾਰਨ ਲੱਭ ਲਏ। ਵਿਗਿਆਨ ਦੀ ਅਗਲੀ ਤਰੱਕੀ ਨੇ ਅਥਾਹ ਖੋਜਾਂ ਕਰਕੇ ਪ੍ਰਕਿਰਤੀ ਦੇ ਕਿੰਨੇ ਹੀ ਭੇਦਾਂ ਨੂੰ ਪਾ ਲਿਆ ਹੈ.ਕਿੰਨੇ ਹੀ ਪਾਏ ਜਾ ਰਹੇ ਹਨ ਤੇ ਹੋਰ ਕਿੰਨੇ ਹੀ ਆਉਣ ਵਾਲੇ ਸਮੇਂ 'ਚ ਪਾ ਲਏ ਜਾਣਗੇ।

## ਧਰਮ ਖਿਲਾਫ਼ ਜਦੋ ਜਹਿਦ ਦਾ ਸਹੀ ਰੁਖ ਕੀ ਹੋਵੇ?

ਅਸੀਂ ਦੇਖਿਆ ਹੈ ਕਿ ਧਰਮ ਵਿਸੇਸ਼ ਸਮਾਜਿਕ ਹਾਲਤਾਂ ਦੀ ਉਪਜ ਹੈ ਅਤੇ ਮਨੁੱਖੀ ਇਤਹਾਸ ਦੇ ਇਕ ਨਿਸਚਤ ਪੜਾਅ ਤੇ ਹੋਂਦ 'ਚ ਆਇਆ ਤੇ ਉਸ ਤੋਂ ਬਾਦ ਵੱਖ ਵੱਖ ਰੂਪਾਂ 'ਚ ਤੱਤ ਰੂਪ 'ਚ ਧਰਮ ਨੂੰ ਜਨਮ ਦੇਣ ਵਾਲੀ ਤੇ ਕਾਇਮ ਰੱਖਣ ਵਾਲੀ ਪਦਾਰਥਕ ਜਾਂ ਸਮਾਜਕ ਹਾਲਤਾਂ ਕਾਇਮ ਰਹੀਆਂ ਤੇ ਸਿੱਟੇ ਵਜੋਂ ਧਰਮ ਕਾਇਮ ਰਿਹਾ। ਅੱਜ ਵੀ ਸਾਮਰਾਜੀ ਯੁੱਗ 'ਚ ਉਹ ਤਾਕਤਾਂ ਕਾ-ਇਮ ਹਨ ਤੇ ਇਸ ਤਰ੍ਹਾਂ ਧਰਮ ਦੀਆਂ ਅਨੇਕਾਂ ਵੰਨਗੀਆਂ ਟੈਲੀਵੀਜ਼ਨਾਂ, ਫਿਲਮਾਂ ਤੇ ਬੁਰਜੂਆ ਪ੍ਰੈਸ ਦੀ ਸ਼ਿੰਗਾਰ ਬਣੀਆਂ ਹੋਈਆਂ ਹਨ। ਇਸ ਲਈ ਸਭ ਤੋਂ ਮੁੱਢਲੀ ਗੱਲ ਜੇਕਰ ਅਸੀਂ ਧਾਰਮਕ ਅੰਧਵਿਸ਼ਵਾਸ਼ ਦੀ ਕਾਲੀ ਬੋਲੀ ਰਾਤ ਜਿਸ 'ਚ ਕਿਰਤੀ ਆਪਣੇ ਸਰਮਾਏ ਦੁਆਰਾ ਹੁੰਦੀ ਲੁੱਟ ਨੂੰ ਵੇਖਣ ਤੋਂ ਅਸਮਰਥ ਹੈ, ਨੂੰ ਖਤਮ ਕਰਨਾ ਚਾਹੁੰਦੇ ਹਾਂ ਲਾਜ਼ਮੀ ਸਾਨੂੰ ਪਹਿਲ ਪ੍ਰਿਥਮੇਂ ਆਪਣੇ ਅਮਲ ਦੀ ਮੁੱਖ ਧਾਰ ਇਨ੍ਹਾਂ ਹਾਲਤਾਂ ਨੂੰ ਤਬਦੀਲ ਕਰਨ ਵਲ ਸੇਧਤ ਕਰਣੀ ਚਾਹੀਦੀ ਹੈ। ਧਰਮ ਦਾ ਖਾਤਮਾ ਸਿਰਫ ਸ਼ਬਦੀ ਗੋਲੇ ਦਾਗ ਕੇ ਨਹੀਂ ਕੀਤਾ ਜਾ ਸਕਦਾ। ਇਸ ਲਈ ਪ੍ਰੋਲੇਤਾਰੀ ਇਨਕਲਾਬ ਹੀ ਅੱਜ ਦੀ ਹਾਲਤ 'ਚ ਅਜਿਹਾ ਹਥਿਆਰ ਹੈ ਜੋ ਇਸ ਲੁਟੇਰੇ ਨਿਜ਼ਾਮਾਂ ਦਾ ਖਾਤਮਾ ਕਰ-ਦਿਆਂ ਆਪਣੇ ਆਪ 'ਚ ਧਰਮ ਦੀਆਂ ਸਮਾਜਿਕ ਜੜ੍ਹਾਂ 'ਚ ਦਾਤੀ ਪਾਵੇਗਾ ਅਤੇ ਅੰਤ ਇਸ ਦੇ ਮੁਕੰਮਲ ਖਾਤਮੇ ਦਾ ਰਾਹ ਖੋਲੇਗਾ। ਐਂਗਲਜ਼ ਦੇ ਕਥਨ ਅਨੁਸਾਰ— "ਜਦੋਂ ਸਮਾਜ ਪੈਦਾਵਾਰ ਦੇ ਸਾਧਨਾਂ ਦਾ ਕਬਜ਼ਾ ਲੈਂਦਿਆਂ ਅਤੇ ਉਨ੍ਹਾਂ ਦੀ ਯੋਜਨਾਬੱਧ ਆਦਾਰ ਤੇ ਵਰਤੋਂ ਕਰਦਿਆਂ ਆਪਣੇ ਆਪ ਨੂੰ ਅਤੇ ਆਪਣੇ ਸਾਰੇ ਮੈਂਬਰਾਂ ਨੂੰ ਬੰਧਕ ਤੋਂ ਮੁਕਤ ਕਰਾ ਚੁੱਕਾ ਹੋਵੇਗਾ ਜਿਸ ਵਿਚ ਉਹ ਹੁਣ ਇਨ੍ਹਾਂ ਪੈਦਾਵਾਰ ਦੇ ਸਾਧਨਾਂ ਰਾਹੀਂ ਜਕੜੇ ਹੋਏ ਹਨ, ਜਿਨ੍ਹਾਂ ਨੂੰ ਖੁਦ ਉਨ੍ਹਾਂ ਨੇ ਪੈਦਾ ਕੀਤਾ ਹੈ ਪਰੰਤੂ ਜਿਸ ਦਾ ਉਹ ਇਕ ਬੇਰੋਕ ਪਰਾਈ ਤਾਕਤ ਦੇ ਤੌਰ 'ਤੇ ਸਾਹਮਣਾ ਕਰਦੇ ਹਨ, ਜਦੋਂ ਇਸਤਰ੍ਹਾਂ ਕਰਕੇ ਮਨੁੱਖ ਸਿਰਫ਼ ਬਣਾਏਗਾ ਹੀ ਨਹੀਂ ਬਲਕਿ ਢਾਹੇਗਾ ਵੀ। ਸਿਰਫ਼ ਤੱਦ ਹੀ ਆਖਰੀ ਪਰਾਈ ਤਾਕਤ ਜਿਹੜੀ ਅਜੇ ਵੀ ਧਰਮ 'ਚ ਪ੍ਰਤੀਬਿੰਬਤ ਹੁੰਦੀ ਹੈ, ਖਤਮ ਹੋਵੇਗੀ ਅਤੇ ਇਸ ਦੇ ਨਾਲ ਖੁਦ ਧਾਰਮਕ ਪ੍ਰਤੀ-ਬਿੰਬ ਵੀ ਖਤਮ ਹੋ ਜਾਵੇਗਾ, ਇਸ ਸਿੱਧੇ ਜਿਹੇ ਕਾਰਨ ਕਰਕੇ ਕਿ ਤਦ ਪ੍ਰਤੀਬਿੰਬਤ ਹੋਣ ਲਈ ਕੁਝ ਨਹੀਂ ਬਚੇਗਾ (ਐਂਟੀ ਡਿਹ੍ਰਰਿੰਗ ਚੋਂ) ਇਸੇ ਤਰ੍ਹਾਂ ਦਾ ਵਿਚਾਰ ਹੀ ਮਾਰਕਸ ਅਤੇ ਐਂਗਲਜ਼ ਦੁਆਰਾ 'ਜਰਮਨ ਵਿਚਾਰਧਾਰਾ'

ਨਾਮੀ ਲਿਖਤ 'ਚ ਪੇਸ਼ ਕੀਤਾ ਸੀ। ਜਿਸ ਵਿਚ ਉਨ੍ਹਾਂ ਲਿਖਿਆ ਹੈ ਕਿ "ਚੇਤਨਾ ਦੇ ਸਾਰੇ ਰੂਪਾਂ ਅਤੇ ਪੈਦਾਇਸ਼ਾਂ ਨੂੰ ਮਾਨਸਕ ਆਲੋਚਨਾ ਰਾਹੀਂ ਖਤਮ ਨਹੀਂ ਕੀਤਾ ਜਾ ਸਕਦਾ ਬਲਕਿ ਸਿਰਫ਼ ਅਸਲੀ ਸਮਾਜੀ ਸਬੰਧਾਂ ਨੂੰ ਉਖਾੜ ਸੁੱਟਣ ਰਾਹੀਂ ਜਿਸਨੇ ਇਸ ਆਦਰਸ਼ਵਾਦੀ ਛਲਾਵੇ (Humbug) ਨੂੰ ਜਨਮ ਦਿਤਾ, ਕਿ ਅਲੋਚਨਾਂ ਨਹੀਂ ਬਲਕਿ ਇਨਕਲਾਬ ਇਤਹਾਸ ਦੀ ਚਾਲਕ ਸ਼ਕਤੀ ਹੈ, ਧਰਮ, ਸਿਧਾਂਤ, ਦਰਸ਼ਨ ਦੀਆਂ ਸਾਰੀਆਂ ਕਿਸਮਾਂ ਵੀ।" ਹੋਰ ਅੱਗੇ ਇਕ ਲਿਖਤ 'ਚ ਮਾਰਕਸ ਅਤੇ ਐਂਗਲਜ ਵਲੋਂ ਧਰਮ ਦੇ ਪਰਸੰਗ 'ਚ ਪ੍ਰੋਲੇਤਾਰੀ ਇਨਕਲਾਬ ਦੀ ਵਿੱਲਖਣਤਾ ਇਸ ਤਰ੍ਹਾਂ ਬਿਆਨ ਕੀਤੀ ਗਈ ਹੈ

"ਸਮਾਜਿਕ ਹਾਲਤ 'ਚ ਹਰੇਕ ਮਹਾਨ ਇਤਹਾਸਕ ਇਨਕਲਾਬ ਨਾਲ ਮਨੁੱਖ ਦੇ ਵਿਚਾਰ ਅਤੇ ਨਜ਼ਰੀਆ ਅਤੇ ਸਿੱਟੇ ਵਜੋਂ ਉਨ੍ਹਾਂ ਦੇ ਧਾਰਮਕ ਵਿਚਾਰਾਂ ਦਾ ਇਨਕਲਾਬੀ ਕਰਨ ਹੁੰਦਾ ਹੈ। ਮੌਜੂਦਾ ਇਨਕਲਾਬ ਅਤੇ ਪਹਿਲਾਂ ਸਾਰੇ ਇਨਕਲਾਬ 'ਚ ਫਰਕ ਇਸ ਤੱਥ 'ਚ ਪਿਆ ਹੈ ਕਿ ਮਨੁੱਖ ਨੇ ਇਤਹਾਸਕ ਇਨਕਲਾਬ ਦੇ ਭੇਦ ਨੂੰ ਪਾ ਲਿਆ ਹੈ ਅੰਤੇ ਇਸ ਤਰ੍ਹਾਂ ਇਕ ਵਾਰੀ ਅਸਲੀ, "ਬਾਹਰੀ" ਪ੍ਰਕਿਰਿਆ ਨੂੰ ਇਕ ਨਵੇਂ ਧਰਮ ਦੇ ਉਤਸ਼ਾਹ ਜਨਕ ਰੂਪ ਤੱਕ ਉਚਿਆਉਣ ਦੀ ਬਜਾਏ ਆਪਣੇ ਆਪ ਨੂੰ ਸਭ ਧਰਮ ਤੋਂ ਮੁਕਤ ਕਰ ਲੈਂਦਾ ਹੈ। (ਡਾਉਂਮਰ ਦੇ ਨਵੇਂ ਯੁਗ ਦਾ ਧਰਮ ਦਾ ਰਿਵਿਊ 'ਚ ਮਾਰਕਸ-ਐਂਗਲਜ) ਪ੍ਰੋਲੇਤਾਰੀ ਜਮਾਤ ਦੇ ਆਗੂ ਕਾਂ. ਲੈਨਿਨ ਨੇ ਵੀ ਧਰਮ ਦੀਆਂ ਸਮਾਜਿਕ ਜੜ੍ਹਾਂ ਨੂੰ ਖਤਮ ਕਰਨ ਤੇ ਜ਼ੋਰ ਦਿੱਤਾ ਉਨ੍ਹਾਂ ਕਿਹਾ ਕਿ "ਕੋਈ ਵੀ ਸਿਖਿਆਦਾਇਕ ਪੁਸਤਕ ਜੰਤਾ ਦੇ ਮਨ੍ਹਾਂ ਵਿਚੋਂ, ਜੋ ਸਰਮਾਏਦਾਰੀ ਦੀ ਸਖਤ ਮਿਹਨਤ ਹੇਠ ਪਿਸ ਰਹੀ ਹੈ ਅਤੇ ਜੋ ਪੂੰਜੀਵਾਦ ਦੀਆਂ ਅੰਨ੍ਹੀਆਂ ਵਿਨਾਸ਼ਕਾਰੀ ਸ਼ਕਤੀਆਂ ਦੇ ਰਹਿਮ ਤੇ ਹੈ: ਧਰਮ ਨੂੰ ਮਿਟਾ ਨਹੀਂ ਸਕਦੀ ਜਿੰਨੀ ਦੇਰ ਉਹ ਲੋਕ ਆਪ ਧਰਮ ਦੀ ਇਸ ਜੜ ਵਿਰੁੱਧ ਹਰੇਕ ਰੂਪ ਵਿਚ "ਸਰਮਾਏ (ਪੂੰਜੀ) ਦੀ ਹਕੂਮਤ' ਵਿਰੁੱਧ ਇੱਕ ਮੁੱਠ, ਜੱਥੇਬੰਦ, ਵਿਉਂਤਬੰਦ ਅਤੇ ਸੁਚੇਤ ਢੰਗ ਨਾਲ ਲੜਨਾ ਨਹੀਂ ਸਿੱਖਦੇ।" (ਮਿਹਨਤਕਸ਼ਾਂ ਦੀ ਪਾਰਟੀ ਦਾ ਧਰਮ ਪ੍ਰਤੀ-ਵਤੀਰਾ) ਹੋਰ ਅੱਗੇ "ਪੈਂਫਲਿਟਾਂ ਦੀ ਗਿਣਤੀ ਭਾਵੇਂ ਕਿੰਨੀ ਵੀ ਹੋਵੇ ਅਤੇ ਪ੍ਰਚਾਰ ਦੀ ਮਾਤਰਾ ਭਾਵੇਂ ਕਿੰਨੀ ਵੀ ਹੋਵੇ, ਉਹ ਪ੍ਰੋਲੇਤਾਰੀਆਂ ਨੂੰ ਸੂਝ ਨਹੀਂ ਪ੍ਰਦਾਨ ਕਰ ਸਕਦੀ, ਜੇਕਰ ਉਹ ਪੂੰਜੀਵਾਦ ਦੀਆਂ ਹਨੇਰੀਆਂ ਸ਼ਕਤੀਆਂ ਵਿਰੁੱਧ ਆਪਣੇ ਸੰਘਰਸ਼ ਦੁਆਰਾ ਆਪ ਪ੍ਰਬੁਧ ਨਹੀਂ ਹੁੰਦਾ। ਧਰਤੀ ਤੇ ਸਵਰਗ ਦੀ ਸਥਾਪਨਾ ਲਈ ਦੱਬੇ ਕੁਚਲੇ ਵਰਗ ਦੀ ਇਸ ਅਸਲ ਇਨਕਲਾਬੀ ਸੰਘਰਸ਼ ਵਿੱਚ ਏਕਤਾ, ਸਾਡੇ ਵਾਸਤੇ ਅਕਾਸ਼ ਵਿੱਚ ਸਵਰਗ ਬਾਰੇ ਪ੍ਰੋਲੇਤਾਰੀ ਰਾਇ ਦੀ ਏਕਤਾ ਨਾਲੋਂ ਵਧੇਰੇ ਮਹੱਤਵਪੂਰਨ ਹੈ।" (ਉਹੀ)

ਉਪਰੋਕਤ ਤੋਂ ਸਪੱਸ਼ਟ ਹੈ ਕਿ ਧਰਮ ਖਿਲਾਫ ਲੜਾਈ 'ਚ ਸਾਡਾ ਕੁੰਜੀਵਤ ਨੁਕਤਾ ਉਨ੍ਹਾਂ ਸਮਾਜਿਕ ਹਾਲਤਾਂ ਦੀ ਤਬਦੀਲੀ ਲਈ ਜੂਝਣਾ ਬਣਦਾ ਹੈ ਜੋ ਧਰਮ ਦੀਆਂ ਅਸਲੀ ਜੜ੍ਹਾਂ ਹਨ। ਇਸ ਤੋਂ ਤਿਲਕ ਕੇ ਸਾਡੇ ਵਲੋਂ ਕੀਤੀ ਕੋਈ ਵੀ ਕਾਰਗੁਜ਼ਾਰੀ ਬੇਅਰਥ ਹੋਵੇਗੀ ਜੋ ਗਲਤ ਸਿੱਟੇ ਕੱਢਣ ਲਈ ਬੁੱਝੀ ਹੋਵੇਗੀ। ਭਾਵ ਸਾਨੂੰ ਧਰਮ ਵਿਰੁੱਧ ਘੋਲ ਨੂੰ ਜਮਾਤੀ ਸੰਘਰਸ਼ ਦੇ ਅਧਾਰ ਤੇ ਲੈਣਾ ਚਾਹੀਦਾ ਹੈ—ਧਰਮ ਵਿਰੁੱਧ ਸੰਘਰਸ਼ ਨੂੰ ਸੋਸ਼ਲਿਜਮ ਲਈ ਘੋਲ ਦੇ ਤਾਬੇ ਕਰਨ ਦਾ ਅਰਥ ਇਹ ਕਦਾਚਿਤ ਨਹੀਂ ਕਿ ਸਾਨੂੰ ਨਾਸਤਿਕਤਾ ਜਾਂ ਵਿਗਿਆਨਕ ਵਿਚਾਰਾਂ ਦਾ ਪ੍ਰਚਾਰ ਪ੍ਰਸਾਰ ਨਹੀਂ ਕਰਨਾ ਚਾਹੀਦਾ ਜਾਂ ਸਾਨੂੰ ਸਿੱਖਿਆਦਾਇਕ ਵਿਗਿਆਨਕ ਪੁਸਤਕਾਂ ਤੇ ਹੋਰ ਲਿਟਰੇਚਰ ਨੂੰ ਛਾਪ ਕੇ ਜਨਤਾ 'ਚ ਨਹੀਂ ਵੰਡਣਾ ਚਾਹੀਦਾ ਲੈਨਿਨ ਕਹਿੰਦਾ ਹੈ ਕਿ ਇਸਦਾ ਅਰਥ ਇਹ ਹੈ ਕਿ ਸ਼ੋਸ਼ਲ ਡੈਮੋਕਰੇਸੀ ਦਾ ਸਥਾਨਕ ਪ੍ਰਾਪੇਗੰਡਾ ਉਸਦੇ ਬੁਨਿਆਦੀ ਕਾਰਜ-ਲੋਟੂਆਂ ਵਿਰੁੱਧ ਲੁਟੇ ਜਾਣ ਵਾਲੇ ਸਮੂਹਾਂ ਦੇ ਜਮਾਤੀ ਘੋਲ ਦੇ ਵਿਕਾਸ ਦੇ ਅਧੀਨ ਹੋਣਾ ਚਾਹੀਦਾ ਹੈ।" (ਉਹੀ) ਇਸ ਰੋਸ਼ਨੀ 'ਚ ਸਾਨੂੰ ਧਰਮ ਵਿਰੁੱਧ ਪ੍ਰਚਾਰ ਨੂੰ ਨਿਰਾ ਖਿਆਲੀ ਸਿਧਾਂਤਕ ਪ੍ਰਚਾਰ ਨਾ ਬਣਾਕੇ ਜਮਾਤੀ ਲਹਿਰ ਦੇ ਅਜੋਕੇ ਠੋਸ ਅਮਲੀ ਕਾਰਜ ਪਾਰਟੀ ਉਸਾਰੀ ਨਾਲ ਜੋੜਨਾ ਚਾਹੀਦਾ ਹੈ। ਸਾਨੂੰ ਜਨਤਾ 'ਚ ਪਦਾਰਥਵਾਦੀ ਨਜ਼ਰੀਏ ਤੋਂ ਧਰਮ ਅਤੇ ਹਰ ਤਰ੍ਹਾਂ ਦੇ ਅੰਧ ਵਿਸ਼ਵਾਸ਼ ਦੇ ਸਰੋਤ ਦੀ ਵਿਆਖਿਆ ਕਰਨੀ ਚਾਹੀਦੀ ਹੈ ਇਸ ਮਕਸਦ ਲਈ ਵਿਗਿਆਨਕ ਨਜ਼ਰੀਏ ਤੇ ਅਧਾਰਤ ਸਾਹਿਤ ਪ੍ਰਕਾਸ਼ਤ ਕਰਕੇ ਵੱਡੇ ਪੱਧਰ ਤੇ ਵੰਡਣਾ ਚਾਹੀਦਾ ਹੈ ਸਾਡੇ ਪ੍ਰਚਾਰ ਪ੍ਰਸਾਰ 'ਚ ਨਾਸਤਕਤਾ ਦਾ ਪ੍ਰਚਾਰ ਜ਼ਰੂਰੀ ਹੋਣਾ ਚਾਹੀਦਾ ਹੈ। ਕਿਉਂਕਿ ਧਾਰਮਿਕ ਅੰਧ ਵਿਸ਼ਵਾਸ਼ ਦਾ ਟਾਕਰਾ ਕਿਸੇ 'ਦਰੁੱਸਤ ਧਰਮ' ਦੇ ਅਧਾਰ ਤੇ ਨਹੀਂ ਕੀਤਾ ਜਾ ਸਕਦਾ ਇਸ ਲਈ ਸਾਨੂੰ ਆਦਰਸ਼-ਵਾਦ ਅਤੇ ਅਧਿਆਤਵਾਦੀ ਪਿਛਾਖੜੀ ਸੰਸਾਰ ਨਜ਼ਰੀਏ ਦੇ ਮੁਕਾਬਲੇ ਤੇ ਹਕੀਕੀ ਤੇ ਵਿਗਿਆਨਕ ਸੰਸਾਰ ਨਜ਼ਰੀਏ ਵਿਰੋਧ ਵਿਕਾਸੀ ਪਦਾਰੱਥਵਾਦ ਨੂੰ ਫੈਲਾਉਣਾ ਚਾਹੀਦਾ ਹੈ। ਪਰ ਅਜਿਹਾ ਕਰਦਿਆਂ ਰੱਬ ਦੇ ਸ਼ਰਧਾਲੂਆਂ ਦੇ ਧਾਰਮਿਕ ਜਜ਼ਬਾਤਾਂ ਨੂੰ ਕਿਸੇ ਕਿਸਮ ਦੀ ਠੇਸ ਪਹੁੰਚਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਅਜਿਹਾ ਕਰਨ ਨਾਲ ਉਨ੍ਹਾਂ 'ਚ ਧਾਰਮਿਕ ਕੱਟੜਪੁਣਾ ਵਧਦਾ ਹੈ ਐਂਗਲਜ ਦੇ ਕਹਿਣ ਅਨੁਸਾਰ ਧਰਮ ਦੇ ਪ੍ਰਚਾਰ ਦੇ ਮਾਮਲੇ 'ਚ ਕਿਸੇ ਕਿਸਮ ਦੀ ਧਿੰਗੋਜੋਰੀ ਲੋਕਾਂ ਨੂੰ ਕੱਟੜ ਧਾਰਮਿਕ ਬਣਾਉਣ ਵਲ ਲੈ ਜਾਂਦੀ ਹੈ ਅਤੇ ਮਿਹਨਤਕਸ਼ਾਂ ਦੀ

ਪਾਰਟੀ ਨੂੰ ਪ੍ਰੋਲੇਤਾਰੀਅਤ ਦੀ ਪਾਰਟੀ ਨੂੰ ਸਿਖਿਅਤ ਅਤੇ ਜਥੇਬੰਦ ਕਰਨ ਦੇ ਕਾਰਜ ਲਈ ਗੰਭੀਰਤਾ ਨਾਲ ਕੰਮ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਜਿਸ ਨਾਲ ਧਰਮ ਦਾ ਖਾਤਮਾ ਹੋਵੇਗਾ ਅਤੇ ਪਾਰਟੀ ਨੂੰ ਧਰਮ-ਨਾਲ-ਰਾਜਨੀਤਕ ਜੰਗ ਦਾ ਜੂਆ ਨਹੀਂ ਖੇਡਣਾ ਚਾਹੀਦਾ।

ਮਾਰਕਸਵਾਦੀ-ਲੈਨਿਨਵਾਦੀ ਦ੍ਰਿਸ਼ਟੀਕੋਣ ਤੋਂ ਜਿਥੇ ਅਸੀਂ ਇਹ ਸਮਝਦੇ ਹਾਂ ਕਿ ਕਿਰਤੀ ਲੋਕਾਂ ਦੇ ਮੁਕਤੀ ਸੰਗਰਾਮ ਦੇ ਅਗਵਾਨੂੰ ਕਮਿਊਨਿਸਟਾਂ ਲਈ ਧਰਮ ਵਿਰੁੱਧ ਸਿਧਾਂਤਕ ਸੰਘਰਸ਼ ਸਮੁੱਚੀ ਪ੍ਰੋਲੇਤਾਰੀ ਜਮਾਤ ਦਾ ਮਸਲਾ ਹੈ। ਉਥੇ ਉਸ ਨੂੰ ਰਾਜ ਦੇ ਸੰਬੰਧ 'ਚ ਧਰਮ ਨੂੰ ਇਕ ਨਿੱਜੀ ਮਾਮਲਾ ਗਰਦਾਨਣ ਦੀ ਮੰਗ ਕਰਨੀ ਚਾਹੀਦੀ ਹੈ। ਸਾਨੂੰ ਆਪਣੇ ਪ੍ਰਚਾਰ ਪ੍ਰਸਾਰ ਦੁਰਾਨ ਇਹ ਗੱਲ ਲੈ ਕੇ ਜਾਣੀ ਚਾਹੀਦੀ ਹੈ ਕਿ ਹਰ ਇਕ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਤੇ ਉਨ੍ਹਾਂ ਦਾ ਪ੍ਰਚਾਰ ਪ੍ਰਸਾਰ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ ਚਾਹੇ ਕਿਸੇ ਵੀ ਧਰਮ ਨਾਲ ਸੰਬੰਧਿਤ ਹੋਣ ਜਾਂ ਨਾਸਤਿਕ। ਕਿਸੇ ਭਿੰਡਰਾਂਵਾਲੇ ਜਾਂ ਖ਼ਾਲਸਤਾਨੀਏ ਨੂੰ ਤਾਕਤ ਦੇ ਜ਼ੋਰ ਕਿਸੇ ਹਿੰਦੂ ਧਰਮ ਜਾਂ ਨਿਰੰਕਾਰੀ ਮਿਸ਼ਨ ਨੂੰ ਖਤਮ ਕਰਨ ਦਾ ਕੋਈ ਹੱਕ ਨਹੀਂ ਹੋਣਾ ਚਾਹੀਦਾ। ਸਾਨੂੰ ਇਹ ਗੱਲ ਜਨਤਾ 'ਚ ਲੈ ਕੇ ਜਾਣੀ ਚਾਹੀਦੀ ਹੈ ਕਿ ਧਰਮ ਦੇ ਨਾਂ ਤੇ ਵਿਦਿਅਕ ਸੰਸਥਾਵਾਂ ਖੋਲ੍ਹਣੀਆਂ ਬੰਦ ਹੋਣੀਆਂ ਚਾਹੀਦੀਆਂ ਹਨ ਤੇ ਧਰਮ ਦੇ ਅਧਾਰ ਤੇ ਲੋਕਾਂ ਨਾਲ ਕਿਸੇ ਵੀ ਕਿਸਮ ਦਾ ਵਿਤਕਰਾ ਨਹੀਂ ਹੋਣਾ ਚਾਹੀਦਾ ਅਤੇ ਸਰਕਾਰੀ ਕਾਗਜ਼ਾਂ 'ਚ ਨਾਗਰਿਕਾਂ ਦੇ ਧਰਮ ਦਾ ਜ਼ਿਕਰ ਨਹੀਂ ਹੋਣਾ ਚਾਹੀਦਾ ਹੈ। ਧਾਰਮਿਕ ਸੰਸਥਾਵਾਂ ਅਤੇ ਸਰਕਾਰੀ ਕਾਗਜ਼ਾਂ 'ਚ ਨਾਗਰਿਕਾਂ ਦੇ ਧਰਮ ਦਾ ਜ਼ਿਕਰ ਕਰਨਾ ਬੰਦ ਕਰਨਾ ਚਾਹੀਦਾ ਹੈ। ਧਾਰਮਿਕ ਸੰਸਥਾਵਾਂ ਅਤੇ ਸਰਕਾਰੀ ਅਧਿਕਾਰੀਆਂ 'ਚ ਕੋਈ ਸੰਬੰਧ ਨਹੀਂ ਹੋਣਾ ਚਾਹੀਦਾ ਤੇ ਰਾਜ ਵਲੋਂ ਧਾਰਮਿਕ ਸੰਸਥਾਵਾਂ ਨੂੰ ਕਿਸੇ ਕਿਸਮ ਦੀ ਸਹਾਇਤਾ ਨਹੀਂ ਦਿੱਤੀ ਜਾਣੀ ਚਾਹੀਦੀ ਤੇ ਉਹ ਮਿਲਦੇ ਜੁਲਦੇ ਵਿਚਾਰਾਂ ਵਾਲੇ ਲੋਕਾਂ ਦੀਆਂ ਅਜ਼ਾਦ ਸੰਸਥਾਵਾਂ ਹੋਣੀਆਂ ਚਾਹੀਦੀਆਂ ਹਨ ਅਜਿਹੀ ਪ੍ਰਚਾਰ ਮੁਹਿੰਮ ਦੁਰਾਨ ਲੋਕਾਂ ਦੀ ਚੱਲ ਰਹੀ ਜਮਾਤੀ ਜਦੋ ਜਹਿਦ ਦੁਰਾਨ ਧਰਮ ਦੇ ਅਧਾਰ ਤੇ ਲੋਕਾਂ 'ਚ ਵਾਹੀ ਜਾਣ ਵਾਲੀ ਕਿਸੇ ਵੀ ਕਿਸਮ ਦੀ ਲੀਕ ਦਾ ਡਟਵਾਂ ਵਿਰੋਧ ਕਰਨਾ ਚਾਹੀਦਾ ਹੈ ਅਤੇ ਸਾਨੂੰ ਇਹ ਗੱਲ ਮਨ 'ਚ ਵਸਾ ਲੈਣੀ ਚਾਹੀਦੀ ਹੈ ਕਿ ਵਿਗਿਆਨਕ ਸਿਧਾਂਤ ਦੀ ਅਗਵਾਈ ਪ੍ਰੋਲੇਤਾਰੀ ਦੀ ਜਮਾਤੀ ਜਦੋ ਜਹਿਦ ਉਸ ਨੂੰ ਸਾਡੇ ਵਿਚਾਰਕ ਪ੍ਰਚਾਰ ਨਾਲੋਂ ਸੌ ਗੁਣਾਂ ਵੱਧ ਚੇਤੰਨ ਕਰ ਦਿੰਦੀ ਹੈ ਤੇ ਉਸ ਦੇ ਮਨ ਤੋਂ ਧਾਰਮਿਕ ਅੰਧ ਵਿਸ਼ਵਾਸ ਦੇ ਪਰਦੇ ਨੂੰ ਪਾੜਕੇ ਸਵੈ ਵਿਸ਼ਵਾਸ ਪੈਦਾ ਕਰਦੀ ਹੈ।

ਉਪਰੋਕਤ ਪ੍ਰਸੰਗ 'ਚ ਦੇਖਿਆਂ ਪੰਜਾਬ ਦੇ ਮੌਜੂਦਾ ਫਿਰਕੂ ਮਹੌਲ 'ਚ ਕਮਿਊਨਿਸਟਾਂ ਲਈ ਕਮਿਊਨਿਸਟ ਵਿਚਾਰਾਂ ਦੇ ਹਾਮੀਆਂ ਨੂੰ ਫਿਰਕਾਪ੍ਰਸਤੀ ਦੇ ਮਾਹੌਲ ਨਾਲ ਸਹੀ ਢੰਗ ਨਾਲ ਨਜਿੱਠਣ ਲਈ ਬੇਹੱਦ ਗੰਭੀਰਤਾ ਤੋਂ ਕੰਮ ਲੈਣ ਦੀ ਲੋੜ ਹੈ। ਸਭ ਤੋਂ ਪਹਿਲੀ ਗੱਲ ਸਾਨੂੰ ਲੋਕਾਂ ਨੂੰ ਇਹ ਸਾਫ਼ ਦਿਖਾਉਣਾ ਚਾਹੀਦਾ ਹੈ ਕਿ ਮੌਜੂਦਾ ਹਾਲਤ 'ਚ ਸਾਡਾ ਤੇ ਫਿਰਕੂ ਜਨੂੰਨੀਆਂ ਦਾ ਰੌਲਾ ਕੀ ਹੈ? ਕਿਵੇਂ ਇਹ ਰੌਲਾ ਅਸਲ 'ਚ ਸਾਡੇ ਪ੍ਰੋਗਰਾਮ 'ਚ ਜਿਮੀਂ ਅਸਮਾਨ ਦਾ ਫਰਕ ਹੋਣਾ ਕਾਰਣ ਹੈ? ਸਾਡੇ ਪ੍ਰੋਗਰਾਮ ਅਸਲ ਵਿਚ ਲੋਕਾਂ ਦੇ ਦੁਖਾਂ ਦਾ ਸਹੀ ਹੱਲ ਕਿਸ ਤਰ੍ਹਾਂ ਹੈ ਤੇ ਇਨ੍ਹਾਂ ਦਾ 'ਸਰਬਤ ਦਾ ਭਲਾ' ਅਸਲ 'ਚ ਮੁੱਠੀ ਭਰ ਦਾ ਭਲਾ ਕਿਵੇਂ ਹੈ। ਸਾਨੂੰ ਪੰਜਾਬ 'ਚ ਨਿੱਤ ਦਿਨ ਵਾਪਰ ਰਹੀਆਂ ਘਟਨਾਵਾਂ ਬਾਰੇ ਆਪਣਾ ਫੌਰੀ ਪ੍ਰਤੀਕਰਮ ਕਰਨਾ ਚਾਹੀਦਾ ਹੈ, ਤੇ ਆਪਣੀ ਸਮਝ ਤੇ ਖੜ੍ਹਦਿਆਂ ਉਨ੍ਹਾਂ ਘਟਨਾਵਾਂ 'ਚ ਸਰਗਰਮ ਦਖਲ-ਅੰਦਾਜ਼ੀ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਦੇ ਕਾਰਨਾਂ ਦੀ ਡੂੰਘਾਈ 'ਚ ਜਾਂਦਿਆਂ ਉਸ ਦਾ ਸਿਆਸੀ ਤੌਰ ਤੇ ਪਰਦਾਫਾਸ਼ ਕਰਨਾ ਚਾਹੀਦਾ ਹੈ ਤੇ ਲੋਕਾਂ ਨੂੰ ਇਸ ਬਾਰੇ ਚੇਤੰਨ ਕਰਨਾ ਚਾਹੀਦਾ ਹੈ ਕਿਉਂਕਿ ਜਿੰਨਾ ਚਿਰ ਉਨ੍ਹਾਂ ਨੂੰ ਸਭਨਾਂ ਸਦਾਚਾਰਕ, ਧਾਰਮਿਕ, ਰਾਜਸੀ ਅਤੇ ਸਮਾਜਿਕ ਵਾਕੰਸ਼ਾਂ, ਐਲਾਨਾਂ ਤੇ ਇਕਰਾਰਾਂ ਪਿੱਛੇ ਇਕ ਜਾਂ ਦੂਜੀ ਜਮਾਤ ਦੇ ਹਿੱਤ ਲੱਭਣ ਦੀ ਜਾਂਚ ਨਹੀਂ ਆ ਜਾਂਦੀ ਲੋਕ ਹਮੇਸ਼ਾਂ ਹੀ ਰਾਜਨੀਤੀ ਵਿਚ ਛਲ ਤੇ ਸਵੈਛਲ ਦੇ ਮੂਰਖ ਸ਼ਿਕਾਰ ਰਹੇ ਹਨ ਤੇ ਹਮੇਸ਼ਾਂ ਰਹਿਣਗੇ (ਮਾਰਕਸ ਐਂਗਲਜ਼-ਚੋਣਵੀਆਂ ਕਿਰਤਾਂ ਭਾਗ ਪਹਿਲਾ ਪੰਜਾਬੀ ਐਡੀਸ਼ਨ) ਤਰ੍ਹਾਂ ਤਰ੍ਹਾਂ ਦੇ ਫਿਰਕੂ ਜਨੂੰਨੀਆਂ ਵਲੋਂ ਸਾਡੇ ਖਿਲਾਫ਼ ਸਿਰੇ ਦੀਆਂ ਭੜਕਾਊ ਕਾਰਵਾਈਆਂ ਨਾਲ ਨਜਿੱਠਦਿਆਂ ਸਾਡੇ ਵਲੋਂ ਕੋਈ ਵੀ ਅਜਿਹੀ ਕਾਰਵਾਈ ਨਹੀਂ ਕਰਨੀ ਚਾਹੀਦੀ ਜੋ ਲੋਕਾਂ ਨੂੰ ਗੁਮਰਾਹ ਕਰਨ ਲਈ ਫਿਰਕੂ ਜਨੂੰਨੀਆਂ ਦੇ ਹੱਥਾਂ 'ਚ ਹਥਿਆਰ ਬਣੇ। ਕਿਉਂਕਿ ਫਿਰਕੂ ਜਨੂੰਨੀਆਂ ਦੇ ਸਭ ਤੋਂ ਖਤਰਨਾਕ ਦੁਸ਼ਮਣ ਕਮਿਊਨਿਸਟ ਇਨਕਲਬੀ ਹਨ ਜੋ ਉਨ੍ਹਾਂ ਦੀ ਅੰਤਮ ਹੋਣੀ ਦੇ ਰੱਸੇ ਪੈੜੇ ਵੱਟ ਰਹੇ ਹਨ ਇਸ ਬਾਰੇ ਉਨ੍ਹਾਂ ਨੂੰ ਭੋਰਾ ਭਰ ਵੀ ਸ਼ੱਕ ਨਹੀਂ ਇਸੇ ਕਾਰਨ ਉਨ੍ਹਾਂ ਦੀ ਬੁਖਲਾਹਟ ਸਾਡੇ ਸਾਥੀਆਂ ਉਪਰ ਹਮਲੇ ਕਰਨ ਤੱਕ ਪਹੁੰਚ ਗਈ ਹੈ। ਉਪਰੋਕਤ ਦੀ ਰੌਸ਼ਨੀ 'ਚ ਚੱਲਕੇ ਹੀ ਅਸੀਂ ਧਰਮ ਵਿਰੁੱਧ ਸਹੀ ਲੜਾਈ ਦੇ ਸਕਦੇ ਹਾਂ।

00

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹੁਰਮੁੱਖ ਪ੍ਰਿੰਟਰਜ, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਤ ਕੀਤਾ।
ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 100 ਰੁਪਏ

# ਨਾਸਤਕਵਾਦੀ ਭਗਤ ਸਿੰਘ ਤੇ ਮੌਜੂਦਾ ਫਿਰਕੂ ਲਹਿਰ

ਗੁਰਬਖਸ਼ ਜੱਜ

'ਅਜ ਜਦੋਂ ਅਸੀਂ ਪੰਜਾਬ ਦੀ ਮੌਜੂਦਾ ਸਥਿਤੀ ਤੇ ਝਾਤ ਮਾਰਦੇ ਹਾਂ ਤਾਂ ਲੁਟੇਰੇ ਸਮਾਜਕ ਪ੍ਰਬੰਧ ਦੀਆਂ ਕਾਰਗੁਜ਼ਾਰੀਆਂ ਬਾਰੇ ਇਤਿਹਾਸ ਦੀਆਂ ਸੈਂਕੜੇ ਘਟਨਾਵਾਂ ਸਾਡੇ ਜ਼ਿਹਨ ਅਗਿਓਂ ਗੁਜ਼ਰ ਜਾਂਦੀਆਂ ਹਨ। ਜ਼ਰਾ ਯਾਦ ਕਰੋ ਉਨ੍ਹਾਂ ਘਟਨਾਵਾਂ ਨੂੰ ਜਿਹੜੀਆਂ ਫਰਾਂਸੀਸੀ ਬੁਰਜੂਆ ਇਨਕਲਾਬ ਦੇ ਆਰੰਭ ਤੋਂ ਲੈ ਕੇ ਚੀਨ ਦੇ ਸਮਾਜਵਾਦੀ ਇਨਕਲਾਬ ਤਕ ਵਾਪਰੀਆਂ—ਜਗੀਰੂ ਪ੍ਰਬੰਧ ਦੀ ਸ਼ੁਰੂਆਤ ਤੋਂ ਲੈ ਕੇ ਅੱਜ ਦੇ ਪੂੰਜੀਵਾਦ ਯੁਗ ਤਕ ਮਿਹਨਤਕਸ਼ ਜੰਤਾ ਨੇ ਮੁਢਲੇ ਮਨੁਖੀ ਹੱਕਾਂ ਦੀ ਪ੍ਰਾਪਤੀ ਲਈ ਕਿਵੇਂ ਅਨੇਕਾਂ ਕੁਰਬਾਨੀਆਂ ਦਿੱਤੀਆਂ। ਇਹਨਾਂ ਮੁਢਲੇ ਮਨੁੱਖੀ ਹੱਕਾਂ ਵਿਚ ਹੀ ਇਕ ਸਭ ਤੋਂ ਅਹਿਮ ਹੱਕ ਸੀ 'ਜੀਊਣ ਦਾ ਹੱਕ' (Right to live) ਫਰਾਂਸੀਸੀ ਬੁਰਜੂਆ ਇਨਕਲਾਬ ਤਾਂ ਮੁਢਲੇ ਮਨੁੱਖੀ ਹੱਕਾ ਦੀ ਪ੍ਰਾਪਤੀ ਦੇ ਇਤਿਹਾਸ ਵਿਚ ਸੰਸਾਰ ਦੀ ਸਭ ਤੋਂ ਅਹਿਮ ਘਟਨਾ ਮੰਨੀ ਜਾਂਦੀ ਹੈ। ਉਸ ਯੁਗ ਵਿਚ ਸਿਰਫ ਸ਼ਾਹੀ ਘਰਾਣਿਆਂ ਜਾਂ ਜਗੀਰੂ ਪਰਿਵਾਰਾਂ ਦੇ ਹੱਕ ਹੀ ਰਾਖਵੇਂ ਸਨ। ਫਰਾਂਸੀਸੀ ਇਨਕਲਾਬ ਤੋਂ ਪਹਿਲਾਂ ਫਰਾਂਸ ਵਿਚ ਵੀ ਧਾਰਮਕ ਜਨੂੰਨ ਆਪਣੇ ਸਿਖਰ ਤੇ ਸੀ—ਉਸ ਯੁਗ ਦੇ ਜਗੀਰੂ ਸਮਾਜ ਅੰਦਰ ਧਰਮ ਅਤੇ ਰਾਜਸੱਤਾ (ਗਨਤੰਤਰੀ) ਆਪਸ ਵਿਚ ਬੁਨਿਆਦੀ ਰੂਪ ਵਿਚ ਜੁੜੇ ਹੋਏ ਸਨ। ਉਥੇ ਕਿਸੇ ਵੀ ਜਨ ਸਾਧਾਰਣ ਦਾ ਜੀਊਣ ਦਾ ਹੱਕ ਉਥੋਂ ਦੇ ਪਾਦਰੀਆਂ ਅਤੇ ਪੁਜਾਰੀਆਂ ਦੇ ਹੱਥ ਵਿਚ ਸੀ—ਮਿਸਾਲ ਦੇ ਤੌਰ ਤੇ ਜੇ ਕੋਈ ਸਾਧਾਰਣ ਵਿਅਕਤੀ ਕਿਸੇ ਆਮ ਰਸਤੇ ਵਿਚ ਕਿਸੇ ਪਾਦਰੀ ਜਾਂ ਧਾਰਮਕ ਨੇਤਾ ਦੀ ਲੰਘ ਰਹੀ ਬੱਘੀ ਅਗਿਓਂ ਸਿਰ ਝੁਕਾਏ ਬਿਨਾਂ ਕਿਤੇ ਬੇਧਿਆਨਾ ਲੰਘ ਜਾਂਦਾ ਸੀ ਅਤੇ ਪਾਦਰੀ ਦਾ ਪਹਿਰੇਦਾਰ ਇਹ ਗੱਲ ਨੋਟ ਕਰ ਲੈਂਦਾ ਸੀ ਤਾਂ ਉਸੇ ਵਕਤ ਉਸ ਵਿਅਕਤੀ ਨੂੰ ਗਰਿਫਤਾਰ ਕਰਕੇ ਰਾਜੇ ਦੇ ਦਰਬਾਰ ਵਿਚ ਪੇਸ਼ ਕਰਵਾਕੇ ਸਜ਼ਾ ਦਾ ਭਾਗੀ ਬਣਾ ਦਿੱਤਾ ਜਾਂਦਾ ਸੀ—ਕਈ ਵਾਰ ਤਾਂ ਉਸਨੂੰ ਜੇਲ ਦੀ ਲੰਬੀ ਕੈਦ ਅਤੇ ਸਖਤ ਸਜ਼ਾ ਵੀ ਭੁਗਤਣੀ ਪੈਂਦੀ ਸੀ। ਹਿੰਦੂ ਰਾਜਤੰਤਰ ਤੋਂ ਲੈ ਕੇ ਇਸਲਾਮੀ ਸਾਮਰਾਜ ਤਕ ਭਾਰਤ ਦੇ ਇਤਿਹਾਸ ਵਿਚੋਂ ਵੀ ਕਿੰਨੀਆਂ ਹੀ ਅਜੇਹੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜਦੋਂ ਧਾਰਮਕ ਜਨੂੰਨ ਵਿਚ ਅੰਨ੍ਹੇ ਹੋਏ ਪਾਦਰੀਆਂ, ਮੌਲਵੀਆਂ, ਪਰੋਹਤਾਂ ਅਤੇ ਮਹੰਤਾਂ ਨੇ ਰਾਜ ਸੱਤਾ ਨਾਲ ਭਿਆਲੀ ਪਾ ਕੇ ਮਨੁੱਖ ਦੇ ਮੁਢਲੇ ਜੀਊਣ ਦੇ ਅਧਿਕਾਰਾਂ ਨੂੰ ਕੁਚਲ ਕੇ ਰੱਖ ਦਿਤਾ ਅਤੇ ਆਵਾਮ ਨੂੰ ਅਤਿ ਦਰਜੇ ਦੀ ਗੁਲਾਮੀ ਅਤੇ ਜਹਾਲਤ ਭਰੀ ਜ਼ਿੰਦਗੀ ਜੀਊਣ ਲਈ ਮਜਬੂਰ ਕੀਤਾ ਜਾਂਦਾ ਰਿਹਾ। ਜੇ ਇਹੋ ਜਿਹੇ ਸੰਕਲਪ 'ਰੱਬ ਰਾਜੇ ਦੇ ਅੰਦਰ ਨਿਵਾਸ ਕਰਦਾ ਹੈ' ਵਿਚ ਲੋਕਾਂ ਦਾ ਵਿਸ਼ਵਾਸ ਦ੍ਰਿੜ ਕਰਨਾ ਸੀ ਤਾਂ ਇਹ ਜ਼ਰੂਰੀ ਸੀ ਕਿ ਇਹਦੇ ਉਤੇ ਮੌਕੇ ਦੇ ਮਹੰਤਾਂ ਅਤੇ ਪਾਦਰੀਆਂ ਦੀ ਮੋਹਰ ਲਾਈ ਜਾਂਦੀ। ਇਸ ਤਰਾਂ ਹਰ ਯੁਗ ਦੇ ਸੱਤਾਧਾਰੀਆਂ ਨੇ ਮੌਲਵੀਆਂ ਅਤੇ ਪੁਜਾਰੀਆਂ ਦੁਆਰਾ ਜਨ ਸਾਧਾਰਣ ਨੂੰ ਸਰੀਰਕ ਅਤੇ ਦਿਮਾਗੀ ਤੌਰ ਤੇ ਆਪਣੇ ਅਧੀਨ ਗੁਲਾਮ ਰੱਖਣ ਲਈ ਜਾਂ ਇਉਂ ਕਹਿ ਲਓ ਹਕੂਮਤ ਦੇ ਸ਼ਿਕੰਜੇ ਵਿਚ ਕੱਸਣ ਲਈ ਬੌਧਿਕ ਸਮਰਥਨ ਪ੍ਰਾਪਤ ਕੀਤਾ ਅਤੇ ਇਹਦੇ ਬਦਲੇ ਉਨ੍ਹਾਂ ਨੂੰ ਰਾਜਸੱਤਾ ਦੇ ਹਿੱਸੇਦਾਰ ਵੀ ਬਣਾਇਆ। ਸੱਤਾਧਾਰੀਆਂ ਦੇ ਅਜੇਹੇ ਵਰਤਾਰੇ ਬਾਰੇ ਮਹਾਂ ਪੰਡਤ ਰਾਹੁਲ ਸੰਸ-ਕ੍ਰਿਤਾਇਨ ਨੇ ਆਪਣੀ ਪੁਸਤਕ "ਜ਼ਿਹਨੀ ਗੁਲਾਮੀ" ਵਿਚ ਵਧੀਆ ਰੌਸ਼ਨੀ ਪਾਈ ਹੈ। ਇਵੇਂ ਇਨਾਂ ਮਹੰਤਾਂ ਅਤੇ ਪੁਜਾਰੀਆਂ ਨੇ ਰਾਜੇ ਮਹਾਰਾਜਿਆਂ ਲਈ ਲੋਕਾਂ ਨੂੰ ਲੁਟਣੇ ਅਤੇ ਗੁਲਾਮ ਰੱਖਣ ਲਈ ਰਾਹ ਸਾਫ ਕੀਤਾ ਅਤੇ ਇਸ ਮੰਤਵ ਲਈ ਇਤਿਹਾਸ ਦੇ ਵੱਖ ਵੱਖ ਪੜਾਵਾਂ ਤੇ ਵੱਖ ਵਖ ਦਾਅ ਪੇਚ ਘੜੇ ਜਾਂਦੇ ਰਹੇ ਹਨ ਅਤੇ ਅੱਜ ਦੇ ਪੂੰਜੀਵਾਦੀ ਵਿਗਿਆਨਕ ਯੁਗ ਅੰਦਰ ਵੀ ਇਹ ਵਰਤਾਰਾ ਨਿਤ ਬਦਲਵੇਂ ਰੂਪ ਵਿਚ ਜਾਰੀ ਹੈ। ਸਭ ਤੋਂ ਵੱਡਾ ਮਸਲਾ ਤਾਂ ਅੱਜ ਵੀ ਮਨੁੱਖ ਦੁਆਰਾ ਮਨੁਖ ਨੂੰ ਗੁਲਾਮ ਰੱਖਣ ਦਾ ਹੈ। ਸ਼ਹੀਦ ਭਗਤ ਸਿੰਘ ਦੇ ਹਵਾਲੇ ਅਨੁਸਾਰ ਅਮਰੀਕੀ ਲੇਖਕ ਅਪਟਨ ਸਿਨਕਲੇਅਰ ਨੇ ਇਕ ਥਾਂ ਲਿਖਿਆ ਹੈ ਕਿ 'ਬੰਦੇ ਨੂੰ ਆਤਮਾ ਦੀ ਅਮਰਤਾ ਵਿਚ ਯਕੀਨ ਕਰਨ ਲਾ ਦਿਉ ਅਤੇ ਫੇਰ ਉਹਦੇ ਕੋਲੋਂ ਜੋ ਵੀ ਹੈ ਲੁੱਟ ਲਓ, ਉਹ ਸਗੋਂ ਹਸਕੇ ਤੁਹਾਡੀ ਮਦਦ ਕਰੇਗਾ। ਧਾਰਮਕ ਉਪਦੇਸ਼ਕਾਂ ਤੇ ਹੁਕਮਰਾਨਾਂ ਨੇ ਮਿਲੀ ਭੁਗਤ ਕਰਕੇ ਜੇਲਾਂ ਫਾਹੀਆਂ, ਕੋੜੇ ਤੇ ਇਨ੍ਹਾਂ ਸਿਧਾਂਤਾਂ ਦੀ ਕਾਢ ਕੱਢੀ।'

ਜੇ ਅਜ ਪੰਜਾਬ ਵਿਚ ਧਾਰਮਕ ਅੰਧ ਵਿਸ਼ਵਾਸ ਦੇ ਸਹਾਰੇ ਖੜੀ ਫਿਰਕੂ ਲਹਿਰ ਆਪਣੇ ਸਿਖਰ ਵਲ ਪੁਜ ਰਹੀ ਹੈ ਅਤੇ ਇਥੋਂ ਦੇ ਨਿਹੱਥੇ, ਬੇਗੁਨਾਹ, ਗੈਰ ਸਿੱਖ ਲੋਕ ਆਪਣੇ ਆਪ ਨੂੰ ਬੇਸਹਾਰਾ, ਮਜਬੂਰ ਅਤੇ ਸਹਿਮੇ ਹੋਏ ਮਹਿਸੂਸ ਕਰ ਰਹੇ ਹਨ, ਡਰ ਅਤੇ ਦਹਿਸ਼ਤ ਹੇਠ ਉਹ ਹਥਿਆਰਬੰਦ ਫਿਰਕੂ ਅਤੇ ਧਾਰਮਕ ਜਨੂੰਨੀਆਂ ਕੋਲ ਆਪਣਾ ਰੋਸ ਪ੍ਰਗਟ ਕਰਨ ਲਈ ਆਵਾਜ਼ ਤੱਕ ਵੀ ਨਹੀਂ ਕੱਢ ਸਕਦੇ—ਇਥੇ ਕੁਝ ਹੱਦ ਤੱਕ ਸਾਡੀਆਂ ਖੱਬੀਆਂ ਜਮਹੂਰੀ ਲਹਿਰਾਂ ਜ਼ਰੂਰ ਕਸੂਰਵਾਨ ਹਨ, ਉਹ

ਜਨ ਸਾਧਾਰਣ ਨੂੰ ਫ਼ਿਰਕਾਪ੍ਰਸਤੀ, ਧਾਰਮਕ ਦੇ ਰਾਹ ਤੋਂ ਕਿਉਂ ਪਰ੍ਹੇ ਨਹੀਂ ਲਿਆ ਸਕੀਆਂ ? ਇਥੇ ਇਹ ਗਲ ਵੀ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜੇ ਸਾਡੀਆਂ ਕਮਿਊਨਿਸਟ ਪਾਰਟੀਆਂ ਨੇ ਸ਼ਹੀਦ ਭਗਤ ਸਿੰਘ ਦਾ ਲੇਖ 'ਮੈਂ ਨਾਸਤਕ ਕਿਉਂ ਹਾਂ ?' ਅੱਜ ਤੋਂ 20-25 ਸਾਲ ਪਹਿਲਾਂ ਹੀ ਖੋਜ ਕਰਕੇ ਅਤੇ ਛਪਵਾਕੇ ਲੋਕਾਂ ਵਿਚ ਪਹੁੰਚਾਕੇ ਇਸ ਮਹਾਨ ਪ੍ਰਤੀਭਾਸ਼ਾਲੀ ਅਤੇ ਤਰਕਵਾਦੀ ਦੇਸ਼ ਭਗਤ ਦੀ ਵਿਗਿਆਨਕ ਵਿਚਾਰਧਾਰਾ ਬਾਰੇ ਜਾਣੂ ਕਰਵਾਇਆ ਹੁੰਦਾ ਤਾਂ ਅੱਜ ਪੰਜਾਬ ਦਾ ਜਨ ਸਾਧਾਰਣ ਇਸ ਫ਼ਿਰਕੂ ਹਨੇਰੀ ਦਾ ਮੁਕਾਬਲਾ ਕਰਨ ਲਈ ਕਾਫੀ ਹੱਦ ਤੱਕ ਸਮਰੱਥ ਹੋ ਗਿਆ ਹੁੰਦਾ। ਭਗਤ ਸਿੰਘ ਦੇ ਇਸ ਛੋਟੇ ਜਿਹੇ ਲੇਖ (ਮੈਂ ਨਾਸਤਿਕ ਕਿਉਂ ਹਾਂ ?) ਵਿਚ ਧਰਮ ਅਤੇ ਸ਼ਰੀਅਤ ਦੇ ਠੇਕੇਦਾਰਾਂ ਨੂੰ ਏਡੀ ਵੱਡੀ ਵੰਗਾਰ ਹੈ ਕਿ ਉਹ ਇਸ ਮਹਾਨ ਦੇਸ਼ ਭਗਤ ਦੀ ਠੋਸ ਦਲੀਲਾਂ ਅੱਗੇ ਲਾਜਵਾਬ ਹੋ ਗਏ ਹੁੰਦੇ। ਸ਼ਹੀਦ ਭਗਤ ਸਿੰਘ ਇਕ ਥਾਂ ਮਹੰਤਾਂ ਅਤੇ ਕਾਜ਼ੀਆਂ ਨੂੰ ਵੰਗਾਰਦਾ ਹੋਇਆ ਕਹਿੰਦਾ ਹੈ, 'ਮੈਂ ਤਾਂ ਮੰਨਦਾ ਹਾਂ ਕਿ ਤੁਹਾਡੇ ਵਡੇ ਵਡੇਰੇ ਬੜੇ ਸ਼ਾਤਰ ਲੋਕ ਸਨ। ਉਹ ਐਸੇ ਸਿਧਾਂਤ ਲਭਣ ਵਿਚ ਲਗੇ ਰਹੇ, ਜਿਨ੍ਹਾਂ ਨਾਲ ਤਰਕ ਅਤੇ ਅਵਿਸ਼ਵਾਸ਼ ਨੂੰ ਖਤਮ ਕੀਤਾ ਜਾ ਸਕੇ।'

ਭਾਰਤ ਵਿਚ ਹਿੰਦੂ ਅਤੇ ਇਸਲਾਮੀ ਰਾਜਤੰਤਰ ਵੀ ਇਤਿਹਾਸ ਦੇ ਅਜਿਹੇ ਹੀ ਯੁਗ ਹਨ ਜਦੋਂ ਜਨ ਸਾਧਾਰਣ ਨੂੰ ਗ਼ੁਲਾਮ ਰੱਖਣ ਲਈ ਕਈ ਤਰ੍ਹਾਂ ਦੇ ਦਾਅ ਪੇਚ ਵਰਤੇ ਗਏ। ਫਰਾਂਸੀਸੀ ਬੁਰਜੂਆ ਇਨਕਲਾਬ ਤੋਂ ਪਹਿਲਾਂ ਫਰਾਂਸ ਵਿਚ ਵੀ ਜਗੀਰੂ ਸਮਾਜਿਕ ਪ੍ਰਬੰਧ ਅੰਦਰ ਲੋਕਾਂ ਲਈ ਮੁੱਢਲੇ ਮਨੁੱਖੀ ਹੱਕਾਂ ਬਾਰੇ ਸੋਚਣਾ ਵੀ ਗੁਨਾਹ ਸੀ, ਹੱਕਾਂ ਦੀ ਪ੍ਰਾਪਤੀ ਦੀ ਤਾਂ ਗੱਲ ਹੀ ਛੱਡੋ। ਇਹ ਅਸਲ ਵਿਚ ਅਤਿ ਦਰਜੇ ਦੀ ਜਹਾਲਤ ਅਤੇ ਪਿਛਾਖੜ ਦਾ ਯੁੱਗ ਸੀ ਜਦੋਂ ਧਾਰਮਿਕ ਜਨੂੰਨੀ ਮਨੁੱਖ ਨੂੰ ਇਨਸਾਨ ਨਹੀਂ ਭੇਡਾਂ ਬੱਕਰੀਆਂ ਸਮਝ ਕੇ ਬਦਸ਼ਾਹ ਕੋਲੋਂ ਜਿਹੜੀ ਮਰਜੀ ਸਜ਼ਾ ਦੁਆ ਦਿੰਦੇ ਸਨ। ਅੱਜ ਫੇਰ, ਅੱਜ ਦੇ ਵਿਗਿਆਨਕ ਯੁਗ ਅੰਦਰ ਵੀ ਕੁਝ ਧਾਰਮਿਕ ਜਨੂੰਨੀ ਅਤੇ ਫਿਰਕਾਪ੍ਰਸਤ ਪੰਜਾਬ ਦੇ ਜਨ ਸਾਧਾਰਣ ਨੂੰ ਬਿਲਕੁਲ ਉਹੋ ਜਿਹੀ ਜਹਾਲਤ ਵੱਲ ਧਕੇਲ ਦੇਣ ਵੱਲ ਤੁਲੇ ਹੋਏ ਹਨ ਅਤੇ ਵਿਦੇਸ਼ੀ ਏਜੰਸੀਆਂ (ਸੀ. ਆਈ. ਏ.) ਤੋਂ ਅਥਾਹ ਡਾਲਰ ਅਤੇ ਹਥਿਆਰ ਲੈ ਕੇ ਇਤਿਹਾਸ ਨੂੰ ਪੁਠਾ ਗੇੜ ਦੇਣ ਵੱਲ ਵੱਧ ਰਹੇ ਹਨ। ਸੱਚ ਪੁੱਛੋ ਤਾਂ ਇਸ ਫਿਰਕੂ ਲਹਿਰ ਦੇ ਆਗੂ ਮੁੱਢਲੇ ਮਨੁੱਖੀ ਹੱਕਾਂ ਦੇ ਸਾਰੇ ਰਾਹ ਬੰਦ ਕਰ ਦੇਣ ਤੇ ਤੁਲੇ ਹੋਏ ਹਨ। ਸਮਾਜ ਦੇ ਇਕ ਵਿਸ਼ੇਸ਼ ਫਿਰਕੇ ਵਲੋਂ ਆਪਣੇ ਹੀ, ਲੋਕਾਂ ਆਪਣੇ ਹੀ ਭਰਾਵਾਂ ਨਾਲ ਵਿਸ਼ਵਾਸਘਾਤ ਅਤੇ ਕੌਮ ਧਰੋਹੀ ਦੀ ਅਜੇਹੀ ਉਦਾਹਰਣ ਇਤਿਹਾਸ ਵਿਚ ਕਿਧਰੇ ਘੱਟ ਹੀ ਮਿਲਦੀ ਹੈ। ਇੱਥੇ ਫਿਰਕੂ ਅਤਿਵਾਦੀਆਂ ਦੇ ਜ਼ਿਹਨ ਅੰਦਰ ਇਨਸਾਨੀਅਤ ਆਪਣੀ ਆਖਰੀ ਸਾਹ ਲੈ ਕੇ ਦਮ ਤੋੜ ਚੁੱਕੀ ਹੈ। ਕਿਸੇ ਕੁੱਤੇ, ਬਿੱਲੇ ਜਾਂ ਜਾਨਵਰ ਨੂੰ ਮਾਰਨ ਵੇਲੇ ਵੀ ਕੁਝ ਨਾ ਕੁਝ ਸੋਚ ਲਿਆ ਜਾਂਦਾ ਹੈ, ਪਰ ਇੱਥੇ ਮਾਸੂਮ ਅਤੇ ਬੇਗੁਨਾਹ ਇਨਸਾਨਾਂ ਦਾ ਕਤਲ ਕਰਨ ਵੇਲੇ ਕੁਝ ਵੀ ਵਿਚਾਰਿਆਂ ਤਕ ਨਹੀਂ ਜਾਂਦਾ। ਕੀ ਕਰਨਾ ਹੈ ਇਹੋ ਜਿਹੇ ਮੁਜ਼ਬ ਜਾ ਧਰਮ ਨੂੰ, ਜਿਹੜਾ ਮਨੁੱਖ ਅੰਦਰੋਂ ਮਨੁੱਖ ਦੀ ਮਨੁੱਖਤਾ ਹੀ ਖ਼ਤਮ ਕਰ ਦੇਵੇ। ਹਥਿਆਰਬੰਦ ਫਿਰਕੂ ਅਤਿਵਾਦੀਆਂ ਦੇ ਅਜੇਹੇ ਵਿਸ਼ਵਾਸਘਾਤ ਅਤੇ ਖ਼ੂਨੀ ਅਪਰਾਧਾਂ ਨੂੰ ਜਾਇਜ਼ ਕੌਣ ਠਹਿਰਾ ਰਿਹਾ ਹੈ—ਇਨ੍ਹਾਂ ਦਹਿਸ਼ਤਵਾਦੀ ਕਾਰਵਾਈਆਂ ਨੂੰ ਹੱਲਾਸ਼ੇਰੀ ਦੇ ਕੇ ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਵਾਰਸ ਕੌਣ ਦਸ ਰਿਹਾ ਹੈ—ਅਸਲ ਵਿਚ ਗੁਰਦੁਆਰਿਆਂ ਵਿਚ ਬੈਠੇ ਇਹ ਓਹੀ ਮਸੰਦ, ਮਹੰਤ ਅਤੇ ਸੰਤ ਹੀ ਤਾਂ ਹਨ ਜੋ ਅੱਜ ਦੀ ਸਿੱਖੀ (ਇਹਦੇ ਉੱਤੇ ਸਿੱਖ ਜਗੀਰਦਾਰੀ ਬਿਰਾਜਮਾਨ ਹੈ) ਉੱਤੇ ਕਾਬਜ਼ ਹਨ।

ਆਸਤਕਾਂ ਵਲੋਂ ਪ੍ਰਸਿਧ ਉਰਦੂ ਸ਼ਾਇਰ ਇਕਬਾਲ ਦਾ ਇਹ ਵਿਚਾਰ ਅਕਸਰ ਦੁਹਰਾਇਆ ਜਾਂਦਾ ਹੈ, "ਮਜ਼ਬ ਨਹੀਂ ਸਿਖਾਤਾ ਆਪਸ ਮੇਂ ਵੈਰ ਰਖਨਾ"— ਪਰ ਜੇ ਅਜ ਸੰਸਾਰ ਦੀ ਮੌਜੂਦਾ ਸਥਿਤੀ ਤੇ ਝਾਤ ਮਾਰੀਏ ਤਾਂ ਸਾਫ ਜ਼ਾਹਰ ਹੋ ਜਾਂਦਾ ਹੈ ਕਿ ਕਿਵੇਂ ਥਾਂ ਥਾਂ ਮੁਢਲੇ ਮਨੁੱਖੀ ਹੱਕ ਮੁਜ਼ਬ ਅਤੇ ਸ਼ਰੀਅਤ ਦੇ ਨਾਂ ਤੇ ਕੁਚਲੇ ਜਾ ਰਹੇ ਹਨ—ਇੱਥੇ ਈਰਾਨ, ਇਰਾਕ, ਬੰਗਲਾ ਦੇਸ਼ ਅਤੇ ਪਾਕਿਸਤਾਨ ਦੀਆਂ ਠੋਸ ਉਦਾਹਰਣਾਂ ਸਾਡੇ ਸਾਹਮਣੇ ਹਨ। ਪਾਕਿਸਤਾਨ ਵਿਚ ਇਸਲਾਮ ਦੇ ਨਾਂ ਤੇ ਮਨੁੱਖੀ ਹੱਕਾਂ ਦਾ ਕਤਲੇਆਮ ਹੋਣ ਕਰਕੇ ਹੀ— ਉਥੋਂ ਦੇ ਤਾਨਾਸ਼ਾਹ ਸਦਰ ਜ਼ੀਆ ਉਲ ਹੱਕ ਨੂੰ ਇਕ ਪੱਤਰਕਾਰ ਨੇ ਪਾਗਲ ਮੌਲਵੀ ਕਿਹਾ ਹੈ। ਈਰਾਨ ਦੀ ਇਸਲਾਮੀ ਹਕੂਮਤ ਬਾਰੇ ਆਈ ਇਕ ਰਿਪੋਰਟ ਅਨੁਸਾਰ, ਜਦੋਂ ਈਰਾਨ ਵਿਚ ਨਮਾਜ਼ ਦਾ ਵਕਤ ਹੁੰਦਾ ਹੈ, ਤਾਂ ਹਰ ਵਿਅਕਤੀ ਨੂੰ, ਚਾਹੇ ਉਹ ਕਿਸੇ ਵੀ ਡਿਊਟੀ ਤੇ ਹੋਵੇ—ਉਸਨੂੰ (ਚਾਹੇ ਸੜਕ ਤੇ ਕੋਈ ਡਰਾਈਵਰ ਟਰੱਕ ਲੈ ਕੇ ਹੀ ਕਿਉਂ ਨਾ ਜਾ ਰਿਹਾ ਹੋਵੇ) ਨੀਅਤ ਸਮੇਂ ਤੇ ਨਮਾਜ਼ ਪੜ੍ਹਨੀ ਪਵੇਗੀ—ਜੇ ਕਿਤੇ ਕੋਈ ਵੀ ਸ਼ਖਸ ਅਜੇਹਾ ਕਰਨ ਤੋਂ ਕਤਾਹੀ ਕਰਦਾ ਫੜਿਆ ਜਾਵੇ ਤਾ ਉਸ ਨੂੰ ਗ੍ਰਿਫ਼ਤਾਰ ਕਰਕੇ ਤੁਰੰਤ ਸਜ਼ਾ ਦਾ ਭਾਗੀ ਬਣਾ ਦਿੱਤਾ ਜਾਂਦਾ ਹੈ। ਬਾਕੀ ਦੇ ਅਰਬ ਦੇਸ਼ਾਂ ਵੀ—ਜਿੱਥੇ ਜਿੱਥੇ ਵੀ ਕਿਸੇ ਮਜ਼ਬੀ ਪਾਰਟੀ ਜਾਂ ਧੜੇ ਦੀ ਹਕੂਮਤ ਹੈ, ਅੱਜ ਦੇ ਵਿਗਿਆਨਕ

ਯੁਗ ਅੰਦਰ ਵੀ ਇਵੇਂ ਹੀ ਜ਼ਹਾਲਤ ਹੰਢਾ ਰਹੇ ਹਨ। ਇਸ ਤਰ੍ਹਾਂ ਜਦੋਂ ਪੰਜਾਬ ਵਿਚ ਵੀ ਇਕ ਵਿਸ਼ੇਸ਼ ਧਰਮ ਅਤੇ ਫਿਰਕੇ ਦੀ ਹਕੂਮਤ ਸਥਾਪਤ ਹੋ ਗਈ ਤਾਂ ਬਿਲਕੁਲ ਇਵੇਂ ਹੀ ਸੰਤਾਂ ਮਹੰਤਾਂ ਦੀ ਸ਼ਰੀਅਤ ਦੇ ਕਨੂੰਨ ਹੀ ਹਰ ਵਿਅਕਤੀ ਤੇ ਲਾਗੂ ਹੋਣਗੇ—ਮੌਜੂਦਾ ਬੁਰਜ਼ੂਆ ਜਮਹੂਰੀਅਤ ਦੇ ਕਨੂੰਨ ਨਹੀਂ। ਪਿਛਲੇ ਇਤਿਹਾਸ ਤੇ ਝਾਤ ਮਾਰਦਿਆਂ ਜ਼ਰਾ ਸੋਚੋ 1947 ਵਿਚ ਭਾਰਤ ਦੀ ਵੰਡ ਸਮੇਂ ਪਾਕਿਸਤਾਨ ਵਿਚ ਮਜ਼ਹਬ ਅਤੇ ਫਿਰਕਾਪ੍ਰਸਤੀ ਦੇ ਆਧਾਰ ਤੇ ਸਥਾਪਤ ਹੋਈ ਇਸਲਾਮੀ ਹਕੂਮਤ (ਜਿਹੜੀ ਕਿ ਛੇਤੀ ਮਗਰੋਂ ਤਾਨਾਸ਼ਾਹ ਸਰਕਾਰ ਬਣ ਗਈ ਸੀ)—ਕੀ ਇਹੋ ਜਿਹੀ ਹਕੂਮਤ ਨੇ ਪਾਕਿਸਤਾਨ ਦੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਜੀਉਣ ਦੇ ਉਹ ਸਾਰੇ ਹੱਕ ਦੇ ਦਿੱਤੇ ਸਨ ਜਿਨ੍ਹਾਂ ਦੀ ਪ੍ਰਾਪਤੀ ਲਈ ਉਹ ਉਹ ਅੱਜ ਸੰਗੀਨਾਂ ਅਤੇ ਬੰਦੂਕਾਂ ਦੀ ਛਾਂ ਹੇਠ ਸੰਘਰਸ਼ ਕਰ ਰਹੇ ਹਨ। ਇੰਡੀਅਨ ਐਕਸਪ੍ਰੈਸ ਦੇ ਪੱਤਰਕਾਰ ਇਕਬਾਲ ਮਸੂਦ ਨੇ ਲਿਖਿਆ ਹੈ ਕਿ "ਜਦੋਂ ਮੈਂ 1947 ਵਿਚ ਮੁਸਲਮਾਨ ਵਿਦਿਆਰਥੀਆਂ ਦੀ ਇਕ ਮੀਟਿੰਗ ਵਿਚ ਸ਼ਾਮਲ ਹੋਣ ਸਮੇਂ ਉਨ੍ਹਾਂ ਨੂੰ ਕਿਹਾ ਸੀ ਕਿ "ਤੁਹਾਡੇ ਉੱਤੇ ਇਕ ਦਿਨ ਮੁਲਾਂ ਰਾਜ ਕਰਨਗੇ", ਤਾਂ ਮੇਰਾ ਮੂੰਹ ਇਕ ਦਮ ਬੰਦ ਕਰ ਦਿੱਤਾ ਗਿਆ ਸੀ।" ਸੋ ਪਾਕਿਸਤਾਨ ਵਿਚ ਅੱਜ ਸੱਚਮੁੱਚ ਹੀ ਕਾਜ਼ੀਆਂ ਅਤੇ ਮੌਲਵੀਆਂ ਦੀ ਸ਼ਰੀਅਤ ਦੇ ਕਨੂੰਨ ਲੋਕਾਂ ਉੱਤੇ ਜ਼ਬਰਦਸਤੀ ਠੋਸੇ ਜਾ ਰਹੇ ਹਨ। ਔਰਤ ਨੂੰ ਪਰਦੇ ਅੰਦਰ ਰਖਕੇ ਉਹਨੂੰ ਮੁੜ ਘਰ ਦੀ ਚਾਰ ਦੀਵਾਰਾਂ ਅੰਦਰ ਡੱਕ ਕੇ ਉਹਦੇ ਲਈ ਸੁਤੰਤਰਤਾ ਅਤੇ ਬਰਾਬਰੀ ਦੇ ਅਧਿਕਾਰ ਪ੍ਰਾਪਤ ਕਰਨ ਲਈ ਸਾਰੇ ਰਾਹ ਬੰਦ ਕਰ ਦਿਤੇ ਗਏ ਹਨ। ਪਾਕਿਜ਼ਤਾਨ ਦੀ ਇਕ ਪ੍ਰਮੁਖ ਅਖ਼ਬਾਰ 'ਨਵਾਏ ਵਕਤ' ਨੇ ਪਾਕਿਸਤਾਨ ਦੇ 'ਇਸਲਾਮੀ ਲੋਕਤੰਤਰ' ਤੇ ਵਿਅੰਗ ਕਰਦਿਆਂ ਲਿਖਿਆ ਹੈ, "ਕੁਰਾਨ ਸ਼ਰੀਫ ਵਿਚ ਰਾਜਨੀਤਕ ਦਲ ਕਾਇਮ ਕਰਨ ਦਾ ਹੁਕਮ ਮੌਜੂਦ ਨਹੀਂ ਹੈ, ਪਰੰਤੂ ਕੁਰਾਨ ਸ਼ਰੀਫ ਵਿਚ ਇਹ ਹੁਕਮ ਵੀ ਤਾਂ ਨਹੀਂ ਕਿ ਸੜਕ ਤੇ ਗੱਡੀ ਚਲਾਓ ਤਾਂ ਖੱਬੇ ਹੱਥ ਰਹੋ, ਨਾ ਇਸ ਵਿਚ ਇਹ ਲਿਖਿਆ ਹੋਇਆ ਹੈ ਕਿ ਜਦੋਂ ਪਾਕਿਸਤਾਨ ਦਾ ਝੰਡਾ ਤੁਹਾਡੇ ਸਾਹਮਣਿਓਂ ਗੁਜ਼ਰ ਰਿਹਾ ਹੋਵੇ ਤਾਂ ਤੁਸੀਂ ਸਨਮਾਨ ਵਿਚ ਖੜੇ ਹੋ ਜਾਓ। ਇਸ ਤਰਾਂ ਦੇ ਮਸਲਿਆਂ ਵਿਚ ਕੁਰਾਨ ਸਰੀਫ ਨੂੰ ਉਲਝਾਉਣਾ ਕੀ ਕਲਾਮੇ-ਪਾਕ ਦੀ ਬੇਅਦਬੀ ਵਿਚ ਨਹੀਂ ਗਿਣਿਆ ਜਾਵੇਗਾ ? ਕੁਰਾਨੇ ਪਾਕ ਨੇ ਰਾਜਨੈਤਿਕ ਦਲ ਬਣਾਉਣ ਦਾ ਹੁਕਮ ਨਹੀਂ ਦਿੱਤਾ ਪਰ ਕੀ ਇਹ ਹੁਕਮ ਦਿੱਤਾ ਹੈ ਕਿ ਤੁਸੀਂ ਰਾਜ-ਨੈਤਿਕ ਦਲ ਨਹੀਂ ਬਣਾ ਸਕਦੇ ? ਅਤੇ ਜਿਥੇ ਕੁਰਾਨੇ ਪਾਕ ਦੇ ਹੁਕਮ ਦੀ ਉਲੰਘਣਾ ਹੋ ਰਹੀ ਹੋਵੇ ਉਥੇ ਖਾਮੋਸ਼ੀ ਕਿਉਂ ? ਕੁਰਾਨੇ-ਪਾਕ ਨੇ ਸੂਦ ਲੈਣਾ ਹਰਾਮ ਅਤੇ ਕੁਫਰ ਕਰਾਰ ਦਿੱਤਾ ਹੋਇਆ ਹੈ ਪਰ ਪਾਕਿਸਤਾਨ ਦਾ ਸਾਰਾ ਸ਼ਾਸਕੀ ਪ੍ਰਬੰਧ ਹੀ ਸੂਦ ਤੇ ਚਲ ਰਿਹਾ ਹੈ, ਫੇਰ ਕੀ ਇਹੋ ਜਿਹੇ ਪ੍ਰਬੰਧ ਨੂੰ 'ਇਸਲਾਮੀ' ਕਿਹਾ ਜਾ ਸਕਦਾ ਹੈ ?" ਇਸ ਤਰ੍ਹਾਂ ਮਜ਼ਬ ਦੇ ਨਾਂ ਤੇ ਚਲ ਰਹੀਆਂ ਹਕੂਮਤਾਂ ਅੰਦਰ ਅਤਿ ਦਰਜੇ ਦੀ ਮੌਕਾਪ੍ਰਸਤੀ ਹੀ ਕੰਮ ਕਰ ਰਹੀ ਹੈ ਹੋਰ ਕੁਝ ਨਹੀਂ।

ਇਥੇ ਇਕ ਹੋਰ ਸਵਾਲ ਉਠਦਾ ਹੈ ਕਿ ਖਾਲਿਸਤਾਨ ਦੀ ਲਹਿਰ ਨੇ ਸਾਨੂੰ ਕੀ ਦਿੱਤਾ ਹੈ ਅਤੇ ਜੇ ਖਾਲਿਸਤਾਨ ਬਣ ਹੀ ਗਿਆ (ਭਾਵੇਂ ਇਹ ਬਣੇਗਾ ਕਦੇ ਨਹੀਂ) ਤਾਂ ਸਾਨੂੰ ਕੀ ਮਿਲੇਗਾ ? ਇਥੇ ਇਕ ਗੱਲ ਤਾਂ ਯਕੀਨਨ ਕਹੀ ਜਾ ਸਕਦੀ ਹੈ ਕਿ ਉਸ ਵਕਤ ਕਿਸੇ ਰਿਕਸ਼ੇ ਵਾਲੇ, ਰੇੜੀ ਵਾਲੇ ਜਾਂ ਕਿਸੇ ਹੋਰ ਮਿਹਨਤਕਸ਼ ਨੂੰ ਨੀਅਤ ਸਮੇਂ ਗੁਰਬਾਣੀ ਦਾ ਪਾਠ ਕਰਨ ਦਾ ਅਧਿਕਾਰ ਤਾਂ ਜ਼ਰੂਰ ਹੋਵੇਗਾ ਪਰ ਸੰਤੁਸ਼ਟ ਜੀਵਨ ਜੀਉਣ ਦੇ ਹੱਕ ਉਹਦੇ ਲਈ ਫੇਰ ਵੀ ਇਕ ਸੁਪਨਾ ਹੀ ਬਣੇ ਰਹਿਣਗੇ। ਖੁਸ਼ਹਾਲੀ ਅਤੇ ਐਸ਼ ਆਰਾਮ ਦੇ ਹੱਕ ਸੁਰਖਿਅਤ ਹੋਣਗੇ ਸਿਰਫ ਜਗੀਰਦਾਰਾਂ ਅਤੇ ਸਰਮਾਏਦਾਰਾਂ ਲਈ। ਖਾਲਿਸਤਾਨ ਦੀ ਲਹਿਰ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ—ਉਹ ਹੈ, ਅਰਾਜਕਤਾ, ਫਿਰਕੂ ਨਫ਼ਰਤ, ਬੇਵਿਸ਼ਵਾਸੀ, ਅਸੁਰਖਿਅਤਾ, ਬੇਗੁਨਾਹਾਂ ਦੇ ਕਤਲ, ਦਹਿਸ਼ਤ, ਅਥਾਹ ਆਰਥਕ ਸੰਕਟ ਅਤੇ ਕਿੰਨਾ ਕੁਝ ਹੋਰ..... । ਅਤੇ ਜੇ ਖਾਲਿਸਤਾਨ ਬਣ ਗਿਆ ਤਾਂ ਸਾਨੂੰ ਜਨ ਸਾਧਾਰਣ ਨੂੰ ਕੀ ਮਿਲੇਗਾ—ਇਹ ਪ੍ਰਸ਼ਨ ਸਾਡੇ ਜ਼ਿਹਨ ਵਿਚ ਵਾਰ ਵਾਰ ਉਭਰਦਾ ਹੈ ਜਦੋਂ ਅਸੀਂ ਪੰਜਾਬ ਦੀ ਮੌਜੂਦਾ ਸਥਿਤੀ ਨੂੰ ਘੋਖਵੀਂ ਨਜ਼ਰ ਨਾਲ ਦੇਖਦੇ ਹਾਂ। ਜਦੋਂ ਖਾਲਿਸਤਾਨ ਦੀ ਲਹਿਰ ਦਾ ਇਕ ਸੰਤ ਪੰਜਾਬ ਪਲੀਸ ਤੋਂ ਆਪਣੇ ਸਿਖ ਵਾਲੰਟੀਅਰਾਂ ਦੀ ਬਸ ਛੁਡਾਉਣ ਲਈ ਚੁਣੌਤੀ ਦਿੰਦਾ ਹੋਇਆ 5000 ਹਿੰਦੂਆਂ ਨੂੰ ਕਤਲ ਕਰਵਾਉਣ ਦੀ ਧਮਕੀ ਦਿੰਦਾ ਹੈ ਤਾਂ ਉਹ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਕਿਹੜੇ ਮਿਸ਼ਨ ਨੂੰ ਅਗਾਂਹ ਲੈ ਜਾਣਾ ਚਾਹੁੰਦਾ ਹੈ—ਇਹ ਗੱਲ ਹੁਣ ਕਿਸੇ ਤੋਂ ਛੁਪੀ ਹੋਈ ਨਹੀਂ। ਜਦੋਂ ਉਹ ਇਕ ਇਕ ਸਿੰਘ ਦੇ ਹਿੱਸੇ 35-35 ਹਿੰਦੂ ਆਉਂਦੇ ਹਨ—ਕਹਿੰਦਾ ਹੈ ਤਾਂ ਉਹ ਕਿਹੜੀ ਪਵਿੱਤਰ ਸਿੱਖੀ ਦੀ ਰਖਿਆ ਦੀ ਗੱਲ ਕਰਦਾ ਹੈ ? ਕੀ ਸੰਤ ਭਿੰਡਰਾਂਵਾਲਾ ਦੇ ਪੈਰੋਕਾਰ ਇਸ ਪ੍ਰਸ਼ਨ ਦਾ ਉਤਰ ਦੇਣਗੇ—ਨਹੀਂ ਉਹ ਇਹਦਾ ਉਤਰ ਨਹੀਂ ਦੇਣਗੇ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਤਰਕ, ਦਲੀਲ ਅਤੇ ਮਨੁਖੀ ਹਮਦਰਦੀ ਵਿਚ ਨਹੀਂ ਉਨ੍ਹਾਂ ਦਾ ਵਿਸ਼ਵਾਸ ਤਾਂ ਸਿਰਫ਼ ਬੰਦੂਕਾਂ, ਪਸਤੌਲਾਂ ਅਤੇ ਕਾਰਬਾਈਨਾਂ ਵਿਚ ਹੈ।

ਇਹ ਸਾਰੇ ਫਿਰਕੂ ਅਤੇ ਧਾਰਮਕ ਨੇਤਾ ਅਸਲ ਵਿਚ ਵਿਦੇਸ਼ੀ ਖੁਫੀਆ ਏਜੰਸੀ ਤੋਂ ਅਥਾਹ ਡਾਲਰ ਅਤੇ ਹਥਿਆਰ ਪ੍ਰਾਪਤ ਕਰਕੇ ਸੱਤਾ-ਪ੍ਰਾਪਤੀ ਅਤੇ ਕੇਂਦਰੀ ਹਕੂਮਤ ਦੇ ਗੰਦੇ ਮਣਸ਼ਿਆਂ ਨੂੰ ਪੂਰੇ ਕਰਨ ਵਲ ਜੁਟੇ ਹੋਏ ਹਨ। ਅਸਲ ਵਿਚ ਉਹ ਬਿਲਕੁਲ ਓਹੀ ਬੋਲੀ ਬੋਲ ਰਹੇ ਹਨ ਜਿਹੜੀ ਉਨ੍ਹਾਂ ਦੇ ਸਾਮਰਾਜੀ ਪ੍ਰਭੂ ਉਨ੍ਹਾਂ ਨੂੰ ਬੋਲਣ ਲਈ ਆਖ ਰਹੇ ਹਨ।

ਅੱਜ ਪੰਜਾਬ ਵਿਚ ਆਜ਼ਾਦ ਖਿਆਲੀ, ਦਲੀਲ ਅਤੇ ਤਰਕ ਦਾ ਕਤਲ ਕਿਸਨੇ ਕੀਤਾ, ਇਨਸਾਫ਼ ਅਤੇ ਮਨੁਖੀ ਹੱਕਾਂ ਦਾ ਕਤਲ ਕਿਸਨੇ ਕੀਤਾ, ਸੱਚ ਨੂੰ ਫਾਂਸੀ ਕਿਸਨੇ ਲਾਇਆ, ਹੱਕ ਦੀ ਆਵਾਜ਼ ਦਾ ਗਲਾ ਕਿਸਨੇ ਘੁਟਿਆ, ਇਹਦਾ ਦੋ ਟੁਕ ਉਤਰ ਹੈ-ਖਾਲਿਸਤਾਨ ਦੀ ਲਹਿਰ ਨੇ, ਖਾਲਿਸਤਾਨ ਦੇ ਹਿਮਾਇਤੀਆਂ ਨੇ। ਜਿਨਾਂ ਬੁਨਿਆਦੀ ਅਧਿਕਾਰਾਂ ਦੇ ਆਧਾਰ ਤੇ ਪੰਜਾਬ ਦੇ ਮਿਹਨਤਕਸ਼ ਲੋਕਾਂ ਨੇ ਆਪਣੀ ਮੁਕਤੀ ਜਾਂ ਹੱਕਾਂ ਲਈ ਲੜਨਾ ਸੀ, ਉਹ ਸਾਰੇ ਘਟੋ ਘੱਟ ਹਕ ਇਸ ਲਹਿਰ ਨੇ ਕੁਚਲ ਕੇ ਰੱਖ ਦਿੱਤੇ ਹਨ। ਵਧੀਆ ਜੀਉਣ ਦੇ ਹੱਕਾ ਦੀ ਤਾਂ ਗੱਲ ਹੀ ਛੱਡੋ, ਅੱਜ ਖਾਲਿਸਤਾਨ ਦੀ ਲਹਿਰ ਨੇ ਜਨ ਸਾਧਾਰਣ ਦੇ ਮੌਜੂਦਾ ਜੀਉਣ ਦੇ ਹੱਕ ਵੀ ਖੋਹ ਲਏ ਹਨ ਅਤੇ ਅਗਾਂਹ ਵੀ ਇਨ੍ਹਾਂ ਹੱਕਾਂ ਦਾ ਕਤਲੇਆਮ ਜਾਰੀ ਹੈ। ਇਥੇ ਭਾਰਤ ਵਿਚ ਤਾਂ ਪਹਿਲਾਂ ਹੀ ਅਮਰੀਕੀ ਅਤੇ ਰੂਸੀ ਸਾਮਰਾਜ ਦੀ ਰਖੇਲ ਲੁਟੇਰੀ ਭਾਰਤੀ ਹਕੂਮਤ ਮਿਹਨਤਕਸ਼ ਜਮਾਤ ਦੇ ਹੱਕ ਅਨੇਕਾ ਕਨੂੰਨ ਬਣਾ ਕੇ ਕੁਚਲਦੀ ਰਹੀ ਹੈ, ਪਰ ਹੁਣ ਤਾਂ ਅਮਰੀਕਨ ਸਾਮਰਾਜ ਨੇ ਖੁਲੇ ਰੂਪ ਵਿਚ ਆਪਣੀਆਂ ਖੁਫੀਆ ਏਜੰਸੀਆਂ ਰਾਹੀਂ ਇਥੋਂ ਦੇ ਇਕ ਵਿਸ਼ੇਸ਼ ਧਾਰਮਕ ਧੜੇ ਦੇ ਫਿਰਕਾਪ੍ਰਸਤਾਂ ਨੂੰ ਹਥਿਆਰਾਂ ਨਾਲ ਲੈਸ ਕਰਕੇ ਇਹ ਘ੍ਰਿਣਤ ਕੰਮ ਸ਼ੁਰੂ ਕਰ ਦਿੱਤਾ ਹੈ।

ਇਕ ਪੱਤਰਕਾਰ ਦੇ ਹਵਾਲੇ ਅਨੁਸਾਰ, 'ਤੇ ਹੁਣ ਜ਼ਰਾ ਸੋਚੋ ਕਿ ਪੰਜਾਬ ਵਿਚ ਪਿਛਲੇ ਦੋ ਕੁ ਸਾਲਾਂ ਤੋਂ ਨਿਰੋਲ ਧਾਰਮਕ ਬੁਰਕੇ ਹੇਠ ਮੰਦਰਾਂ ਅਤੇ ਗੁਰਦੁਆਰਿਆਂ ਵਿਚ ਕੀ ਹੋ ਰਿਹਾ ਹੈ। ਕੀ ਜੋ ਕੁਝ ਰੱਬ ਦੇ ਐਨ ਨਜ਼ਦੀਕ ਬੈਠ ਕੇ ਫ਼ਿਰਕੂ ਅਤਿਵਾਦੀ ਨੇਤਾ, ਸੰਤ ਜਾਂ ਉਨ੍ਹਾਂ ਦੇ ਚੇਲੇ ਕਰ ਰਹੇ ਹਨ, ਇਸਨੂੰ ਭਗਵਾਨ ਦਾ ਕੌਤਕ ਸਮਝ ਲਿਆ ਜਾਵੇ ਅਤੇ ਜੇ ਅਜਿਹਾ ਹੈ ਤਾਂ ਭਗਵਾਨ ਇਨ੍ਹਾਂ ਨੂੰ ਮਨੁਖ ਦੇ ਰੂਪ ਵਿਚ ਭੇਜਕੇ ਆਪ ਹੀ ਸਭ ਕੁਝ ਕਰਵਾ ਰਿਹਾ ਹੈ। ਆਸਤਕ ਸਾਰੇ ਹੀ ਹਿੱਕਾਂ ਠੋਕਕੇ ਜਵਾਬ ਦੇਣਗੇ ਕਿ ਗੁਰੂ ਮਹਾਰਾਜ ਦੇ ਹੁਕਮ ਨਾਲ ਹੀ ਇਹ ਬੰਦੂਕਧਾਰੀ ਸਿੰਘ ਉਨ੍ਹਾਂ ਮਨੁੱਖਾਂ ਦੀ ਜਾਨ ਲੈਂਦੇ ਹਨ ਜਿਨ੍ਹਾਂ ਦੀ ਇਨ੍ਹਾਂ ਹਥੋਂ ਲਿਖੀ ਹੋਈ ਹੈ। ਇਹ ਲਾਜ਼ਮੀ ਤੌਰ ਤੇ ਪਿਛਲੇ ਜਨਮਾਂ ਦਾ ਫਲ ਹੈ ਤਾਂ ਫ਼ਿਰ ਕਰਨ ਕਰਾਉਣ ਵਾਲਾ ਤਾਂ ਵਾਹਿਗੁਰੂ ਆਪ ਹੈ ਤੇ ਉਹ ਕਰ ਵੀ ਠੀਕ ਰਿਹਾ ਹੈ। ਇਸ ਲਈ ਮੋਟਰਸਾਈਕਲਾਂ ਵਾਲੇ ਸਿੰਘ ਤਾਂ ਸਿਰਫ ਉਹਦੇ ਜਮਦੂਤਾਂ ਦਾ ਕਾਰੋਬਾਰ ਹੀ ਕਰਦੇ ਹਨ ਅਰਥਾਤ ਮਹਾਰਾਜ ਦੇ ਹੁਕਮ ਨਾਲ ਕਿਸੇ ਵਿਅਕਤੀ ਨੂੰ ਜਾਨੋਂ ਮਾਰ ਦੇਣ, ਕਿਸੇ ਮਾਸੂਮ ਬੱਚੇ ਨੂੰ ਗੋਲੀਆਂ ਨਾਲ ਉਡਾ ਦੇਣ ਅਰਥਾਤ ਇਸ ਸਭ ਕੁਝ ਲਈ ਕੋਈ ਵੀ ਜ਼ੁੰਮੇਦਾਰ ਨਹੀਂ। ਕਿੰਨਾ ਅਜੀਬ ਵਰਤਾਰਾ ਹੈ ਇਸ ਦੁਨੀਆਂ ਦਾ—ਜੇ ਭਲਾ ਸਭ ਕੁਝ ਭਗਵਾਨ ਹੀ ਕਰਦਾ ਕਰਾਉਂਦਾ ਹੈ ਤਾਂ ਫਿਰ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰਨ ਵਾਲਾ ਔਰੰਗਜ਼ੇਬ, ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਨ ਵਾਲਾ ਸੂਬਾ ਸਰਹੰਦ ਅਤੇ ਅਤੇ ਬੰਦਾ ਬਹਾਦਰ ਤੇ ਉਸਦੇ ਬਚੇ ਨੂੰ ਕਤਲ ਕਰਨ ਵਾਲੇ ਜਰਵਾਣੇ ਕੀ ਭਗਵਾਨ ਦਾ ਹੁਕਮ ਹੀ ਨਹੀਂ ਬਜਾ ਰਹੇ ਸਨ; ਉਨ੍ਹਾਂ ਨੂੰ ਦੁਰਕਾਰਿਆ ਕਿਉਂ ਗਿਆ ਅਤੇ ਸ਼ਹੀਦ ਹੋਣ ਵਾਲਿਆਂ ਨੂੰ ਬਹਾਦਰੀ ਦਾ ਖਿਤਾਬ ਕਿਉਂ ਦਿੱਤਾ ਗਿਆ? ਹੁਣ ਸ਼ਾਇਦ ਕੁਝ ਆਸਤਕ ਇਹ ਕਹਿਣ ਕਿ, ਨਹੀਂ ਕਾਤਲ ਤਾਂ ਰੱਬ ਦੇ ਹੁਕਮ ਤੋਂ ਆਕੀ ਹੋ ਗਏ ਸਨ ਤਾਂ ਏਨੀ ਵੱਡੀ ਸਰਵਸ਼ਕਤੀਮਾਨ ਹਸਤੀ ਜਿਹੜੀ ਜਨਮ ਮਰਨ ਤੇ ਪੂਰਾ ਕੰਟਰੋਲ ਰਖਦੀ ਹੈ, ਉਸ ਨੇ ਅਜੇਹੇ ਕੁਕਰਮੀਆਂ ਨੂੰ ਜੀਉਣ ਦਾ ਹਕ ਕਿਵੇਂ ਦਿਤਾ, ਉਹ ਕੁਕਰਮ ਕਰਨ ਦੇ ਸੋਚਣ ਸਮੇਂ ਹੀ ਮਰ ਕਿਉਂ ਨਾ ਗਏ, ਇਸਦਾ ਕੀ ਜੁਆਬ ਹੈ?"

ਪਿਛਲੀਆਂ ਬੀਤੀਆਂ ਘਟਨਾਵਾਂ ਦੇ ਉਪਰੋਕਤ ਸੰਖਪ ਜਾਇਜ਼ੇ ਦੇ ਅਧਾਰ ਤੇ, ਗਲ ਭਗਤ ਸਿੰਘ ਦੀ ਨਾਸਤਕਤਾ ਨੂੰ ਡੂੰਘੀ ਤਰ੍ਹਾਂ ਵਿਚਾਰਨ ਦੀ ਹੈ। ਭਾਰਤ ਦੇ ਦੂਸਰੇ ਦੇਸ਼ ਭਗਤਾਂ ਅਤੇ ਕੌਮੀ ਸ਼ਹੀਦਾਂ ਦੇ ਮੁਕਾਬਲੇ ਸ਼ਹੀਦ ਭਗਤ ਸਿੰਘ ਦੀ ਵਿਲੱਖਣਤਾ ਇਸ਼ ਗਲ ਵਿਚ ਹੈ ਕਿ ਇਤਿਹਾਸ ਬਾਰੇ ਉਹਦਾ ਨਜ਼ਰੀਆ ਪਦਾਰਥਵਾਦੀ ਸੀ—ਇਤਿਹਾਸਕਾਰਾਂ ਨੇ ਵੀ ਭਗਤ ਸਿੰਘ ਦੀ ਇਸ ਵਿਚਾਰਧਾਰਾ ਦੇ ਇਸ ਪਖ ਨੂੰ ਮੰਨ ਲਿਆ ਹੈ ਭਗਤ ਸਿੰਘ ਨੇ ਅਧਿਆਤਮਵਾਦ ਅਤੇ ਵਿਚਾਰਵਾਦ ਨੂੰ ਐਲਾਨੀਆਂ ਤੌਰ ਤੇ ਚੁਨੌਤੀ ਦਿਤੀ—ਉਸ ਅਧਿਆਤਮਵਾਦ ਅਤੇ ਆਦਰਸ਼ਵਾਦ ਨੂੰ ਜਿਹਦੇ ਸਹਾਰੇ ਅਜ ਦਾ ਲੁਟੇਰਾ ਨਿਜ਼ਾਮ ਥੰਮ ਬਣਕੇ ਖੜਾ ਹੈ। ਏਹੀ ਬੁਨਿਆਦੀ ਸਿਧਾਂਤ ਅਤੇ ਅਮਲ ਹੀ ਹੈ ਜਿਹੜਾ ਕਿ ਸ਼ਹੀਦ ਭਗਤ ਸਿੰਘ ਨੂੰ ਗਾਂਧੀ ਅਤੇ ਹੋਰ ਭਾਰਤੀ ਨੇਤਾਵਾਂ ਤੋਂ ਨਿਖੇੜਦੇ ਹਨ। ਅਜ ਦੀ ਫਿਰਕਾਪ੍ਰਸਤੀ ਲਹਿਰ ਦਾ ਵਿਰੋਧ ਕਰਨ ਲਈ ਭਗਤ ਸਿੰਘ ਦੇ ਨਾਸਤਕਵਾਦ ਨੂੰ ਮੁੜ ਵਿਚਾਰਣ ਦੀ ਲੋੜ ਹੈ।

## ਖਾਲਿਸਤਾਨ ਦੀ ਲਹਿਰ ਦਾ ਸੰਖੇਪ ਪਿਛੋਕੜ

ਇਕ ਪੱਤਰਕਾਰ ਦੇ ਸਰਵੇਖਣ ਅਨੁਸਾਰ

ਅਕਾਲੀਆਂ ਦਾ ਮੌਜੂਦਾ ਮੋਰਚਾ 2 ਸਾਲ ਪਹਿਲਾਂ ਕਪੂਰੀ ਨਹਿਰ ਦੀ ਖੁਦਾਈ ਦੇ ਵਿਰੋਧ ਵਿਚ ਸ਼ੁਰੂ ਹੋਇਆ

ਸੀ—ਹੁਣ ਤੱਕ ਇਹ ਐਨੇ ਵਿੰਗ ਵਲੇਵਿਆਂ ਵਿਚੋਂ ਗੁਜ਼ਰ ਚੁਕਿਆ ਹੈ ਕਿ ਲੋੜ ਮਹਿਸੂਸ ਹੁੰਦੀ ਹੈ ਕਿ ਇਹਦੇ ਨਾਲ ਇਕ ਗਰਾਫ ਜਾਂ ਨਕਸ਼ਾ ਵੀ ਦਿੱਤਾ ਜਾਵੇ ਤਾਂ ਕਿ ਪਾਠਕਾਂ ਅਤੇ ਸ਼ਰਧਾਲੂਆਂ ਨੂੰ ਮੋਰਚੇ ਦੇ ਵਿੰਗ ਟੇਢ ਸਮਝਣ ਵਿਚ ਆਸਾਨੀ ਹੋ ਸਕੇ। ਮੋਰਚੇ ਦੀ ਯਾਤਰਾ ਉਦੋਂ ਸ਼ੁਰੂ ਹੋਈ ਦਿੱਲੀ ਤੋਂ ਸ੍ਰੀ ਮਤੀ ਗਾਂਧੀ ਨੇ ਹਵਾਈ ਉਡਾਣ ਲਾ ਕੇ ਕਪੂਰੀ ਨਹਿਰ ਦੀ ਖੁਦਾਈ ਕਰਨ ਦਾ ਉਦਘਾਟਨ ਕੀਤਾ ਅਤੇ ਇਹਦੇ ਵਿਰੋਧ ਵਿਚ ਅਕਾਲੀਆਂ ਅਤੇ ਮਾਰਕਸੀ ਲੀਡਰਾਂ ਨੇ ਰਲਕੇ ਨਾਹਰੇ ਲਾਏ ਕਿ ਇਸੇ ਨਹਿਰ ਵਿਚ ਡਿੱਗਕੇ 'ਇਕੱਠੇ ਜੀਵਾਂਗੇ ਜਾਂ ਮਰਾਂਗੇ' ਅਕਾਲੀਆਂ ਦੇ ਵਿਸ਼ੇਸ਼ ਦੂਤ ਸੁਰਜੀਤ ਤਾਂ ਕੰਢੇ ਤੇ ਖੜੇ ਦੇਖਦੇ ਹੀ ਰਹਿ ਗਏ ਕਿ ਉਹ ਕਰਨ ਤਾਂ ਕੀ ਕਰਨ, ਕਿਉਂਕਿ ਅਕਾਲੀਆਂ ਨੇ ਮੋਰਚਾ ਹਰਮੰਦਰ ਸਾਹਿਬ ਵਿਚ ਲਿਆ ਧਰਿਆ। ਜੈਕਾਰਿਆਂ ਦੀ ਗੂੰਜ ਵਿਚ ਮੋਰਚੇ ਦੀਆਂ ਮੰਗਾਂ ਦਾ ਐਲਾਨ ਕੀਤਾ ਗਿਆ।
1. ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਕਰਾਰ ਦਿਓ,
2. ਸ੍ਰੀ ਹਰਿਮੰਦਰ ਸਾਹਿਬ ਵਿਚ ਟਰਾਂਸਮੀਟਰ ਲਾਓ,
3. ਗੁਰੂ ਦੀ ਨਗਰੀ ਜਾਂਦੀ ਰੇਲ ਗੱਡੀ ਦਾ ਨਾਂ ਬਦਲੋ।
4. ਆਲ ਇੰਡੀਆ ਗੁਰਦਵਾਰਾ ਐਕਟ ਬਣਾਓ। ਇਸ 'ਮਹਾਨ' ਕਾਰਜ ਲਈ 'ਜੇਲ ਭਰੋ ਅੰਦੋਲਨ' ਸ਼ੁਰੂ ਕੀਤਾ ਗਿਆ। ਅੰਮ੍ਰਿਤਸਰ ਸ਼ਹਿਰ ਨੂੰ ਪਵਿਤਰ ਕਰਾਰ ਦੇਣ ਦਾ ਕੀ ਅਰਥ ਹੋਇਆ—400 ਸਾਲਾਂ ਤੋਂ ਵੱਧ ਸਮਾਂ ਹੋ ਗਿਆ ਹੈ ਇਸ ਸ਼ਹਿਰ ਨੂੰ ਹੋਂਦ ਵਿਚ ਆਏ ਨੂੰ। ਪਹਿਲਾਂ ਕਦੇ ਵੀ ਇਸ ਮੰਗ ਦਾ ਜ਼ਿਕਰ ਤੱਕ ਨਹੀਂ ਹੋਇਆ। ਕੀ ਕਿਸੇ ਸ਼ਹਿਰ ਦੇ ਧਾਰਮਿਕ ਸਥਾਨ ਦੇ ਆਲੇ ਦੁਆਲਿਓਂ ਬੀੜੀਆਂ ਸਿਗਰਟਾਂ ਕੱਢ ਦੇਣ ਨਾਲ ਉਸ ਸ਼ਹਿਰ ਦੀ ਪਵਿਤਰਤਾ ਕਾਇਮ ਹੋ ਜਾਵੇਗੀ ? ਜਦੋਂ ਕਿ ਅੰਮ੍ਰਿਤਸਰ ਦੇ ਲੱਖਾਂ ਲੋਕ ਭੁਖ ਨੰਗ ਅਤੇ ਮਹਿੰਗਾਈ ਹੇਠ ਤੜਪ ਰਹੇ ਹੋਣ—ਨੰਗਾ ਬਚਪਨ ਸੜਕਾਂ ਤੇ ਰੁਲ ਰਿਹਾ ਹੋਵੇ। ਇਵੇਂ ਇਨਾਂ ਦਾ ਕੰਮ, ਆਪਣੇ ਸੌੜੇ ਸਿਆਸੀ ਉਦੇਸ਼ਾਂ ਦੀ ਪੂਰਤੀ ਲਈ ਮਜ਼੍ਹਬੀ ਨਾਹਰੇਬਾਜ਼ੀ ਕਰਕੇ ਫਿਰਕੂ ਜਨੂੰਨ ਭੜਕਾਉਣ ਤੋਂ ਇਲਾਵਾ ਕੁਝ ਨਹੀਂ। ਇਨ੍ਹਾਂ ਨੂੰ ਸਿਰਫ ਗੱਡੀ ਦਾ ਨਾਂ ਬਦਲਣ ਨਾਲ ਮਤਲਬ ਹੈ, ਬਾਕੀ ਕਿਰਾਏ ਨਾਲ ਜਾਂ ਯਾਤਰੀਆਂ ਦੀ ਆਰਥਕ ਹਾਲਤ ਕਿਵੇਂ ਤੰਗ ਬਣੀ ਪਈ ਹੈ, ਇਹਦੇ ਬਾਰੇ ਚਿੰਤਤ ਹੋਣਾ ਇਹਨਾਂ ਦਾ ਕੰਮ ਨਹੀਂ।' ਤੁਸੀਂ ਆਪ ਹੀ ਸੋਚ ਲਓ ਕਿ ਕਿੰਨਾ ਕੁ ਵਜ਼ਨ ਹੈ ਮੋਰਚੇ ਦੀਆਂ ਮੰਗਾਂ ਵਿਚ। ਸੰਤ ਭਿੰਡਰਾਂਵਾਲੇ ਦਾ ਮੋਰਚੇ ਉਤੇ ਹਾਵੀ ਹੋ ਜਾਣਾ ਵੀ ਅਜੀਬ ਹੀ ਕਹਾਣੀ ਹੈ। ਜਿਹੜੇ ਸ਼ਖਸ ਨੂੰ ਅਕਾਲੀ ਲੀਡਰ ਆਪਣੀਆਂ ਸਟੇਜਾਂ ਦੇ ਨੇੜੇ ਵੀ ਨਹੀਂ ਢੁਕਣ ਦਿੰਦੇ ਸਨ ਅਤੇ ਉਸਨੂੰ ਕਾਂਗਰਸ ਦਾ ਸਮਰਥਕ ਐਲਾਨਿਆ ਗਿਆ ਸੀ, ਉਸੇ ਵਿਅਕਤੀ ਨੂੰ ਹੁਕਮਰਾਨ ਪਾਰਟੀ ਦੇ ਇਕ ਧੜੇ ਨੇ ਇਕ ਦਮ ਹੀਰੋ ਬਣਾ ਕੇ ਪੇਸ਼ ਕਰ ਦਿੱਤਾ, ਉਧਰ ਤਿਹਾੜ ਜੇਲ ਵਿਚ ਜਥੇਦਾਰ ਤਲਵੰਡੀ ਨੇ ਅਨੰਦਪੁਰ ਦਾ ਮਤਾ ਲਾਗੂ ਕਰਨ ਦਾ ਐਲਾਨ ਕਰ ਦਿੱਤਾ।

ਅਕਾਲੀ ਮੋਰਚੇ ਨੂੰ ਸਮੂਹ ਪੰਜਾਬੀਆਂ ਦਾ ਮੋਰਚਾ ਬਣਾਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਸਵੰਤ ਸਿੰਘ ਕੰਵਲ ਅਤੇ ਭਾਰਦਵਾਜ ਵਰਗੇ ਲੇਖਕ ਵੀ ਫਿਰਕਾ-ਪ੍ਰਸਤਾਂ ਦੇ ਟੋਟੇ ਚੜ੍ਹ ਗਏ। ਭਿੰਡਰਾਂਵਾਲੇ ਦੇ ਟੇਪ ਕੀਤੇ ਹੋਏ ਭਾਸ਼ਣ ਇਸ ਗਲ ਦਾ ਸਬੂਤ ਹਨ ਕਿ ਕਿਵੇਂ ਹਿੰਦੂਆਂ ਅਤੇ ਬਾਕੀ ਗ਼ੈਰ ਸਿਖ ਲੋਕਾਂ ਵਿਰੁਧ ਜ਼ਹਿਰ ਫੈਲਾਈ ਜਾ ਰਹੀ ਹੈ। ਹੁਣ ਧਰਮ ਯੁਧ ਦੀ ਸਥਿਤੀ ਇਹ ਹੈ ਕਿ ਬਬਰ ਖਾਲਸਾ ਅਤੇ ਭਿੰਡਰਾਂਵਾਲੇ ਦੀ ਸਿਖ ਫੈਡਰੇਸ਼ਨ ਵਿਚਕਾਰ ਦੌੜ ਲੱਗੀ ਹੋਈ ਹੈ ਕਿ ਹਿੰਦੂਆਂ ਤੇ ਨਿਰੰਕਾਰੀਆਂ ਦੇ ਵਧ ਕਤਲ ਕੌਣ ਕਰਦਾ ਹੈ। ਸਿਖ ਯੂਥ ਫੈਡਰੇਸ਼ਨ ਨੇ ਪੰਜਾਬ ਵਿਚ ਚਾਰ ਮੁਖ ਦੁਸ਼ਮਣ ਚੁਣੇ ਹਨ। ਹਿੰਦੂ ਸਾਮਰਾਜ, ਕਮਿਊਨਿਸਟ, ਨਿਰੰਕਾਰੀ-ਰਾਧਾ ਸੁਆਮੀ, ਪੰਥ ਵਿਚ ਪੰਥ ਵਿਰੋਧੀ ਅਨਸਰ।

"ਇਕ ਵਾਰ ਕੇਂਦਰ ਵਿਚ ਰਾਜ ਸੱਤਾ ਦਾ ਭਾਈ-ਵਾਲ ਬਣਨ ਅਤੇ ਪੰਜਾਬ ਵਿਚ ਚਾਰ ਵਾਰ ਵਜ਼ਾਰਤਾਂ ਬਣਾ ਕੇ ਰਾਜਸੱਤਾ ਸੰਭਾਲਣ ਪਿਛੋਂ 37 ਕੁ ਸਾਲ ਬਾਅਦ ਅਕਾਲੀ ਪਾਰਟੀ ਨੂੰ ਸੰਵਿਧਾਨ ਦੀ 25 ਧਾਰਾ ਤੇ ਏਨਾ ਕੁ ਰੋਸ ਜਾਗਿਆ ਕਿ ਇਹਨੂੰ ਦਿਲੀ ਅਤੇ ਪੰਜਾਬ ਦੇ ਜ਼ਿਲਾ ਹੈਡ ਕੁਆਰਟਰਾਂ ਤੇ ਸਾੜਨ ਦਾ ਨਾਟਕ ਰਚਿਆ ਗਿਆ। ਹੁਣ ਸੰਵਿਧਾਨ ਦੀ ਇਹ ਧਾਰਾ ਸਾੜਨ ਦਾ ਕੀ ਮੰਤਵ ਹੈ—ਹੁਣ ਇਹ ਗੱਲ ਛੁਪੀ ਹੋਈ ਨਹੀਂ ਕਿ ਸਿਖਾਂ ਨੂੰ ਇਕ ਵਖਰੀ ਕੌਮ ਮਨਵਾਕੇ—ਸਿਖਾਂ ਲਈ ਇਕ ਵਖਰੇ ਰਾਜ ਵਲ ਨੂੰ ਹੀ ਕਦਮ ਵਧਾਉਣ ਦਾ ਸੰਕੇਤ ਹੈ। ਮੋਰਚੇ ਵਾਲੇ ਅਗਾਂਹ ਕਿਥੇ ਪਹੁੰਚਣਾ ਚਾਹੁੰਦੇ ਹਨ ਇਹਦੇ ਬਾਰੇ ਦੇਸ਼ ਵਾਸੀਆਂ ਨੂੰ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਹੈ।' ਹੁਣ ਜੇ ਤੱਤ ਰੂਪ ਵਿਚ ਖਾਲਿਸਤਾਨ ਦੀ ਲਹਿਰ ਨੂੰ ਦੇਖੀਏ ਤਾਂ ਇਹਦਾ ਪੰਜਾਬ ਦੇ ਸਮੂਹ ਲੋਕਾਂ ਲਈ ਕੋਈ ਆਰਥਕ ਤੇ ਸਮਾਜੋਕ ਆਧਾਰ ਨਹੀਂ ਰਿਹਾ—ਇਹ ਇਕ ਵਿਸ਼ੇਸ਼ ਫਿਰਕੇ ਦੀ ਸਰਦਾਰੀ ਲਈ ਇਕ ਨਿਰੋਲ ਫਿਰਕਾ ਪ੍ਰਸਤ ਲਹਿਰ ਬਣ ਕੇ ਰਹਿ ਗਈ ਹੈ—ਇਹਦੇ ਉਪਰੋਂ ਹੌਲੀ ਹੌਲੀ ਆਰਥਕ ਅਤੇ ਧਾਰਮਕ ਮੰਗਾਂ ਦਾ ਪਾਲਸ਼ ਉਤਰਕੇ ਹੁਣ ਹਕੀਕਤ ਨੰਗੇ ਰੂਪ ਵਿਚ ਸਾਹਮਣੇ ਆ ਗਈ ਹੈ।' ਸਿਖਾਂ ਅਤੇ ਹਿੰਦੂਆਂ ਦੇ ਧਾਰਮਕ ਜਜ਼ਬਾਤਾਂ ਨੂੰ ਅਗੇ ਲਾਕੇ ਇਕ ਵਖਰੇ ਰਾਜ ਦੀ ਨਾਹਰੇਬਾਜ਼ੀ ਕਰਕੇ ਲੋਕ ਸ਼ਕਤੀ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ

ਅੱਜ ਇਕ ਵਿਸ਼ੇਸ਼ ਧਰਮ ਦੇ ਨਾਂ ਤੇ ਸ਼ੁਰੂ ਕੀਤੀ ਗਈ ਫਿਰਕਾਪ੍ਰਸਤ ਲਹਿਰ ਨੂੰ ਜਿਹੜੇ ਵਿਅਕਤੀ ਤਰਕ ਅਤੇ ਦਲੀਲ ਨਾਲ ਲੋਕਾਂ ਵਿਚ ਨੰਗਿਆਂ ਕਰਕੇ ਸਮੇਂ ਦਾ ਸੱਚ ਰਖ ਰਹੇ ਹਨ—ਅਸਲ ਵਿਚ ਓਹ ਭਗਤ ਸਿੰਘ ਦੇ ਵਾਰਸ ਹਨ। ਧਰਮ ਯੁਧ, ਖਾਲਿਸਤਾਨ ਅਤੇ ਫਿਰਕਾਪ੍ਰਸਤੀ ਦੇ ਨਾਂ ਤੇ ਕਲ ਨੂੰ ਜੋ ਵੀ ਭੈੜੇ ਤੋਂ ਭੈੜਾ ਲੋਕ ਵਾਲਾ ਹੈ, ਉਹ ਲੋਕਾਂ ਨੂੰ ਇਹਦੇ ਬਾਰੇ ਗਲਤ ਫਹਿਮੀ ਜਾਂ ਨ੍ਹੇਰੇ ਵਿਚ ਨਹੀਂ ਰਖਣਾ ਚਾਹੁੰਦੇ—ਜਿਵੇਂ ਕਿ ਬਾਕੀ ਪਾਰਲੀਆਮਾਨੀ ਪਾਰ-ਟੀਆਂ ਅਮਨ ਰੈਲੀਆਂ ਅਤੇ ਅਮਨ ਮਾਰਚਾਂ ਦੇ ਥੋਥੇ ਪ੍ਰਚਾਰ ਰਾਹੀਂ ਕਰ ਰਹੀਆਂ ਹਨ। ਇਹ ਕਮਿਊਨਿਸਟ ਇਨਕ-ਲਾਬੀ ਹੀ ਹਨ ਜੋ ਕਿ ਹਰ ਤਰਾਂ ਦੇ ਤੁਅੱਸਬ, ਸੁਆਰਥ ਅਤੇ ਸ਼ਾਵਨਵਾਦ ਤੋਂ ਉਪਰ ਉਠਕੇ ਸਮਾਜ ਵਿਚੋਂ ਹਕੀਕੀ ਦੋਸਤਾਂ ਅਤੇ ਦੁਸ਼ਮਣਾਂ ਦਾ ਨਿਖੇੜਾ ਕਰਕੇ ਇਤਿਹਾਸ ਦੇ ਪਈਏ ਨੂੰ ਅਗਾਂਹ ਲਿਜਾਣਾ ਚਾਹੁੰਦੇ ਹਨ। ਵਖ ਵਖ ਧੜਿਆਂ ਵਿਚ ਵੰਡੇ ਹੋਏ ਕਮਿਊਨਿਸਟ ਇਨਕਲਾਬੀਆਂ ਨੂੰ ਕਿਸੇ ਘਟੋ ਘਟ ਪ੍ਰੋਗਰਾਮ ਤੇ ਇਕੱਠੇ ਹੋਕੇ ਇਕ ਫਿਰ-ਕਾਪ੍ਰਸਤੀ ਵਿਰੋਧੀ ਲਹਿਰ ਉਸਾਰਨੀ ਪਵੇਗੀ—ਇਸ ਕੰਮ ਲਈ ਉਨ੍ਹਾਂ ਨੂੰ ਇਕ ਐਕਸ਼ਨ ਕਮੇਟੀ ਬਣਾ ਲੈਣੀ ਪਵੇਗੀ ਅਤੇ ਲੋਕਾਂ ਨੂੰ ਫਿਰਕਾਪ੍ਰਸਤ ਸ਼ਕਤੀਆਂ ਤੋਂ ਖਬਰਦਾਰ ਕਰਨਾ ਪਵੇਗਾ, ਤਾਂ ਹੀ ਅਗਾਂਹ ਵਧਿਆ ਜਾ ਸਕਦਾ ਹੈ। ਨਹੀਂ ਤਾਂ ਇਕੱਲੇ ਇਕੱਲੇ ਮਾਰ ਖਾਣ ਤੋਂ ਸਿਵਾ ਹੋਰ ਕੁਝ ਵੀ ਬਾਕੀ ਨਹੀਂ ਹੈ। ਅਜ ਲੋਕਾਂ ਵਿਚ ਦ੍ਰਿੜਤਾ ਨਾਲ ਲੈਕੇ ਜਾਣ ਵਾਲੀ ਗੱਲ ਇਹ ਹੈ ਕਿ ਅਜ 'ਧਰਮ ਖਤਰੇ ਵਿਚ' ਨਹੀਂ ਹੈ ਸਗੋਂ ਸਮਾਜ ਨੂੰ ਸਭ ਤੋਂ ਵਡਾ ਖਤਰਾ 'ਧਰਮ ਯੁਧ' ਤੋਂ ਹੈ। ਸਾਮਰਾਜਵਾਦ ਦੀ ਸਰਪ੍ਰ-ਸਤੀ ਹੇਠ ਅਜ ਫਿਰਕਾਪ੍ਰਸਤ/ਫ਼ਾਸਿਸਟ ਤਾਕਤਾਂ ਵਲੋਂ ਮੁਢਲੇ ਮਾਨੁਖੀ ਹੱਕਾਂ ਤੇ ਜ਼ਬਰਦਸਤ ਹੱਲੇ ਦਾ ਮੁਕਾਬਲਾ ਕਰਨ ਲਈ ਖੱਬੀਆਂ ਜਮਹੂਰੀ ਤਾਕਤਾਂ ਨੂੰ ਇਕ ਥਾਂ ਇਕੱਠੀਆਂ ਕਰਨਾ ਹੀ ਅਜ ਸਮੇਂ ਦੀ ਸਭ ਤੋਂ ਵਡੀ ਲੋੜ ਹੈ। ○

---

# ਪਾਠਕ ਲੇਖਕ ਫੋਰਮ

## 1. ਸਮਤਾ ਦੀਆਂ ਹਨੇਰੇ 'ਚ ਟੱਕਰਾਂ

**ਨਛੱਤਰ ਗਿੱਲ ਅਤੇ ਅਮਰਜੀਤ ਮਾਨਸਾ**

ਮਾਰਚ 1984 ਦੀ ਸਮਤਾ ਵਿੱਚ ਆਪਣੀ ਚਿੱਠੀ ਵਿੱਚ ਅਸੀਂ ਦੱਸਿਆ ਸੀ ਕਿ "ਸਮਤਾ" ਬਿਨਾਂ ਕਿਸੇ ਸਿਧਾਂਤਕ ਸੇਧ ਤੋਂ ਹਨੇਰੇ ਵਿੱਚ ਟੱਕਰਾਂ ਮਾਰ ਰਿਹਾ ਹੈ ਇਸੇ ਚਿੱਠੀ ਵਿੱਚ ਅਸੀਂ ਸੰਪਾਦਕ ਸਮਤਾ ਨੂੰ ਆਪਣੇ ਵਲੋਂ ਸੁਝਾਓ ਦਿੱਤਾ ਸੀ ਕਿ ਉਹ ਨਵਜਮਹੂਰੀ ਇਨਕ-ਲਾਬ ਦੀ ਆਮ ਸੇਧ ਨੂੰ ਅਪਣਾਕੇ ਚੱਲਣ ਅਤੇ ਇਸੇ ਅਨੁਸਾਰ ਇਨਕਲਾਬੀਆਂ ਅਤੇ ਗੈਰਇਨਕਲਾਬੀਆਂ ਦਾ ਨਿਖੜਾ ਕਰਕੇ ਦੋਨਾਂ ਪ੍ਰਤੀ ਵੱਖਰਾ-ਵੱਖਰਾ ਰਵਈਆ ਅਪ-ਨਾਉਣ ਤਾਂ ਉਹ ਸਹੀ ਅਰਥਾਂ ਵਿੱਚ ਇਨਕਲਾਬ ਦੀ ਸੇਵਾ ਕਰ ਸਕਦੇ ਹਨ ਅਤੇ ਆਪਣਾ ਖੱਬੇ ਪੱਖੀ ਸਭਿ-ਆਚਾਰਕ ਪਰਚੇ" ਵਾਲਾ ਸਹੀ ਰੋਲ ਅਦਾ ਕਰ ਸਕਦੇ ਹਨ।

ਪਰ ਮਾਰਚ ਦੇ ਪਰਚੇ ਨੇ ਇਹ ਗਲ ਸਪਸ਼ਟ ਕਰ ਦਿੱਤੀ ਹੈ ਕਿ ਸੰਪਾਦਕ ਜੀ ਤੇ ਇਸ ਦਾ ਕੋਈ ਪ੍ਰਭਾਵ ਨਹੀਂ ਪਿਆ ਅਤੇ ਉਹਨਾਂ ਨੇ ਪ੍ਰੋ: ਭਾਰਦਵਾਜ ਅਤੇ ਸੋਧ ਵਾਦੀ ਆਗੂ ਦੀਪਕ ਧਵਨ ਦੇ ਲੇਖ ਛਾਪ ਦਿੱਤੇ ਹਨ ਜਿਹੜੇ ਕਿ ਸੋਧਵਾਦੀ ਸਿਆਸਤ ਨਾਲ ਪੂਰੀ ਤਰਾਂ ਗੜੁੱਚ ਹਨ ਅਤੇ ਸਧਾਰਨ ਪਾਠਕਾਂ ਨੂੰ ਗੁੰਮਰਾਹ ਕਰਨ ਲਈ 'ਵਧੀਆ' ਮਸਾਲਾ ਮੁਹੱਈਆ ਕਰਦੇ ਹਨ। ਇਨਾਂ ਲੇਖਾਂ ਬਾਰੇ ਅਸੀਂ ਆਪਣੇ ਵਿਚਾਰ ਇਸ ਲਿਖਤ ਵਿੱਚ ਪੇਸ਼ ਕਰਦੇ ਹਾਂ। ਇਸ ਤੋਂ ਪਹਿਲਾਂ ਸੰਪਾਦਕ ਜੀ ਨਾਲ ਕੁਝ ਗੱਲਾਂ ਕਰਨੀਆ ਚਾਹੁੰਦੇ ਹਾਂ।

ਸੰਪਾਦਕ ਜੀ ਨੇ ਸਾਡੀ ਚਿੱਠੀ ਦੇ ਜੁਆਬ ਵਿੱਚ ਸਪਸ਼ਟੀ ਕਰਣ ਦਿੰਦੇ ਹੋਏ ਕਿਹਾ ਹੈ ਕਿ "ਸਮਤਾ" ਖੱਬੇ ਪੱਖੀ ਸਭਿਆਚਾਰਕ ਪਰਚਾ ਹੈ। ਇਸਨੂੰ ਕਿਸੇ ਗਰੁੱਪ ਜਾਂ ਪਾਰਟੀ ਦਾ ਬੁਲਾਰਾ ਨਾਂ ਸਮਝਿਆ ਜਾਵੇ। ਕੋਈ ਰਾਜਸੀ ਅਗਵਾਈ ਦੇਣਾ ਇਸ ਪਰਚੇ ਦਾ ਦਾਅਵਾ ਨਹੀਂ, ਇਹ ਆਪਸੀ ਸਿੱਖਣ ਅਤੇ ਸਿਖਾਉਣ ਦਾ ਇੱਕ ਫੋਰਮ ਹੈ। ਵਿਰੋਧ ਵਿਕਾਸ ਦਾ ਇਹ ਇੱਕ ਵੱਡਾ ਅੰਸ਼ ਹੈ ਕਿ ਵਿਰੋਧੀ ਧਿਰਾਂ ਦੇ ਵਿਚਾਰ ਵਟਾਂਦਰੇ ਤੋਂ ਹੀ ਸੱਚ ਦਾ ਵਿਕਾਸ ਹੁੰਦਾ ਹੈ। ਇਸ ਲਈ ਪੰਜਾਬ ਦੇ ਸੱਭਿਆਚਾਰ ਨੂੰ ਦਰ-ਪੇਸ਼ ਮਸਲਿਆਂ ਉਤੇ ਇਸੇ ਦ੍ਰਿਸ਼ਟੀਕੋਣ ਤੋਂ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ।"

ਸਭ ਤੋਂ ਪਹਿਲਾਂ ਅਸੀਂ ਸ਼ਪਸ਼ਟ ਕਰਦੇ ਹਾਂ ਕਿ "ਸਮਤਾ" ਨੂੰ ਕਿਸੇ ਗਰੁੱਪ ਜਾਂ ਪਾਰਟੀ ਦਾ ਬੁਲਾਰਾ ਬਨਾਉਣ ਦਾ ਸੁਝਾਓ ਨਹੀਂ ਦਿੱਤਾ ਸੀ ਅਸੀਂ ਸਿਰਫ ਇਹੀ ਕਿਹਾ ਸੀ ਕਿ ਇਸਨੂੰ ਨਵਜਮਹੂਰੀ ਇਨਕਲਾਬ ਦੀ ਆਮ ਸਿਆਸਤ ਨੂੰ ਅਪਨਾਕੇ ਉਸ ਅਨੁਸਾਰ ਇਨ-ਕਲਾਬੀਆਂ ਅਤੇ ਗੈਰ ਇਨਕਲਾਬੀਆਂ ਦਾ ਨਿਖੇੜਾ ਕਰਨਾ ਚਾਹੀਦਾ ਹੈ। ਅਤੇ ਇਨਕਲਾਬੀਆਂ ਨੂੰ ਇੱਕ ਮੁੱਠ ਕਰਨ ਲੲੀ ਉਨ੍ਹਾਂ ਵਿਚ ਉਸਾਰੂ ਬਹਿਸ ਕਰਵਾਉਣ ਦੀ ਅਤੇ ਗੈਰ ਇਨਕਲਾਬੀਆਂ ਨੂੰ ਖਦੇੜਨ ਦੀ ਪਹੁੰਚ ਅਪ-ਨਾਉਣੀ ਚਾਹੀਦੀ ਹੈ। ਪਰ ਸੰਪਾਦਕ ਜੀ ਨੇ ਸਾਡੀ ਇਸ ਸਮਝ ਬਾਰੇ ਕੁੱਝ ਬੋਲਣ ਦੀ ਬਜਾਏ ਹੋਰ ਹੀ ਟਾਲਾ ਵੱਟੂ

ਜੁਆਬ ਦੇ ਕੇ ਸਾਰ ਦਿੱਤਾ ਹੈ ।

ਦੂਸਰਾ ਨੁਕਤਾ ਇਹ ਹੈ ਕਿ ਜਿਵੇਂ ਸੰਪਾਦਕ ਜੀ ਨੇ "ਸਮਤਾ" ਨੂੰ ਖੱਬੇ ਪੱਖੀ ਸੱਭਿਆਚਾਰਕ ਪਰਚਾ ਐਲਾਨਿਆ ਹੈ, ਅਸੀਂ ਸੰਪਾਦਕ ਨੂੰ ਬੇਨਤੀ ਕਰਦੇ ਹਾਂ ਕਿ ਉਹ ਨਿਰਨਾ ਕਰਨ ਕਿ ਖੱਬੇ ਪੱਖੀ ਕੌਣ ਹੁੰਦੇ ਹਨ । ਉਹ ਤਾਂ ਸਿਰਫ ਉਸੇ ਵਿਅਕਤੀ ਨੂੰ ਖੱਬੇ ਪੱਖੀ ਕਹਿਣ ਲੱਗ ਜਾਂਦੇ ਹਨ ਜਿਹੜਾ ਆਪਣੇ ਨਾਂ ਨਾਲ ਕਾਮਰੇਡ ਸ਼ਬਦ ਜੋੜ ਲੈਂਦਾ ਹੈ । ਅਤੇ ਸਮਾਜਵਾਦ ਦਾ ਲੇਬਲ ਚਿਪਕਾ ਲੈਂਦਾ ਹੈ ਭਾਵੇਂ ਉਹ ਲੋਕਾਂ ਨੂੰ ਧੋਖਾ ਦੇਣ ਲਈ ਹੀ ਕਰ ਰਿਹਾ ਹੋਵੇ ।

ਸੰਪਾਦਕ ਜੀ ਜਿਵੇਂ ਗੁਰੂ ਗੋਬਿੰਦ ਸਿੰਘ ਦੇ 'ਖਾਲਸੇ' ਰੂਪ ਵਿੱਚ ਅੱਜ ਔਰੰਗਜ਼ੇਬ ਦੀ ਰੂਹ ਜ਼ੁਲਮ ਕਰ ਰਹੀ ਹੈ ਉਸੇ ਤਰ੍ਹਾਂ ਹੀ ਮਹਾਨ ਮਾਰਕਸ, ਏਂਗਲਜ਼, ਲੈਨਿਨ, ਸਟਾਲਨ ਅਤੇ ਮਾਓ ਦਾ ਨਾਂ ਲੈਕੇ ਵੀ ਕਤਾਸਕੀ, ਟਰਾਟਸਕੀ, ਖਰੁਸ਼ਚੋਵ, ਬਰੈਜ਼ਨੇਵ ਅਤੇ ਲਿਨਪਿਆਓ ਚੀ ਆਦਿਕ ਦੀਆਂ ਰੂਹਾਂ ਵੀ ਸਧਾਰਨ ਲੋਕਾਂ ਨੂੰ ਗੁਮਰਾਹ ਕਰਨ ਲਈ ਪੂਰੀ ਤਰਾਂ ਸਰਗਰਮ ਹਨ । ਤੁਸੀਂ ਵੀ ਸਾਨੂੰ ਉਹਨਾਂ ਜਾਲਾਂ 'ਚ ਫਸੇ ਨਜ਼ਰ ਆਉਂਦੇ ਹੋ । ਇਸ ਲਈ ਅੱਜ ਇਹ ਬਹੁਤ ਜ਼ਰੂਰੀ ਹੈ ਕਿ ਇਹਨਾਂ ਸਰਾਪੀਆਂ ਰੂਹਾ ਦੀ ਪਹਿਚਾਣ ਕਰੀਏ ਅਤੇ ਇਹਨਾਂ ਤੋਂ ਸਪਸ਼ਟ ਨਖੇੜੇ ਦੀ ਲਕੀਰ ਖਿੱਚਕੇ ਲੋਕਾਂ ਸਾਹਮਣੇ ਸਹੀ ਇਨਕਲਾਬੀ ਬਦਲ ਪੇਸ਼ ਕਰੀਏ । ਜਿੰਨਾਂ ਚਿਰ ਤੁਸੀਂ ਇਹ ਕਦਮ ਨਹੀਂ ਪੁੱਟਦੇ ਉਨ੍ਹਾਂ ਚਿਰ ਤੁਸੀਂ ਸਿਰਫ "ਧੂੜ 'ਚ ਟੱਟੂ" ਭਜਾਉਣ ਤੋਂ ਸਿਵਾ ਕੁਝ ਨਹੀਂ ਕਰ ਰਹੇ ਹੋਵੋਗੇ । ਇੱਕ ਦੂਜੇ ਤੋਂ ਸਿਖਣ ਸਿਖਾਉਣ ਦਾ ਰਵੱਈਆ ਸਿਰਫ ਇਨਕਲਾਬੀਆਂ ਵਿਚਕਾਰ ਹੀ ਹੁੰਦਾ ਹੈ । ਇਨਕਲਾਬੀਆਂ ਤੇ ਗੈਰ ਇਨਕਲਾਬੀਆਂ ਦਾ ਰਵੱਈਆ ਇੱਕ ਦੂਜੇ ਨੂੰ ਖਦੇੜਨ ਦਾ ਹੁੰਦਾ ਹੈ । ਕਿਉਂਕਿ ਇੱਕ ਦੀ ਜ਼ਿੰਦਗੀ ਅਤੇ ਦੂਜੇ ਦੀ ਮੌਤ ਹੁੰਦੀ ਹੈ ।

ਤੁਸੀਂ ਖੱਬੇ ਪੱਖੀ ਸੱਭਿਆਚਾਰ ਵੀ ਖੱਬੇ ਪੱਖੀ ਸਿਆਸਤ ਨੂੰ ਅਧਾਰ ਬਣਾ ਕੇ ਹੀ ਸਿਰਜ ਸਕਦੇ ਹੋ, ਇਸਤੋਂ ਬਿਨਾਂ ਨਹੀਂ । ਇਸਤੋਂ ਬਿਨਾਂ ਸਿਰਫ 'ਮਿਲਗੋਭਾ' ਸਭਿਆਚਾਰ ਹੀ ਸਿਰਜਿਆ ਜਾਵੇਗਾ । ਜਿਸਦਾ ਅੰਤਮ ਸਿੱਟਾ ਲੋਕਾਂ ਤੇ ਗੁੰਮਰਾਹ ਕਰੂ ਪ੍ਰਭਾਵਾਂ ਵਿਚ ਨਿਕਲੇਗਾ । ਸੋ ਅਸੀਂ ਇਕ ਵਾਰ ਫੇਰ ਸੁਝਾਓ ਦਿੰਦੇ ਹਾਂ ਕਿ ਤੁਸੀਂ ਨਵਜਮਹੂਰੀ ਇਨਕਲਾਬ ਦੀ ਆਮ ਸੇਧ ਨੂੰ ਅਪਨਾਓ ਜਿਸਦੀ ਪੁਸ਼ਟੀ 1967 ਦੀ 'ਬਸੰਤ ਦੀ ਕੜਕ' ਨੇ ਕੀਤੀ ਹੈ ।

ਅਸੀਂ ਤੁਹਾਡੇ ਨਾਲ ਇਕ ਹੋਰ ਨੁਕਤੇ ਤੇ ਵਿਚਾਰ ਕਰਨਾ ਚਾਹੁੰਦੇ ਹਾਂ ਕਿ ਤੁਸੀਂ ਮਾਰਚ 1984 ਦੀ ਸੰਪਾਦਕੀ ਵਿਚ ਲਿਖਿਆ ਹੈ ਕਿ 1947 ਵੇਲੇ ਕਮਿਊਨਿਸਟ ਹੀ ਸਨ ਜਿਹੜੇ ਫਿਰਕੂ ਹਨੇਰੀ ਵਿਚ ਸਾਬਤ ਕਦਮੀ ਨਾਲ ਕਾਇਮ ਰਹੇ । ਸੰਪਾਦਕ ਜੀ ! ਇਹ ਤੱਥਾਂ ਨੂੰ ਗਲਤ ਪੇਸ਼ ਕਰਨਾ ਹੈ । ਉਸ ਸਮੇਂ ਸੀ.ਪੀ.ਆਈ. ਨੇ ਫਿਰਕੂ ਹਨੇਰੀ ਝੁਲਾਉਣ ਵਿਚ ਅੰਗਰੇਜ਼, ਕਾਂਗਰਸ ਅਤੇ ਮੁਸਲਿਮ ਲੀਗ ਦਾ ਡਟਵਾਂ ਸਾਥ ਦਿੱਤਾ ਅਤੇ ਜਿਹੜੇ ਖਰੇ ਇਨਕਲਾਬੀਆਂ ਨੇ ਸੀ.ਪੀ.ਆਈ. ਦੀ ਉਪਰੋਕਤ ਨੀਤੀ ਦਾ ਵਿਰੋਧ ਕੀਤਾ ਉਹਨਾਂ ਨੂੰ ਜਥੇਬੰਦਕ ਡੰਡੇ ਨਾਲ ਚੁੱਪ ਕਰਾਇਆ ਗਿਆ । ਇਸਦੀ ਪੁਸ਼ਟੀ ਲਈ ਅਸੀਂ ਤੁਹਾਨੂੰ ਅਤੇ ਪਾਠਕਾਂ ਨੂੰ ਲਾਲ ਕਮਿਊਨਿਸਟ ਪਾਰਟੀ ਹਿੰਦ ਯੂਨੀਅਨ ਵਲੋਂ ਪ੍ਰਕਾਸ਼ਤ 'ਸਾਡੇ ਮਤਭੇਦ' ਕਿਤਾਬ ਪੜ੍ਹਨ ਦਾ ਸੁਝਾਓ ਦਿੰਦੇ ਹਾਂ ।

ਹੁਣ ਅਸੀਂ ਪ੍ਰੋ. ਭਾਰਦਵਾਜ ਦੇ ਸਮਤਾ 1984 ਵਿਚ ਛਪੇ ਲੇਖ 'ਅੰਨ ਦਾਤਾ ਕਿ ਭਿਖਾਰੀ ?' ਬਾਰੇ ਆਪਣੇ ਵਿਚਾਰ ਪੇਸ਼ ਕਰਾਂਗੇ ਕਿਉਂਕਿ ਇਹ ਲੇਖ ਇਕ ਬੁਨਿਆਦੀ ਨੁਕਤੇ ਤੋਂ ਪਾਠਕਾਂ ਨੂੰ ਗੁੰਮਰਾਹ ਕਰਨ ਦਾ ਸੰਦ ਬਣਦਾ ਹੈ । ਇਸ ਲੇਖ ਵਿਚ ਭਾਵੇਂ ਕਿਸਾਨੀ ਦੀ ਮਾੜੀ ਦਸ਼ਾ ਨੂੰ ਵਰਨਣ ਕੀਤਾ ਗਿਆ ਹੈ । ਪਰ ਇਸ ਮਾੜੀ ਦਸ਼ਾ ਦੀ ਜ਼ੁੰਮੇਵਾਰੀ ਸਿਰਫ ਇੰਦਰਾ ਕਾਂਗਰਸ ਦੇ ਜ਼ੁੰਮੇ ਸੁੱਟੀ ਗਈ ਹੈ । ਜ਼ਰਾ ਸੁਣੋ ਪ੍ਰੋ. ਸਾਹਿਬ ਕੀ ਕਹਿੰਦੇ ਸਨ..."...ਇਹਨਾਂ ਅੰਕੜਿਆਂ ਵਿਚ ਮੁੱਖ ਤੌਰ ਤੇ 1966 ਨੂੰ ਅਧਾਰ ਸਾਲ ਵਜੋਂ ਮੰਨਿਆ ਗਿਆ ਹੈ ਕਿਉਂ ਕਿ ਇਸੇ ਸਾਲ ਹੀ ਇੰਦਰਾ ਮਾਈ ਗੱਦੀ ਤੇ ਬੈਠੀ ਸੀ ਅਤੇ ਉਦੋਂ ਤੋਂ ਹੀ ਹਿੰਦੁਸਤਾਨੀ ਕ੍ਰਿਸਾਨੀ ਆਮ ਕਰਕੇ ਤੇ ਪੰਜਾਬ ਕ੍ਰਿਸਾਨੀ ਦੀ ਬਰਬਾਦੀ ਸ਼ੁਰੂ ਹੋਈ ਹੈ ।"

ਪ੍ਰੋ. ਭਾਰਦਵਾਜ ਦੇ ਉਪਰੋਕਤ ਕਥਨ ਦਾ ਅਰਥ ਹੈ ਕਿ ਜਿਉਂ ਹੀ ਇੰਦਰਾ ਗਾਂਧੀ ਗੱਦੀ ਤੇ ਬੈਠ ਗਈ ਤਿਉਂ ਹੀ ਭਾਰਤ ਦੀ ਕਿਸਾਨੀ ਦੀ ਬਰਬਾਦੀ ਸ਼ੁਰੂ ਹੋ ਗਈ ਜਿਵੇਂ 1966 ਤੋਂ ਪਹਿਲਾਂ ਭਾਰਤੀ ਕਿਸਾਨ ਬੜੇ ਸੁਨਹਿਰੀ ਯੁੱਗ ਵਿਚ ਰਹਿ ਰਹੇ ਸਨ । ਕਿਆ ਕਮਾਲ ਦਾ ਨਿਰਨਾ ਹੈ ਪ੍ਰੋ. ਸਾਹਿਬ, ਭਾਰਤੀ ਕਿਸਾਨੀ ਦੀ ਭੈੜੀ ਹਾਲਤ ਦਾ ਜ਼ੁੰਮੇਵਾਰ ਇਥੋਂ ਦੀਆਂ ਲੋਟੂ ਜਮਾਤਾਂ ਨੂੰ ਨਹੀਂ ਸਮਝਦੇ ਸਗੋਂ ਸਿਰਫ਼ ਇੰਦਰਾ ਗਾਂਧੀ ਨੂੰ ਹੀ ਸਮਝਦੇ ਹਨ । ਇਸ ਤਰ੍ਹਾਂ ਦੇ ਤਰਕ ਅਨੁਸਾਰ ਇੰਦਰਾ ਗਾਂਧੀ ਨੂੰ ਗੱਦੀ ਤੋਂ ਲਾਹੁਣ ਨਾਲ ਹੀ ਭਾਰਤੀ ਕਿਸਾਨੀ ਨੂੰ ਮੁਕਤੀ ਪ੍ਰਾਪਤ ਹੋ ਜਾਵੇਗੀ । ਫੇਰ ਤਾਂ ਪ੍ਰੋ. ਸਾਹਿਬ ਤੁਹਾਡੇ ਅਨੁਸਾਰ 1977 ਤੋਂ 1980 ਤੱਕ ਦਾ ਸਮਾਂ ਭਾਰਤੀ ਕਿਸਾਨੀ ਲਈ ਸੁਨਹਿਰੀ ਯੁੱਗ ਸੀ । ਜਦੋਂ ਨਰਮਾ 250/- ਤੋਂ ਘੱਟ ਵਿਕਿਆ ਸੀ ।

ਅਸਲ ਵਿਚ ਪ੍ਰੋ. ਸਾਹਿਬ ਆਮ ਪਾਠਕਾਂ ਨੂੰ ਆਪਣੇ ਕਲਮ ਦੇ ਜਾਦੂ ਨਾਲ ਪਾਰਟੀ ਸਿਆਸਤ ਦੇ ਕੇ ਜਮਾਤੀ ਸਿਆਸਤ ਤੋਂ ਦੂਰ ਰੱਖਣਾ ਚਾਹੁੰਦੇ ਹਨ ਤਾਂ ਜੋ

ਉਹ ਆਪਣੇ ਅਕਾਲੀ ਪ੍ਰਭੂਆਂ ਦੀ ਤਹਿ ਦਿਲੋਂ ਸੇਵਾ ਕਰ ਸਕਣ ਅਤੇ 'ਅਕਾਲ ਪੁਰਖ' ਦੀ ਮਿਹਰਬਾਨੀ ਨਾਲੇ ਉਹਨਾਂ ਦੇ ਕੋਈ ਚੰਗੀ ਫੀਤੀ (ਰੈਂਕ) ਲੱਗ ਜਾਵੇ।

ਅੰਤ ਵਿਚ ਸੀ.ਪੀ.ਐਮ. ਦੇ ਹਰਕਾਰੇ ਦੀਪਕ ਧਵਨ ਦੀ ਲਿਖਤ 'ਜਸਵੰਤ ਕੰਵਲ ਨਾਲ ਖੁੱਲਾ ਵਾਰਤਾਲਾਪ' ਬਾਰੇ ਆਪਣੇ ਵਿਚਾਰ ਪ੍ਰਗਟ ਕਰਾਂਗੇ। ਪਹਿਲਾਂ ਤਾਂ ਅਸੀਂ ਕੰਵਲ ਬਾਰੇ ਆਪਣੀ ਪੁਜ਼ੀਸ਼ਨ ਸਪਸ਼ਟ ਕਰਦੇ ਹਾਂ ਕਿ ਉਸਨੇ ਜੋ ਅੱਜ ਕੱਲ ਸਟੈਂਡ ਲਿਆ ਹੈ ਉਹ ਬਿਲਕੁਲ ਪਿਛਾਖੜੀ ਸਟੈਂਡ ਹੈ ਅਸੀਂ ਉਸਦੀ ਪੁਰਜ਼ੋਰ ਨਿਖੇਧੀ ਕਰਦੇ ਹਾਂ। ਪਰ ਦੀਪਕ ਧਵਨ ਨੇ ਆਪਣੇ ਉਪਰੋਕਤ ਲੇਖ ਵਿਚ ਜੋ ਰਾਜਨੀਤਕ ਪੁਜ਼ੀਸ਼ਨਾਂ ਲਈਆਂ ਹਨ ਉਹ ਵੀ ਆਮ ਪਾਠਕਾਂ ਨੂੰ ਗੁੰਮਰਾਹ ਕਰਨ ਵਾਲੀਆਂ ਹਨ। ਜੇਕਰ ਇਸਦਾ ਨੋਟਿਸ ਨਾ ਲਿਆ ਗਿਆ ਤਾਂ ਇਸਦੇ ਭੈੜੇ ਅਸਰ ਪੈ ਸਕਦੇ ਹਨ।

ਧਵਨ ਜੀ ਨੇ ਦਾਅਵਾ ਕੀਤਾ ਹੈ ਕਿ "ਸੰਸਾਰ ਦੇ ਇਕ ਤਿਹਾਈ ਹਿੱਸੇ ਵਿਚ ਪੂੰਜੀਵਾਦੀ ਢਾਂਚੇ ਦੀਆਂ ਜੜ੍ਹਾਂ ਪੁੱਟਕੇ ਲੋਕ ਮਨੁੱਖ ਜਾਤੀ ਦੇ ਸ਼ਾਨਦਾਰ ਭਵਿਖ ਕਮਿਊਨਿਜ਼ਮ ਵੱਲ ਵਧ ਰਹੇ ਹਨ।" ਉਹਨਾਂ ਦੀਆਂ ਇਹ ਸਤਰਾਂ ਰੂਸ ਚੀਨ ਆਦਿਕ ਦੇਸ਼ਾਂ ਵਿਚਲੇ ਅਖੌਤੀ ਸਮਾਜਵਾਦ ਵੱਲ ਇਸ਼ਾਰਾ ਹਨ। ਉਸ ਅਨੁਸਾਰ ਰੂਸ, ਚੀਨ ਵਰਗੇ ਦੇਸ਼ਾਂ ਵਿਚ ਸਮਾਜਵਾਦ ਦੀ ਬੜੀ ਜੋਸ਼ੋ ਖਰੋਸ਼ ਨਾਲ ਉਸਾਰੀ ਹੋ ਰਹੀ ਹੈ ਅਤੇ ਇਹ ਦੇਸ਼ ਕਮਿਊਨਿਜ਼ਮ ਵੱਲ ਵਧ ਰਹੇ ਹਨ। ਇਸ ਤਰ੍ਹਾਂ ਧਵਨ ਸਾਹਿਬ ਗਲਤ ਤੱਥ ਪੇਸ਼ ਕਰਕੇ ਰੂਸੀ ਸਮਾਜੀ ਸਾਮਰਾਜੀਆਂ ਅਤੇ ਚੀਨੀ ਸੋਧਵਾਦੀਆਂ ਨੂੰ ਸੱਚੇ ਸੁੱਚੇ ਕਮਿਊਨਿਸਟਾਂ ਦੇ ਤੌਰ ਤੇ ਪੇਸ਼ ਕਰ ਰਹੇ ਹਨ। ਅਸੀਂ ਪੁੱਛਦੇ ਹਾਂ ਕਿ ਰੂਸ ਚੀਨ ਵਿਚ ਜੋ ਬੇਰੁਜ਼ਗਾਰੀ ਅਤੇ ਮੁਦਰਾ ਦਾ ਫੈਲਾਅ ਹੈ ਕੀ ਇਹ ਸਮਾਜਵਾਦੀ ਸਮਾਜ ਵਿਚ ਹੁੰਦਾ ਹੈ ?

ਧਵਨ ਜੀ ਅੱਗੇ ਫੁਰਮਾਉਂਦੇ ਹਨ, "...ਅਫਗਾਨ ਇਨਕਲਾਬ ਨੂੰ ਸਾਬੋਤਾਜ਼ ਕਰਨ ਲਈ ਇਸਲਾਮੀ ਕਟੜਵਾਦ ਨੂੰ ਅਮਰੀਕਨ ਸਾਮਰਾਜ ਉਤਸਾਹਿਤ ਕਰ ਰਿਹਾ ਹੈ" ਆਓ ਹੁਣ ਇਨ੍ਹਾਂ ਦੇ ਅਫਗਾਨ ਇਨਕਲਾਬ ਬਾਰੇ ਵਿਚਾਰ ਕਰੀਏ। ਇਸ ਤੋਂ ਪਹਿਲਾਂ ਅਸੀਂ ਪਾਠਕਾਂ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਇਨਕਲਾਬ ਰੂਸੀ ਸਾਮਰਾਜੀਆਂ ਨੇ ਲੱਖਾਂ ਅਫਗਾਨਾਂ ਨੂੰ ਘਰੋਂ ਬੇਘਰ ਕਰਕੇ ਅਤੇ ਪਾਕਿਸਤਾਨ ਅਤੇ ਇਰਾਨ ਵੱਲ ਨੂੰ ਭਜਾ ਕੇ ਲਿਆਂਦਾ ਹੈ। ਅਫਗਾਨੀ ਲੋਕ ਰੂਸੀ ਸਾਮਰਾਜੀਆਂ ਖਿਲਾਫ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ ਹੁਣ ਧਵਨ ਸਾਹਿਬ ਇਹ ਕਹਿਣਗੇ ਇਹ ਲੜਨ ਵਾਲੇ ਅਫਗਾਨ ਲੋਕ ਸੀ.ਆਈ.ਏ. ਦੇ ਏਜੰਟ ਹਨ। ਪਰ ਧਵਨ ਸਾਹਿਬ ਸੀ.ਆਈ.ਏ. ਦੇ ਏਜੰਟ ਕੁਝ ਸੈਂਕੜੇ ਜਾਂ ਹਜ਼ਾਰਾਂ ਹੋ ਸਕਦੇ ਹਨ ਸਾਰੇ ਅਫਗਾਨੀ ਲੋਕ ਨਹੀਂ ਹੋ ਸਕਦੇ ਜੋ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਹਥਿਆਰਬੰਦ ਘੋਲ ਲੜਦੇ ਆ ਰਹੇ ਹਨ। ਨਾਲੇ ਕਾਮਰੇਡ ਲੈਨਿਨ ਨੇ ਜ਼ੋਰ ਦੇ ਕੇ ਕਿਹਾ ਹੈ ਕਿ "ਨਾ ਇਨਕਲਾਬ ਨਿਰਯਾਤ ਕੀਤਾ ਜਾ ਸਕਦਾ ਹੈ ਨਾ ਹੀ ਆਯਾਤ" ਇਸ ਲਈ ਤੁਸੀਂ ਆਪਣੇ ਰੂਸੀ ਯਾਰਾਂ ਦੀ ਇਸ ਕਾਰਵਾਈ ਨੂੰ ਨਾ ਤਾਂ ਸਿਧਾਂਤਕ ਤੌਰ ਤੇ ਨਾ ਹੀ ਅਮਲੀ ਤੌਰ ਤੇ ਠੀਕ ਸਿੱਧ ਕਰ ਸਕਦੇ ਹੋ।

ਧਵਨ ਸਾਹਿਬ ਅਫਗਾਨਿਸਤਾਨ ਵਿਚ ਰੂਸੀਆਂ ਦੀ ਕਾਰਵਾਈ ਨੂੰ ਤਾਂ ਠੀਕ ਸਿੱਧ ਕਰ ਰਹੇ ਹਨ ਪਰ ਨਾਗਾਲੈਂਡ ਮੀਜ਼ੋਰਮ ਆਦਿਕ ਦੇ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਵੱਖਵਾਦੀ ਲਹਿਰਾਂ ਕਹਿ ਕੇ ਭੰਡ ਰਹੇ ਹਨ ਜਦੋਂ ਕਿ ਇਹ ਲੋਕ ਆਤਮ ਨਿਰਣੇ ਦੇ ਹੱਕ ਲਈ ਲੜ ਰਹੇ ਹਨ ਅਤੇ ਮਾਰਕਸਵਾਦ ਅਨੁਸਾਰ ਇਹ ਉਨ੍ਹਾਂ ਦੀ ਇਨਕਲਾਬੀ ਕਾਰਵਾਈ ਹੈ। ਪਰ ਧਵਨ ਸਾਹਿਬ ਤਾਂ ਸਮਝਦੇ ਹਨ ਕਿ ਮਾਰਕਸਵਾਦ ਤਾਂ ਪਏ ਢੱਠੇ ਖੂਹ ਵਿਚ ਇਨ੍ਹਾਂ ਨੇ ਰੂਸੀਆਂ ਨਾਲ ਆਪਣੀ ਯਾਰੀ ਨੂੰ ਆਂਚ ਨਹੀਂ ਆਉਣ ਦੇਣੀ ਆਉਣ ਵੀ ਕਿਵੇਂ ਦੇਣ ਛੋਲਿਆਂ ਦਾ ਵੱਢ ਥੋੜੋਂ ਐ !

ਧਵਨ ਸਾਹਿਬ ਆਪਣੇ ਲੇਖ ਵਿਚ ਲਿਖਦੇ ਹਨ, "ਸਰਮਾਏਦਾਰੀ ਵਿਕਾਸ ਸੰਸਾਰ ਪੱਧਰ ਤੇ ਵੱਖ ਵੱਖ ਖਿੱਤਿਆਂ ਵਿਚਕਾਰ ਅਤੇ ਵੱਖ ਵੱਖ ਮੁਲਕਾਂ ਵਿਚਕਾਰ ਅਸਾਵੇਂ ਵਿਕਾਸ ਦਾ ਹੀ ਸਿੱਟਾ ਹੈ ਕਿ ਯੂਰਪ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਤੋਂ ਵੱਧ ਵਿਕਸਤ ਹੈ ਇਹੋ ਕਾਰਨ ਹੈ ਕਿ ਏਸ਼ੀਆ ਵਿਚ ਜਪਾਨ ਦੇ ਮੁਕਾਬਲੇ ਵਿਚ ਪਾਕਿਸਤਾਨ, ਬੰਗਲਾ ਦੇਸ਼ ਅਤੇ ਸ੍ਰੀ ਲੰਕਾ ਬਹੁਤ ਪਛੜੇ ਹੋਏ ਹਨ। ਸਰਮਾਏਦਾਰੀ ਵਿਕਾਸ ਦਾ ਰਾਹ ਮੁਲਕ ਦੇ ਵੱਖ ਵੱਖ ਹਿੱਸਿਆਂ ਦੇ ਵਿਕਾਸ ਦੇ ਅਸਾਵੇਂਪਣ ਨੂੰ ਲਗਾਤਾਰ ਮਜ਼ਬੂਤ ਕਰਦਾ ਰਹਿੰਦਾ ਹੈ। ਬੰਗਾਲ, ਮਹਾਂਰਾਸ਼ਟਰ, ਤਾਮਿਲਨਾਡੂ ਆਦਿਕ ਸਨਅਤੀ ਤੌਰ ਤੇ ਵੱਧ ਵਿਕਸਤ ਹਨ ਜਦ ਕਿ ਮੁਲਕ ਦਾ ਉਤਰੀ ਪੂਰਬੀ ਹਿੱਸਾ ਬੇਹੱਦ ਪਛੜਿਆ ਹੋਇਆ ਹੈ।

ਧਵਨ ਸਾਹਿਬ ਉਪਰੋਕਤ ਲਾਈਨਾਂ ਵਿਚ ਦੋ ਬੁਨਿਆਦੀ ਨੁਕਤੇ ਪੇਸ਼ ਕਰਦੇ ਹਨ ਕਿ ਏਸ਼ੀਆ,ਅਫਰੀਕਾ ਤੇ ਲਾਤੀਨੀ ਅਮਰੀਕਾ ਵਿਚਲੇ ਪਾਕਿਸਤਾਨ, ਬੰਗਲਾ ਦੇਸ਼, ਸ੍ਰੀ ਲੰਕਾ ਵਰਗੇ ਦੇਸ਼ ਸਿਰਫ ਪੂੰਜੀਵਾਦ ਦੇ ਅਸਾਵੇਂ ਵਿਕਾਸ ਕਰਕੇ ਹੀ ਪਛੜੇ ਹੋਏ ਹਨ ਅਤੇ ਭਾਰਤ ਵਿਚ ਪੂੰਜੀਵਾਦੀ ਵਿਕਾਸ ਕੀਤਾ ਜਾ ਰਿਹਾ ਹੈ। ਕਿਆ ਕਮਾਲ ਦੇ ਨਿਰਨੇ ਹਨ।

ਸ੍ਰੀ ਮਾਨ ਜੀ ਏਸ਼ੀਆ, ਅਫਰੀਕਾ ਅਤੇ ਲਾਤੀਨੀ

ਅਮਰੀਕਾ ਦੇ ਦੇਸ਼ ਸਾਮਰਾਜੀਆਂ ਦੀਆਂ ਬਸਤੀਆਂ, ਅਰਧ ਬਸਤੀਆਂ ਤੇ ਨਵ-ਬਸਤੀਆਂ ਹੋਣ ਕਰਕੇ ਹੀ ਪਛੜੇ ਹੋਏ ਹਨ। ਸਾਮਰਾਜੀਏ ਇਨ੍ਹਾਂ ਦੇਸ਼ਾਂ ਦੇ ਪੂੰਜੀਵਾਦੀ ਵਿਕਾਸ ਨੂੰ ਵੀ ਰੋਕੀ ਬੈਠੇ ਹਨ ਕਿਉਂਕਿ ਇਨ੍ਹਾਂ ਦੇਸ਼ਾਂ ਵਿਚ ਪੂੰਜੀਵਾਦੀ ਵਿਕਾਸ ਹੋਣ ਨਾਲ ਉਹਨਾਂ ਲਈ ਕੱਚੇ ਮਾਲ ਦੇ ਭੰਡਾਰ ਅਤੇ ਬਣੇ ਮਾਲ ਲਈ ਮੰਡੀਆਂ ਖਤਮ ਹੋ ਜਾਣਗੀਆਂ ਅਤੇ ਉਹਨਾਂ ਦੇ ਇਸ ਤਰ੍ਹਾਂ ਅੰਨ੍ਹੇ ਮੁਨਾਫੇ ਖਤਮ ਹੋ ਜਾਣਗੇ। ਇਸ ਲਈ ਸਾਮਰਾਜੀਆਂ ਦੀ ਇਹ ਲੋੜ ਹੈ ਕਿ ਉਹ ਇੰਨ੍ਹਾਂ ਦੇਸ਼ਾਂ ਦੀਆਂ ਦਲਾਲ ਜਗੀਰੂ ਜਮਾਤਾਂ ਨਾਲ ਗਠਜੋੜ ਕਰਕੇ ਇੰਨ੍ਹਾਂ ਦੇਸ਼ਾਂ ਨੂੰ ਪੂਰਣ ਪੂੰਜੀਵਾਦੀ ਯੁੱਗ ਵਿਚ ਰੱਖੀ ਰੱਖਣ।

ਇਸੇ ਗਠਜੋੜ ਕਰਕੇ ਹੀ ਇਹ ਦੇਸ਼ ਅਣਵਿਕਸਤ ਹਨ ਨਾ ਕਿ ਪੂੰਜੀਵਾਦ ਦੇ ਅਣਸਾਵੇਂ ਵਿਕਾਸ ਕਰਕੇ, ਭਾਰਤ ਵਿਚ ਸਾਮਰਾਜੀਏ ਇਥੋਂ ਦੀਆਂ ਦਲਾਲ ਜਗੀਰੂ ਜਮਾਤਾਂ ਨਾਲ ਮਿਲਕੇ ਸਾਡੇ ਦੇਸ਼ ਦੇ ਪੂੰਜੀਵਾਦੀ ਵਿਕਾਸ ਨੂੰ ਹੀ ਰੋਕੀ ਬੈਠੇ ਹਨ। ਅੱਜ ਪ੍ਰੋਲੇਤਾਰੀ ਦੀ ਪਹਿਲੀ ਕਾਰਵਾਈ ਉਪਰੋਕਤ ਜਮਾਤਾਂ ਦੇ ਗਠਜੋੜ ਨੂੰ ਭੰਨ ਕੇ ਤੇ ਰਾਜ ਸਤਾ ਖੋਹ ਕੇ ਪੂੰਜੀਵਾਦ ਦੇ ਵਿਕਾਸ ਲਈ ਰਾਹ ਪੱਧਰਾ ਕਰਨਾ ਹੈ। ਇਸੇ ਨੂੰ ਹੀ ਨਵਜਮਹੂਰੀ ਇਨਕਲਾਬ ਕਹਿੰਦੇ ਹਨ ਅਤੇ ਫੇਰ ਸਮਾਜਵਾਦ ਦੀ ਉਸਾਰੀ ਕਰਨੀ ਹੈ।

ਇਸ ਤਰ੍ਹਾਂ ਅਸੀਂ ਸਮਤਾ ਦੇ ਸੰਪਾਦਕ ਅਤੇ ਪਾਠਕਾਂ ਨੂੰ 'ਸਮਤਾ' ਦੀਆਂ ਲਿਖਤਾਂ ਵਿਚੋਂ ਹਵਾਲੇ ਦੇ ਕੇ ਇਹ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿਵੇਂ ਇਸ ਵਿਚਲੀਆਂ ਲਿਖਤਾਂ ਭੁਲੇਖੇ ਪਾਉਂਦੀਆਂ ਹਨ। ਸੋ ਅਸੀਂ ਪਾਠਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਵਿਚਲੀ ਹਰ ਲਿਖਤ ਨੂੰ ਪੂਰੀ ਸਾਵਧਾਨੀ ਨਾਲ ਪੜਿਆ ਕਰਨ ਅਤੇ ਸੰਪਾਦਕ ਜੀ ਨੂੰ ਵੀ ਅਪੀਲ ਕਰਦੇ ਹਾਂ ਕਿ ਉਹ ਸਾਡੀ ਲਿਖਤ ਨੂੰ ਗੌਰ ਨਾਲ ਪੜ੍ਹਨਗੇ ਅਤੇ ਸਮਤਾ ਵਿਚ ਛਾਪ ਕੇ ਹਜ਼ਾਰਾਂ ਪਾਠਕਾਂ ਨੂੰ ਵੀ ਸਾਡੇ ਵਿਚਾਰਾਂ ਤੋਂ ਜਾਣੂ ਕਰਵਾਉਣਗੇ। ਅਸੀਂ ਸੰਪਾਦਕ ਵਲੋਂ ਜਾਂ ਪਾਠਕਾਂ ਵਲੋਂ ਸਾਡੇ ਤੇ ਕੀਤੀ ਗੰਭੀਰ ਟਿੱਪਣੀ ਨੂੰ ਜੀ ਆਇਆਂ ਆਖਾਂਗੇ।

## ੨. ਸੰਪਾਦਕ ਵਲੋਂ ਇਕ ਸਪਸ਼ਟੀਕਰਨ

ਸਾਥੀ ਨੱਛਤਰ ਗਿੱਲ ਅਤੇ ਅਮਰਜੀਤ ਮਾਨਸਾ ਜੀ,

ਤੁਸੀਂ ਕੁਝ ਬੁਨਿਆਦੀ ਨੁਕਤਿਆਂ ਤੇ ਸਪਸ਼ਟੀਕਰਨ ਮੰਗਿਆ ਹੈ, ਜੋ ਹਾਜ਼ਰ ਹੈ। ਪਹਿਲੀ ਗੱਲ ਜਿਸਦਾ ਸਮਤਾ ਵਿਚ ਹਮੇਸ਼ਾ ਵਿਰੋਧ ਕੀਤਾ ਗਿਆ ਹੈ, ਉਹ ਰਾਜਸੀ ਬਹਿਸ ਵਿਚ ਥੋੜੀ ਜਾਂ ਵੱਧ ਮਾਤਰਾ ਵਿਚ ਮੌਜੂਦ absolutism ਹੈ, ਭਾਵ ਕਿ ਇਹ ਧਾਰਨਾ ਕਿ ਜਿਹੜਾ ਸੱਚ ਹੈ, ਉਹ ਸਿਰਫ ਸਾਡੀ ਧਿਰ ਕੋਲ ਹੈ, ਬਾਕੀ ਹਨੇਰੇ ਵਿਚ ਟੱਕਰਾਂ ਮਾਰਦੇ ਹਨ ਤੇ ਉਹਨਾਂ ਨੂੰ ਰਾਜਸੀ ਗਿਆਨ ਨਹੀਂ। ਤੁਸੀਂ ਇਸ ਗੱਲ ਤੇ ਸਵਾਲ ਕੀਤਾ ਕਿ ਅਸੀਂ ਖੱਬੀ ਧਿਰ ਕਿਸ ਨੂੰ ਗਿਣਦੇ ਹਾਂ? ਇਹ ਸੱਪਸ਼ਟ ਹੈ ਕਿ ਸਮਤਾ ਸੀ. ਪੀ. ਆਈ. ਅਤੇ ਸੀ. ਪੀ. ਐਮ. ਦੇ ਅਸਰ ਥੱਲੇ ਸਾਰੇ ਰਾਜਸੀ ਕੇਡਰ ਨੂੰ ਖੱਬੀ ਧਿਰ ਗਿਣਦਾ ਹੈ। ਬਾਕੀ ਇਸ ਗੱਲ ਬਾਰੇ ਕੋਈ ਰੌਲਾ ਨਹੀਂ ਕਿ ਨਕਸਲਬਾੜੀ ਲਹਿਰ ਸਮਤਾ ਦਾ ਪ੍ਰੇਰਨਾ ਸਰੋਤ ਹੈ। ਸਮਤਾ ਆਪਣਾ ਇਹ ਹੱਕ ਨਹੀਂ ਸਮਝਦਾ ਕਿ ਸਾਥੀ ਸੱਤਪਾਲ ਡਾਂਗ ਜਾਂ ਸਾਥੀ ਦੀਪਕ ਧਵਨ ਜਾਂ ਸੀ. ਪੀ. ਆਈ. ਤੇ ਸੀ. ਪੀ. ਐਮ. ਦੇ ਸਾਥੀਆਂ ਨਾਲ ਸਾਥੀ ਦਾ ਸ਼ਬਦ ਨਾ ਵਰਤਿਆ ਜਾਏ। ਸਮੁੱਚੀ ਖੱਬੀ ਲਹਿਰ ਵਿਚ ਹਾਲੀ ਕੋਈ ਵੀ ਧਿਰ ਇਹ ਦਾਅਵਾ ਕਰਨ ਦੇ ਯੋਗ ਨਹੀਂ ਹੋਈ ਕਿ ਉਸ ਨੇ ਹਿੰਦੋਸਤਾਨ ਦੀ ਇਨਕਲਾਬੀ ਲਹਿਰ ਵਿਚ ਥੋੜੀਆਂ ਮੱਲਾਂ ਮਾਰ ਲਈਆਂ ਹਨ ਅਤੇ ਸਾਰਾ ਇਨਕਲਾਬੀ ਸੱਚ ਉਹਦੇ ਕੋਲ ਹੀ ਹੈ, ਇਸ ਲਈ ਇਕ ਦੂਜੇ ਦੇ ਵਿਚਾਰ ਹਲੀਮੀ ਨਾਲ ਸੁਣ ਕੇ ਸਾਡੇ ਆਮ ਵਤੀਰੇ ਦਾ ਹਿੱਸਾ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਰੂਸ, ਚੀਨ ਅਤੇ ਹੋਰ ਸਮਾਜਵਾਦੀ ਦੇਸ਼ ਜਿੰਨ੍ਹਾਂ ਵਿਚ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਹਕੂਮਤਾਂ ਚਲ ਰਹੀਆਂ ਹਨ, ਸਾਡੇ ਡੂੰਘੇ ਅਧਿਐਨ ਦੀ ਮੰਗ ਕਰਦੀਆਂ ਹਨ। ਉਹਨਾਂ ਦੀਆਂ ਪ੍ਰਾਪਤੀਆਂ ਅਤੇ ਅਪ੍ਰਾਪਤੀਆਂ ਤੇ ਨਾਲ ਹੀ ਇਹਨਾਂ ਦੇ ਕਾਰਨ ਜਾਣਨੇ ਜ਼ਰੂਰੀ ਹਨ। ਉਹਨਾਂ ਨੂੰ ਅਮਰੀਕੀ ਸਾਮਰਾਜ ਦੇ ਬਰਾਬਰ ਖੜਾ ਕਰਕੇ ਲੀਕ ਫੇਰ ਦੇਣੀ ਸਾਡੇ ਲਈ ਲਾਹੇਵੰਦ ਨਹੀਂ। ਇਸ ਤਰ੍ਹਾਂ ਕਰਨ ਨਾਲ ਸਾਡੇ ਕੋਲ ਰਹਿ ਕੀ ਜਾਂਦਾ ਹੈ, ਜਿਸ ਉੱਤੇ ਖਲੋਕੇ ਅਸੀਂ ਸਾਧਾਰਨ ਬੰਦੇ ਨੂੰ ਯਕੀਨ ਕਰਵਾ ਸਕੀਏ ਕਿ ਹਿੰਦੋਸਤਾਨ ਵਿਚ ਜੇਕਰ ਇਨਕਲਾਬ ਆਏ ਤਾਂ ਅਸੀਂ ਤੁਹਾਨੂੰ ਕੀ ਦੇ ਸਕਾਂਗੇ? ਇਹ ਲੀਕ ਫੇਰੂ ਰੁੱਚੀ ਤੋਂ ਸਾਨੂੰ ਜ਼ਰੂਰ ਸਾਵਧਾਨ ਰਹਿਣਾ ਚਾਹੀਦਾ ਹੈ। ਰੂਸ ਚੀਨ ਸਿਰਫ ਖਰੂਸਚਿਵ, ਬਰੈਜ਼ਨਿਵ ਜਾਂ ਤੈਂਗ ਹੋਰਾਂ ਦੇ ਦੇਸ਼ ਨਹੀਂ। ਇਹ ਲੈਨਿਨ ਅਤੇ ਮਾਓ ਹੋਰਾਂ ਦੇ ਦੇਸ਼ ਹਨ ਤੇ ਉੱਥੇ ਹਾਲੀ ਵੀ ਉਹ ਕਮਿਊਨਿਸਟ ਪਾਰਟੀਆਂ ਹੀ ਅਗਵਾਈ ਕਰ ਰਹੀਆਂ ਹਨ ਜਿਨ੍ਹਾਂ ਨੂੰ ਇਹਨਾਂ ਮਹਾਨ ਆਗੂਆਂ ਨੇ ਪ੍ਰਵਾਨ ਚੜ੍ਹਾਇਆ ਸੀ। ਸਾਨੂੰ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਉਹ ਪਾਰਟੀਆਂ ਆਪਣੇ ਅੰਦਰਲੇ ਸੰਘਰਸ਼ ਰਾਹੀਂ ਸਹੀ ਦਿਸ਼ਾ ਵੱਲ ਚੱਲਣ ਦੇ ਯੋਗ ਹਨ। ਉਹਨਾਂ ਬਾਰੇ ਜਾਨਣਾ ਅਤੇ ਰਾਏ ਬਣਾਉਣਾ ਵੀ ਸਾਡਾ ਹੱਕ ਹੈ ਘਰ ਦੂਰ ਬੈਠੇ ਫਤਵੇ ਦੇ ਦੇਣਾ ਠੀਕ ਨਹੀਂ। ਨਕਸਲਬਾੜੀ ਲਹਿਰ ਦੇ ਤਕਰੀਬਨ ਸਾਰੇ ਗਰੁਪਾਂ ਦਾ ਇਹ ਵਿਚਾਰ ਹੈ ਕਿ ਰੂਸ ਅਮਰੀਕਾ ਵਾਕਨ ਹੀ ਜੰਗ

ਮੰਗਦਾ ਦੇਸ਼ ਹੈ। ਬੜਾ ਕੁਝ ਪੜ੍ਹਣ ਤੋਂ ਬਾਅਦ ਮੈਂ ਹਾਲੀ ਇਹ ਤਾਂ ਸਮਝ ਸਕਿਆ ਹਾਂ ਕਿ ਅਮਰੀਕਾ ਦੀ ਇਜਾਰੇਦਾਰੀ ਜਮਾਤ ਦੀ ਜੰਗ ਇਕ ਜ਼ਰੂਰਤ ਹੈ ਪਰ ਰੂਸ ਦੇ ਵਿਚ ਚਲ ਰਹੇ ਸਿਸਟਮ ਦੀ ਜੰਗ ਕਿਉਂ ਮੰਗ ਹੈ ? ਇਸ ਬਾਰੇ ਕੋਈ ਸਾਥੀ ਚਾਨਣਾ ਪਾ ਸਕੇ ਤਾਂ ਮੈਂ ਰਿਣੀ ਹੋਵਾਂਗਾ।

ਇਹ ਸਭ ਕੁਝ ਮੇਰਾ ਕਹਿਣ ਦਾ ਭਾਵ ਹੈ ਕਿ ਅਸੀਂ ਕਿਸੇ ਵੀ ਵਿਸ਼ੇ ਤੇ ਆਪਣੀ ਰਾਇ ਬਨਾਉਣ ਲਗਿਆਂ ਠੋਸ ਕਾਰਨਾਂ ਨੂੰ ਜਾਨਣ ਦਾ ਜ਼ਰੂਰ ਯਤਨ ਕਰੀਏ। ਪਹਿਲੇ ਹੀ ਮਿਥੀਆਂ ਹੋਈਆਂ ਧਾਰਨਾਵਾਂ ਨੂੰ ਆਧਾਰ ਬਣਾਕੇ ਕਿਸੇ ਸੱਚ ਨੂੰ ਨਹੀਂ ਪਰਖਣਾ ਚਾਹੀਦਾ। ਇਸ ਦੀ ਇਕ ਮਿਸਾਲ ਤੁਹਾਡੇ ਵਲੋਂ ਮੇਰੀ ਮਾਰਚ ਅੰਕ ਵਿਚ ਲਿਖੀ ਹੋਈ ਇਕ ਸੰਪਾਦਕੀ ਤੇ ਕਿੰਤੂ ਕਰਨਾ ਹੈ, ਜਿਸ ਵਿੱਚ ਮੈਂ ਇਹ ਦਾਅਵਾ ਕੀਤਾ ਸੀ ਕਿ 1947 ਦੇ ਫੌਸਾਦਾਂ ਵਿਚ ਕਮਿਊਨਿਸਟਾਂ ਦਾ ਦਾਮਨ ਬਿਲਕੁਲ ਸਾਫ ਰਿਹਾ ਸੀ। ਤੁਸੀਂ ਇਸ ਦਾਅਵੇ ਨੂੰ ਉਸ ਵੇਲੇ ਦੀ ਕਮਿਊਨਿਸਟ ਪਾਰਟੀ ਦੇ ਰਾਜਸੀ ਨਿਰਣੇ ਨਾਲ ਜੋੜ ਦਿਤਾ। ਇਹ ਤੁਹਾਡੀ ਸੀ.ਪੀ.ਆਈ. ਪ੍ਰਤੀ ਪਹਿਲੇ ਹੀ ਮਿਥੀ ਹੋਈ ਧਾਰਨਾ ਦਾ ਨਤੀਜਾ ਹੀ ਸੀ ਕਿ, ਸੀ.ਪੀ.ਆਈ. ਸਬੰਧਤ ਕੋਈ ਗੱਲ ਠੀਕ ਹੋ ਹੀ ਨਹੀਂ ਸਕਦੀ। ਮੇਰੇ ਵਿਚਾਰ ਵਿਚ ਪਿਛਲੇ 17-18 ਸਾਲ ਤੋਂ ਇਕ ਪਾਸੇ ਕਮਿਊਨਿਸਟ ਇਨਕਲਾਬੀਆਂ (ਨਕਸਲਬਾੜੀ ਲਹਿਰ ਨਾਲ ਸਬੰਧਤ) ਵਲੋਂ ਤੇ ਦੂਜੇ ਪਾਸੇ ਸੀ.ਪੀ.ਆਈ. ਅਤੇ ਸੀ.ਪੀ.ਐਮ. ਵਲੋਂ ਇਕ ਦੂਜੇ ਬਾਰੇ ਫਤਵੇ ਜਾਂ ਨਿਰਣੇ ਬਹੁਤੇ ਪਹਿਲੀਆਂ ਹੀ ਮਿਥੀਆਂ ਹੋਈਆਂ ਧਾਰਨਾਵਾਂ ਤੇ ਹੀ ਆਧਾਰਤ ਹੁੰਦੇ ਹਨ ਤੇ ਇਹਨਾਂ ਵਿਚ ਸੱਚ ਨੂੰ ਲੋਖਣ ਦੀ ਰੁੱਚੀ ਬਹੁਤ ਘੱਟ ਹੁੰਦੀ ਹੈ। ਨਕਸਲਬਾੜੀ ਲਹਿਰ ਵੇਲੇ ਕਿਉਂਕਿ ਬੰਗਾਲ ਵਿਚ ਹਕੂਮਤ ਸੀ.ਪੀ.ਐਮ. ਦੀ ਸੀ, ਇਸ ਲਈ ਸੀ.ਪੀ.ਐਮ. ਨੇ ਉਸ ਕਿਸਾਨੀ ਬਗਾਵਤ ਨੂੰ ਕਦੀ ਵੀ ਸਹੀ ਦ੍ਰਿਸ਼ਟੀਕੋਣ ਨਾਲ ਨਹੀਂ ਵੇਖਿਆ। ਉਹਦੇ ਨਾਲ ਸਬੰਧਤ ਸਿਧਾਂਤਕਾਰਾਂ ਨੇ ਵੀ ਇਸ ਲਹਿਰ ਬਾਰੇ ਇਕ 'ਪੈਟੀ ਬੁਰਜੂਆ ਮਾਅਰਕੇਬਾਜ਼' ਫਤਵਾ, ਮਿਥ ਕੇ ਇਹ ਧਾਰਨਾ ਬਣਾ ਲਈ ਹੈ ਕਿ ਇਹ ਲਹਿਰ ਫੇਲ ਹੋ ਗਈ ਹੈ, ਇਹਦੇ ਟੁੱਕੜੇ ਟੁੱਕੜੇ ਹੋ ਗਏ ਹਨ, ਹਾਲਾਂਕਿ ਇਹ ਸੱਚਾਈ ਹੈ ਕਿ ਇਸ ਲਹਿਰ ਨਾਲ ਸਬੰਧਤ ਵੱਖ ਵੱਖ ਗਰੁੱਪਾਂ ਵਿਚ ਕੰਮ ਕਰ ਰਹੇ ਹਜ਼ਾਰਾਂ ਇਨਕਲਾਬੀ ਕਾਰਕੁਨ ਬੜੀ ਸ਼ਿੱਦਤ ਨਾਲ ਲੋਕਾਂ ਵਿਚ ਇਨਕਲਾਬ ਦੇ ਹਿੱਤ ਵਿਚ ਸਰਗਰਮ ਹਿੱਸਾ ਪਾ ਰਹੇ ਹਨ। ਇਹੀ ਗੱਲ ਕਮਿਊਨਿਸਟ ਇਨਕਲਾਬੀਆਂ ਉਤੇ ਵੀ ਲਾਗੂ ਹੁੰਦੀ ਹੈ, ਕਿਉਂਕਿ ਸੀ.ਪੀ.ਐਮ. ਨੇ ਨਕਸਲਬਾੜੀ ਕਿਸਾਨੀ ਬਗਾਵਤ ਨੂੰ ਸਹੀ ਨਜ਼ਰ ਨਾਲ ਨਹੀਂ ਵੇਖਿਆ, ਇਸ ਕਰਕੇ ਸੀ.ਪੀ.ਐਮ. ਇਕ ਦੁਸ਼ਮਣ ਪਾਰਟੀ ਹੈ। ਸੀ.ਪੀ.ਐਮ. ਦੀ ਹਕੂਮਤ ਥੱਲੇ ਬੰਗਾਲ ਵਿਚ ਹੋ ਰਹੇ ਕਿਸੇ ਵੀ ਤਜਰਬੇ ਨੂੰ ਜਾਂ ਕਿਸੇ ਵੀ ਕੰਮ ਨੂੰ ਸਹੀ ਸ਼ਬਦਾਂ ਵਿਚ ਕਮਿਊਨਿਸਟ ਇਨਕਲਾਬੀਆਂ ਦੀਆਂ ਅਖਬਾਰਾਂ ਵਿਚ ਨਹੀਂ ਰੀਪੋਰਟ ਕੀਤਾ। ਸੰਮਤਾ ਵਿਚ ਦਿੱਤੇ ਇਕ ਸੰਪਾਦਕੀ ਵਿਚ ਮੈਂ ਪਹਿਲਾਂ ਵੀ ਇਸਦਾ ਜ਼ਿਕਰ ਕਰ ਚੁੱਕਾ ਹਾਂ। ਕਮਿਊਨਿਸਟ ਸਿਧਾਂਤ ਇਕ ਸਾਇੰਸ ਦਾ ਸਿਧਾਂਤ ਹੈ। ਸਾਇੰਸ ਦਿਸਦੀ ਹੋਈ ਅਸਲੀਅਤ ਦਾ ਵਿਸ਼ਲੇਸ਼ਣ ਹੈ, ਨਾਂ ਕਿ ਅਸਲੀਅਤ ਨੂੰ ਪਹਿਲੇ ਹੀ ਮਿਥੇ ਹੋਏ ਸਿਧਾਂਤਾਂ ਵਿਚ ਫਿੱਟ ਕਰਨਾ ਹੁੰਦਾ ਹੈ। ਇਸ ਰੁਚੀ ਦੀ ਇਕ ਹੋਰ ਮਿਸਾਲ ਮੈਂ ਸੁਰਜੀਤ ਗਿਲ ਵਲੋਂ ਭੇਜੀ ਗਈ ਇਕ ਚਿੱਠੀ ਵਿਚੋਂ ਦੇਣਾ ਹਾਂ, ਜੋ ਇਸ ਫੋਰਮ ਵਿਚ ਛਾਪੀ ਜਾ ਰਹੀ ਹੈ। ਸੁਰਜੀਤ ਗਿੱਲ ਦੀ ਇਹ ਧਾਰਨਾ ਬਣ ਚੁੱਕੀ ਹੈ ਕਿ ਨਕਸਲਬਾੜੀ ਲਹਿਰ ਇਕ ਮਾਅਰਕੇਬਾਜ਼ਾਂ ਦੀ ਲਹਿਰ ਹੈ, ਜਿਹੜੀ ਜਮਾਤੀ ਸੂਝ ਤੋਂ ਕੋਰੀ ਹੈ। ਇਸ ਲਈ ਭਾਂਵੇਂ ਉਹ ਕਿਸੇ ਕਿਤਾਬ ਦਾ ਰੀਵੀਊ ਕਰ ਰਹੇ ਹੋਣ ਜਾਂ ਕੋਈ ਹੋਰ ਲੇਖ ਲਿਖ ਰਹੇ ਹੋਣ, ਉਹ ਵਿਸ਼ੇ ਤੋਂ ਬਾਹਰ ਜਾ ਕੇ ਵੀ ਨਕਸਲਬਾੜੀ ਸਬੰਧਤ ਕਿਸੇ ਵੀ ਸਰਗਰਮੀ ਉਤੇ ਚੋਟ ਮਾਰਨ ਦਾ ਕੋਈ ਮੌਕਾ ਅਜਾਂਈ ਨਹੀਂ ਜਾਣ ਦੇਣਾ ਚਾਹੁੰਦੇ। ਇਸ ਚਿੱਠੀ 'ਚ ਕੇਂਦਰੀ ਲਿਖਾਰੀ ਸਭਾ ਦੀ ਗੱਲ ਕਰਦੇ ਹੋਏ ਖਾਹ ਮਖਾਹ ਪਲਸ ਮੰਚ ਨੂੰ ਵਿਚ ਲੈ ਆਂਦਾ ਹੈ, ਪਲਸ ਮੰਚ ਦੇ ਪ੍ਰਧਾਨ ਦੀ ਹੈਸੀਅਤ 'ਚ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਹਦੇ ਨਿਸ਼ਾਨਿਆਂ ਵਿਚ ਜਾਂ ਸਰਗਰਮੀਆਂ 'ਚ ਕੇਂਦਰੀ ਲਿਖਾਰੀ ਸਭਾ ਨਾਲ ਕੋਈ ਮੁਕਾਬਲਾ ਕਰਨ ਦੀ ਇੱਛਾ ਨਹੀਂ, ਇਹਦੀਆਂ ਤਿੰਨ ਕਾਨਫਰੰਸਾਂ ਹੋ ਚੁਕੀਆਂ ਹਨ ਅਤੇ ਇਹਨਾਂ ਤਿੰਨ ਕਾਨਫਰੰਸਾਂ ਵਿਚ ਜੋ ਨਰੋਇਆ ਸਭਿਆਚਾਰ ਪ੍ਰੋਗਰਾਮ ਪੇਸ਼ ਕੀਤਾ ਗਿਆ ਹੈ ਉਹ ਪੰਜਾਵਾਂ ਦੇ ਨੇੜੇ ਜਿਹੜੇ ਕਮਿਊਨਿਸਟ ਕਾਨਫਰੰਸਾਂ ਤੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਸਨ, ਹਰ ਲਿਹਾਜ਼ ਨਾਲ ਵਿਸ਼ੇ ਅਤੇ ਕਲਾਤਮਕ ਪੱਖ ਤੋਂ ਉਸ ਰਵਾਇਤ ਨੂੰ ਅਗੇ ਲਿਜਾਂਦੇ ਹਨ। ਲੋਕਾਂ ਦੀ ਸ਼ਮੂਲੀਅਤ ਵੀ ਇਹਨਾਂ ਕਾਨਫਰੰਸਾਂ ਵਿਚ ਰਿਕਾਰਡ ਤੋੜ ਰਹੀ ਹੈ। ਪਰ ਇਹ ਸਭ ਕੁਝ ਸੁਰਜੀਤ ਗਿੱਲ ਦੀ ਪਹਿਲੇ ਤੋਂ ਹੀ ਮਿਥੀਆਂ ਹੋਈਆਂ ਧਾਰਨਾਵਾਂ ਦੇ ਉਲਟ ਸੱਚ ਸੀ, ਇਸ ਲਈ ਬਜਾਏ ਇਸ ਅਮਲ ਨੂੰ ਸਹੀ ਵਿਗਿਆਨਕ ਪਹੁੰਚ ਨਾਲ ਘੋਖਿਆ ਜਾਂਦਾ, ਇਹ ਫਤਵਾ ਦੇ ਦਿੱਤਾ ਕਿ ਪਲਸ ਮੰਚ ਵੀ ਉਹਨਾਂ ਲੀਹਾਂ ਤੇ ਚਲ ਰਿਹਾ ਹੈ, ਜਿਸ ਉਤੇ ਦੁਸਾਂਝ ਦੀ ਗੈਰ-ਰਜਿਸਟਰ ਸ਼ੁਦਾ ਕੇਂਦਰੀ ਲਿਖਾਰੀ ਸਭਾ ਚਲੀ ਸੀ ਤੇ ਇਹਦਾ ਹਸ਼ਰ ਵੀ ਉਹੀ ਹੋਵੇਗਾ, ਜੋ ਉਸ ਸਭਾ ਦਾ ਹੋਇਆ ਸੀ, ਹੁਣ ਵਾਲੀ ਕੇਂਦਰੀ ਲਿਖਾਰੀ ਸਭਾ, ਪਿਛਲੇ 27 ਸਾਲਾਂ ਵਿਚ ਸਾਹਿਤਕ ਖੇਤਰ ਵਿਚ ਗਿਆਨੀ

ਹੀਰਾ ਸਿੰਘ ਦਰਦ ਤੇ ਹੋਰ ਬਾਨੀ ਮੈਂਬਰਾਂ ਦੇ ਸੁਪਨੇ ਕਿਸ ਹੱਦ ਤਕ ਪੂਰੇ ਕਰ ਸਕੀ ਹੈ, ਇਹ ਵੀ ਆਪਣੇ ਆਪ ਵਿਚ ਇਹ ਵੱਖਰਾ ਵਿਸ਼ਾ ਹੈ। ਸੁਰਜੀਤ ਗਿੱਲ ਦਾ ਇਹ ਦਾਅਵਾ ਕਿ ਇਤਿਹਾਸ ਨੇ ਕੇਂਦਰੀ ਲਿਖਾਰੀ ਸਭਾ ਦੀ ਸੋਚ ਨੂੰ ਸਹੀ ਸਾਬਤ ਕਰ ਦਿੱਤਾ ਹੈ, ਕਿੰਤੂ ਰਹਿਤ ਨਹੀਂ। ਨਵੇਂ ਲੇਖਕਾਂ ਦੀ ਹੌਂਸਲਾ ਅਫ਼ਜ਼ਾਈ ਕਰਨ ਲਈ ਸਭਾ ਵਲੋਂ ਹਾਲੀ ਤੱਕ ਕੋਈ ਪ੍ਰਕਾਸ਼ਨ ਅਦਾਰਾ ਨਾਂ ਖੜਾ ਕਰ ਸਕਣਾ ਸਭਾ ਦੀਆਂ ਅਪ੍ਰਾਪਤੀਆਂ ਦੀ ਵੱਡੀ ਲਿਸਟ ਵਿਚੋਂ ਇਕ ਅਪ੍ਰਾਪਤੀ ਹੈ। ਪਰ ਇਹਦਾ ਇਹ ਵੀ ਮਤਲਬ ਨਹੀਂ ਕਿ ਸਭਾ ਦੀਆਂ ਪ੍ਰਾਪਤੀਆਂ ਨਾਂ ਦੇਖੀਆਂ ਜਾਣ। ਸਭਾ ਦੀ ਸਾਲਾਨਾ ਕਾਨਫਰੰਸ ਵੇਲੇ 'ਸਮਤਾ' ਵਲੋਂ ਇਹ ਪ੍ਰਾਪਤੀਆਂ ਬਾਕਾਇਦਾ ਰੀਕਾਰਡ ਕੀਤੀਆਂ ਗਈਆਂ ਸਨ ਪਰ ਨਾਲ ਇਹ ਵੀ ਰੀਕਾਰਡ ਕੀਤਾ ਸੀ ਕਿ ਹਾਲੀ ਬਹੁਤ ਕੁਝ ਪ੍ਰਾਪਤ ਕਰਨਾ ਹੈ। ਇਤਿਹਾਸ ਵਰਗੇ ਵਿਸ਼ਾਲ ਸ਼ਬਦ ਨੂੰ ਨਿਕੇ ਜਿਹੇ ਦਾਇਰੇ ਵਿਚ ਸਕੋੜ ਲੈਣਾ ਠੀਕ ਨਹੀਂ। ਤਥਾਂ ਦਾ ਸਾਹਮਣਾ ਕਰਨ ਦੀ ਸਾਡੇ ਵਿਚ ਜੁਰਅਤ ਹੋਣੀ ਚਾਹੀਦੀ ਹੈ।

ਇਕ ਹੋਰ ਮਿਸਾਲ ਇਥੇ ਦਿਤੀ ਜਾਂਦੀ ਹੈ, ਅਪ੍ਰੈਲ 1984 ਸਮਤਾ ਦੇ ਅੰਕ ਵਿਚ ਹਰਬੰਸ ਮਾਂਗਟ ਨੇ ਆਪਣੇ ਦੋ ਲੇਖਾਂ ਵਿਚ ਇਕ ਯਤਨ ਕੀਤਾ ਹੈ ਕਿ ਉਹ ਇਸ ਗੱਲ ਦਾ ਕਾਰਨ ਲੱਭੇ ਕਿ ਰੂਸ ਅਤੇ ਚੀਨ ਦੋਨਾਂ ਮੁਲਕਾਂ ਵਿਚ ਇਨਕਲਾਬ ਦੇ ਕੁਝ ਅਰਸੇ ਬਾਅਦ (ਰੂਸ ਵਿਚ ਸਾਥੀ ਸਟਾਲਿਨ ਦੀ ਮੌਤ ਦੇ ਬਾਅਦ ਅਤੇ ਚੀਨ ਵਿਚ ਸਾਥੀ ਮਾਓ ਦੀ ਮੌਤ ਬਾਅਦ) ਸਰਮਾਏਦਾਰੀ ਉਪਜ ਪ੍ਰਨਾਲੀ ਦੇ ਬਹਾਲ ਹੋਣ ਦੇ ਕਾਰਨ ਘੋਖੇ। ਇਕ ਸਾਥੀ ਨੇ ਹਰਬੰਸ ਮਾਂਗਟ ਦੇ ਇਸ ਵਿਸ਼ੇ ਤੇ ਲਿਖਣ ਦੇ ਹੱਕ ਨੂੰ ਹੀ ਚੈਲਿੰਜ ਕੀਤਾ ਹੈ। ਇਕ ਚਿੱਠੀ ਵਿਚ ਉਸਨੇ (ਜੋ ਇਸ ਫੋਰਮ ਵਿਚ ਦਿਤੀ ਜਾ ਰਹੀ ਹੈ) ਸਾਥੀ ਹਰਬੰਸ ਮਾਂਗਟ ਦਾ ਮਖੌਲ ਉਡਾਇਆ ਹੈ ਅਤੇ ਸਮਤਾ ਨੂੰ ਵੀ ਬੁਰਾ ਭਲਾ ਕਿਹਾ ਹੈ ਕਿ ਸਮਤਾ ਨੇ ਇਹੋ ਜਿਹੀ ਬਚਕਾਨਾ ਹਰਕਤ ਕਿਉਂ ਕੀਤੀ ਹੈ ਕਿ ਐਸੇ ਲੇਖ ਨੂੰ ਛਾਪਿਆ ਗਿਆ ਹੈ, ਜਿਸ ਵਿਚ ਕਾਮਰੇਡ ਲੈਨਿਨ ਨੂੰ ਗਲਤ ਆਖਿਆ ਗਿਆ ਹੈ। ਇਹ ਪਹੁੰਚ ਅੰਨ੍ਹੀ ਸ਼ਰਧਾ ਰੱਖਣ ਵਾਲੇ ਅਧਿਆਤਮਵਾਦੀਆਂ ਦੀ ਹੋ ਸਕਦੀ ਹੈ, ਕਮਿਊਨਿਸਟਾਂ ਦੀ ਨਹੀਂ ਹੋ ਸਕਦੀ। ਸਮੇਂ ਨਾਲ ਸੰਸਾਰ ਪੱਧਰ ਤੇ ਆ ਰਹੀਆਂ ਤਬਦੀਲੀਆਂ ਨੂੰ ਦੇਖਦੇ ਹੋਏ ਕਮਿਊਨਿਸਟ ਸੋਚਵਾਨਾਂ ਦਾ ਹੱਕ ਬਣਦਾ ਹੈ ਕਿ ਉਹ ਮਾਰਕਸਿਜ਼ਮ ਦੀ ਸਾਇੰਸ ਨੂੰ ਅਪਣਾਉਂਦਿਆਂ ਹੋਇਆਂ ਖੁਦ ਮਾਰਕਸ ਅਤੇ ਲੈਨਿਨ ਜਾਂ ਹੋਰ ਸਿਧਾਂਤ-ਕਾਰਾਂ ਦੀਆਂ ਧਾਰਨਾਵਾਂ ਨੂੰ ਘੋਖਣ ਤੇ ਇਸ ਵਿਚ ਲੋੜ ਪੈਣ ਤੇ ਸੋਧ ਵੀ ਕਰਨ। ਸਾਇੰਸ ਦਾ ਸਾਰਾ ਇਤਹਾਸ ਸੋਧ ਦਾ ਇਤਹਾਸ ਹੈ, ਜਿਸ ਵਿਚ ਇਕ ਸੱਚ ਨੂੰ ਬੁਨਿਆਦ ਬਣਾ ਕੇ ਦੂਜੇ ਸੱਚ ਤੱਕ ਪੁੱਜਿਆ ਜਾਂਦਾ ਹੈ। ਇਸ ਨਿਰੰਤਰ ਅਮਲ ਵਿਚ ਹਿੱਸਾ ਪਾਉਣ ਵਜੋਂ ਹੀ ਸਮਤਾ ਵਿਚ ਵਿਰੋਧਾਤਮਕ ਰਚਨਾਵਾਂ ਜਾਂ ਵਿਰੋਧਾਤ-ਮਕ ਰਾਵਾਂ ਛਾਪੀਆਂ ਜਾਂਦੀਆਂ ਹਨ। ਹਨੇਰੇ ਵਿਚ ਖਲੋਤੇ ਰਹਿਣ ਦੀ ਥਾਂ ਜਾਂ ਹਨੇਰੇ ਨੂੰ ਹੀ ਰੋਸ਼ਨੀ ਮੰਨ ਲੈਣ ਦੀ ਥਾਂ ਹਨੇਰੇ ਵਿਚ ਟਕਰਾਂ ਮਾਰਕੇ ਰੋਸ਼ਨੀ ਨੂੰ ਲੱਭਣਾ ਬੇਹਤਰ ਮੰਨਿਆ ਗਿਆ ਹੈ। ਸਮਤਾ ਦੇ ਪਾਠਕ ਲੇਖਕ ਫੋਰਮ ਨੂੰ ਸੱਚ ਦੀ ਤਲਾਸ਼ ਦਾ ਫੋਰਮ ਬਨਾਉਣਾ ਸਾਡਾ ਨਿਮਾਣਾ ਜਿਹਾ ਯਤਨ ਹੈ। ਇਸ ਵਿਚ ਛਪੀਆਂ ਰਚਨਾਵਾਂ ਨੂੰ ਇਸੇ ਰੋਸ਼ਨੀ ਵਿਚ ਲਿਆ ਜਾਏ, ਇਹ ਸਾਡੀ ਬੇਨਤੀ ਹੈ।

ਤੁਹਾਡੇ ਵਲੋਂ ਉਠਾਏ ਗਏ ਬਾਕੀ ਨੁਕਤਿਆਂ ਦਾ ਜਵਾਬ ਪ੍ਰੋ. ਭਾਰਦਵਾਜ ਜਾਂ ਸਾਥੀ ਦੀਪਕ ਧਵਨ ਵਲੋਂ ਦੇਣਾ ਬਣਦਾ ਹੈ। **ਗੁਰਸ਼ਰਨ ਸਿੰਘ**

### 3. ਹਰਬੰਸ ਮਾਂਗਟ ਦੇ ਲੇਖਾਂ ਬਾਰੇ

'ਸਮਤਾ' 'ਚੋਂ ਕਿਸੇ ਸੱਜਣ ਦੇ ਦੋ ਲੇਖ ਪੜ੍ਹਕੇ ਕਾਫੀ ਅਫਸੋਸ ਵੀ ਹੋਇਆ ਅਤੇ ਹੈਰਾਨੀ ਵੀ। ਸਮਤਾ ਵਰਗੇ ਪਰਚੇ ਲਈ ਜਿਹੜਾ ਐਲਾਨੀਆਂ ਕਮਿਊਨਿਸਟ ਵਿਚਾਰਾਂ ਦਾ ਹਮਾਇਤੀ ਐ ਭਲਾ ਕਾ. ਲੈਨਿਨ ਨੂੰ ਰੱਦ ਕਰਨ ਵਾਲੇ ਜਾਂ ਉਸਦੇ ਵਿਚਾਰਾਂ ਨੂੰ ਸਮਝਣ ਤੋਂ ਆਰੀ ਵਿਅਕਤੀਆਂ ਦੀਆਂ ਲਿਖਤਾਂ ਛਾਪਣ ਦੀ ਕੀ ਮਜਬੂਰੀ ਹੈ? ਕੀ 'ਸਮਤਾ' ਨੂੰ ਅਜੇ ਇਹ ਸਵਾਲ ਵੀ ਬਹਿਸ ਰਾਹੀਂ ਨਿਤਾਰਨ ਵਾਲਾ ਲਗਦਾ ਹੈ ਕਿ ਕਾ. ਲੈਨਿਨ ਇਕ ਮਾਰਕਸਵਾਦੀ ਸੀ, ਮਾਰਕਸਵਾਦ ਨੂੰ ਵਿਕਸਤ ਕਰਨ ਵਾਲਾ ਅਤੇ ਇਸ ਦੀ ਰਾਖੀ ਕਰਨ ਵਾਲਾ ਸੀ? ਫਿਰ ਜਿਹੜੇ ਮੂਰਖ ਲੋਕਾਂ ਨੂੰ ਇਹ ਭਰਮ ਪੈ ਗਿਆ ਕਿ ਮਾਰਕਸ ਐਂਗਲਜ਼, ਲੈਨਿਨ ਦੇ ਸਮਝ ਨਹੀਂ ਆਏ, ਸਿਰਫ ਉਨ੍ਹਾਂ ਨੂੰ ਹੀ ਸਮਝ ਆਏ ਹਨ, ਅਜਿਹੇ ਸੱਜਣਾਂ ਨੂੰ 'ਸਮਤਾ' ਰਾਹੀਂ ਆਪਣੀ ਮੂਰਖਤਾ ਦੀ ਨੁਮਾਇਸ਼ ਲਾਉਣ ਦਾ ਮੌਕਾ ਕਿਉਂ ਬਖਸ਼ਿਆ ਜਾਵੇ? ਕਲ੍ਹ ਨੂੰ ਕੋਈ ਮਾਰਕਸ, ਐਂਗਲਜ਼ ਬਾਰੇ ਅਜਿਹੇ ਮੂਰਖਾਨਾ ਸਵਾਲ ਉਠਾਵੇਗਾ—ਕੀ ਤੁਸੀਂ ਉਨ੍ਹਾਂ ਨੂੰ ਵੀ ਸਮਤਾ 'ਚ ਛਾਪੋਗੇ ਅਤੇ ਕਹੋਗੇ ਕਿ ਕਮਿਊਨਿਸਟ ਹਲਕੇ ਇਹਦੇ ਬਾਰੇ ਬਹਿਸ ਕਰਨ? ਮਾਰਕਸ ਦੇ ੳ, ਅ ਤੋਂ ਵੀ ਅਣਜਾਣ ਕੱਚਘਰੜ ਦਿਮਾਗਾਂ 'ਚ ਜੰਮੇ ਜਾਂ ਉਧਾਰ ਲਏ ਫੁਰਨਿਆਂ ਨੂੰ 'ਮਾਰਕਸਵਾਦੀ ਚਿੰਤਕਾਂ' ਦੀ ਗੰਭੀਰ ਲਿਖਤ ਕਹਿਕੇ ਛਾਪਣਾ ਜਮ੍ਹਾਂ ਸਮਝ ਨੀ ਆਇਆ।

ਕਮਿਊਨਿਸਟ ਇਨਕਲਾਬੀ ਲਹਿਰ ਦੇ ਸੰਕਟ ਕਾਰਨ, ਮੰਦੇ ਭਾਗਾਂ ਨੂੰ ਅਜਿਹੀਆਂ ਟਟੀਹਰੀਆਂ ਦਾ ਤੋੜਾ ਨੀ ਰਿਹਾ ਜਿਨ੍ਹਾਂ ਨੂੰ ਭਰਮ ਪੈ ਰਿਹੈ ਕਿ ਕਮਿਊ-

ਨਿਸਟ ਲਹਿਰ ਦਾ ਭਵਿੱਖ ਉਨ੍ਹਾਂ ਦੀਆਂ ਲੱਤਾਂ ਤੇ ਟਿਕਿਆ ਹੋਇਐ। ਕਿਰਪਾ ਕਰਕੇ 'ਸਮਤਾ' ਨੂੰ ਅਜਿਹੀਆਂ ਟਟੀਹਰੀਆਂ ਦੇ ਭਰਮ ਦੀ ਨੁਮਾਇਸ਼ ਬੱਣਨ ਤੋਂ ਬਚਾਓ। ਬਿਨਾਂ ਕਿਸੇ ਅਧਿਐਨ ਤੋਂ, ਸਮੁੱਚੀ ਕਮਿਊਨਿਸਟ ਲਹਿਰ ਬਾਰੇ ਅਤੇ ਕਾ. ਮਾਰਕਸ, ਐਂਗਲਜ਼, ਲੈਨਿਨ, ਸਟਾਲਿਨ, ਮਾਓ ਵਰਗੇ ਮਹਾਨ ਵਿਚਾਰਵਾਨਾਂ ਬਾਰੇ, ਕੱਚਘਰੜ ਦਿਮਾਗਾਂ ਵਲੋਂ ਵਰਤਾਏ ਜਾਣ ਵਾਲੇ ਫਤਵਿਆਂ ਨੂੰ ਸਮਤਾ 'ਚ ਥਾਂ ਨਹੀਂ ਮਿਲਣੀ ਚਾਹੀਦੀ। 'ਸਮਤਾ' ਨੂੰ ਇਸ ਗੱਲੋਂ ਵੀ ਚੌਕਸ ਰਹਿਣਾ ਚਾਹੀਦੈ ਕਿ ਅਜਿਹੇ ਸਖਸ਼ ਬਹੁਤ ਨੇ ਜਿਹੜੇ ਜਦੋਂ ਮਾਰਕਸ, ਐਂਗਲਜ਼, ਲੈਨਿਨ ਦੀ ਕੋਈ ਲਿਖਤ ਪੜ੍ਹ ਲੈਂਦੇ ਨੇ ਜਾਂ ਇਧਰੋਂ ਉਧਰੋਂ ਕੁਝ ਟੋਟਕੇ ਸੁਣ ਲੈਂਦੇ ਨੇ ਤਾਂ ਇਹ 'ਗਿਆਨ' ਉਨ੍ਹਾਂ ਨੂੰ ਹਜਮ ਨਹੀਂ ਆਉਂਦਾ। ਉਹ ਆਪਣੀ 'ਨਵੀਂ ਲੱਭਤ' ਸਾਰੀ ਕਮਿਊਨਿਸਟ ਲਹਿਰ ਨੂੰ 'ਸੁਣਾਉਣਾ ਚਾਹੁੰਦੇ ਨੇ। ਅਲੰਕਾਰ ਸਵਾਲ ਖੜੇ ਕਰਕੇ, ਜੱਗੋਂ ਨਿਆਰੀਆਂ ਗੱਲਾਂ ਕਰਕੇ ਇਨਕਲਾਬੀ ਹਲਕਿਆਂ 'ਚ ਚਰਚਾ ਦਾ ਵਿਸ਼ਾ ਬਣਨ ਦਾ ਸ਼ੌਂਕ ਕਈਆਂ ਨੂੰ ਅਜਿਹੇ 'ਲੇਖ' ਲਿਖਣ ਨੂੰ ਪ੍ਰੇਰਦਾ ਹੈ। ਸੋ ਕਿਸੇ ਵੱਲੋਂ ਵੀ ਉਠਿਆ ਜਿਹੜਾ ਮਰਜ਼ੀ ਸਵਾਲ ਸਮਤਾ 'ਚ ਚਰਚਾ ਦਾ ਵਿਸ਼ਾ ਨੀ ਬਣਨਾ ਚਾਹੀਦਾ।

ਜਿਹੜੇ ਸੱਜਣ ਦੇ ਦੋ ਲੇਖ ਤੁਸੀਂ ਅਪ੍ਰੈਲ ਅੰਕ 'ਚ ਦਿੱਤੇ ਨੇ—ਉਹ ਲੈਨਿਨ ਦਾ ਕੋਈ ਗੰਭੀਰ ਨਿੰਦਕ ਵੀ ਨਹੀਂ ਜਾਪਦਾ। ਲਗਦੈ ਮਾਰਕਸ ਐਂਗਲਜ਼ ਦੀਆਂ ਕੁਝ ਟੂਕਾਂ ਨੂੰ ਰੱਟੇ ਲਾ ਕੇ ਅਤੇ ਸਰਾਫ਼ ਦੇ ਕੁਝ ਪਰਚੇ ਪੜ੍ਹਕੇ ਫੁਰੇ ਕੁਝ ਫੁਰਨੇ ਉਹਨੇ ਸਾਰੇ ਜਹਾਨ ਨੂੰ ਦਸਣੇ ਚਾਹੇ ਨੇ। ਅਜਿਹੀ ਗੈਰ-ਜ਼ੁੰਮੇਵਾਰ ਕੱਚਘਰੜ ਲਿਖਤ ਬਾਰੇ ਕਿਸੇ ਮਾਰਕਸਵਾਦੀ ਪਰਚੇ 'ਚ ਚਰਚਾ ਦੀ ਲੋੜ ਨਹੀਂ—ਮੈਂ ਤਾਂ ਸਿਰਫ਼ ਇਸ ਪਾਸੇ ਧਿਆਨ ਦੁਆਉਣ ਲਈ ਕਿ 'ਸਮਤਾ' 'ਚ ਛਪਣ ਵਾਲੇ ਮੈਟਰ 'ਚ ਜਿਹੋ ਜਿਹੇ ਮਾਲ ਨੂੰ ਥਾਂ ਮਿਲੀ ਹੈ—ਉਹ ਕਿਹੋ ਜਿਹਾ ਹੈ—ਇਹਦੇ ਬਾਰੇ ਗੱਲ ਕਰਨੀ ਚਾਹੀ ਹੈ। ਬੜੀ ਮਜਬੂਰੀ 'ਚ ਇਸ ਬਚਗਾਨਾ ਲਿਖਤ ਦੀਆਂ ਕੁਝ ਜੁਬਲੀਆਂ ਵੱਲ਼ ਸਿਰਫ਼ ਸੰਕੇਤ ਮਾਤਰ ਹੀ ਕਰ ਰਿਹਾਂ।

ਇਹ ਸੱਜਣ ਨਹੀਂ ਜਾਣਦਾ ਕਿ ਲੈਨਿਨ ਨੇ ਸਾਮਰਾਜ ਨੂੰ ਸਰਮਾਏਦਾਰੀ ਦੀ ਉਚਤਮ ਅਵਸਥਾ ਕਾਹਦੇ ਅਧਾਰ ਤੇ ਕਿਹੈ—ਉਹਨੂੰ ਨਹੀਂ ਪਤਾ ਕਿ ਲੈਨਿਨ ਅਨੁਸਾਰ ਸਾਮਰਾਜ ਤੋਂ ਬਾਅਦ ਸਰਮਾਏਦਾਰੀ ਦਾ ਕੋਈ ਹੋਰ ਪੜਾਅ ਕਿਉਂ ਨਹੀਂ ਹੋ ਸਕਦਾ। ਰਾਜਸੀ ਸਰਮਾਏ-ਦਾਰੀ ਜਾਂ ਕੋਈ ਹੋਰ ਸ਼ਕਲ ਅੰਜਾਰੇਦਾਰ ਸਰਮਾਏਦਾਰੀ ਦੀ ਇਕ ਸ਼ਕਲ ਤਾਂ ਹੋ ਸਕਦੀ ਹੈ—ਪਰ ਇਹ ਸਾਮਰਾਜੀ ਅਰਥਚਾਰੇ ਨਾਲੋਂ 'ਉੱਚਾ ਪੜਾਅ' ਕਦਾਚਿੱਤ ਨਹੀਂ ਹੁੰਦੀ। ਸਰਮਾਏਦਾਰਾ ਅਰਥਚਾਰੇ ਦੇ ਸਾਮਰਾਜੀ ਪੜਾਅ ਨਾਲੋਂ 'ਵਿਕਸਤ' ਕਦਾਚਿਤ ਨਹੀਂ ਹੁੰਦੀ। ਬਹੁਤ ਹੀ ਸਧਾਰਣ ਬੁੱਧੀ ਵਾਲੇ ਬੰਦੇ ਨੂੰ ਇਹ ਇਲਮ ਹੋਣਾ ਚਾਹੀਦਾ ਹੈ ਕਿ ਚੀਨ ਅੰਦਰ ਸਰਮਾਏਦਾਰੀ ਦਾ ਵਿਕਾਸ ਅਮਰੀਕਾ ਨਾਲੋਂ ਕਿਤੇ ਪਛੜਿਆ ਹੋਇਆ ਹੈ। ਪਰ ਇਸ ਸੱਜਣ ਮੁਤਾਬਕ ਚੀਨ ਅਤੇ ਪੂਰਬੀ ਯੂਰਪ ਅੰਦਰ ਸਰਮਾਏਦਾਰਾ ਅਰਥਚਾਰਾ, ਸਾਮਰਾਜੀ ਪੜਾਅ ਤੋਂ ਵੀ ਅੱਗੇ ਕਿਸੇ 'ਉਚਤਮ ਪੜਾਅ' ਰਾਜਸੀ ਸਰਮਾਏਦਾਰੀ ਤੱਕ ਪਹੁੰਚ ਗਿਆ ਹੈ ਜਦ ਕਿ ਅਮਰੀਕਾ, ਇੰਗਲੈਂਡ ਆਦਿਕ 'ਚ ਇਹ ਤਕਰੀਬਨ 100 ਸਾਲਾਂ ਤੋਂ "ਨੀਵੇਂ ਪੜਾਅ" (ਸਾਮਰਾਜ) 'ਤੇ ਹੀ ਖੜ੍ਹਾ ਹੈ। ਇਸ ਸੱਜਣ ਮੁਤਾਬਕ ਪਛੜੇ ਮੁਲਕਾ 'ਚ ਸਰਮਾਏਦਾਰੀ ਦੇ ਆਪਣੇ "ਅੰਤਮ ਪੜਾਅ" ਤੇ ਪਹੁੰਚਣ ਦਾ "ਪਦਾਰਥ ਅਧਾਰ" ਪਿਆ ਹੈ ਅਤੇ ਸਭ ਤੋਂ ਵਿਕਸਤ ਸਾਮਰਾਜੀ ਮੁਲਕਾਂ 'ਚ ਅਜਿਹੇ ਖ਼ਿਆਲੀ ਪੜਾਅ ਤੱਕ ਪਹੁੰਚਣ ਦਾ ਅਧਾਰ ਪਛੜੇ ਮੁਲਕਾਂ ਨਾਲੋਂ ਕਿਤੇ ਕਮਜ਼ੋਰ ਹੈ! ਏਦੂੰ ਵੀ ਵਧ ਪਛੜੇ ਮੁਲਕਾਂ 'ਚ ਸਰਮਾਏਦਾਰੀ ਮਜ਼ਦੂਰ ਜਮਾਤ ਦੀ ਅਗਵਾਈ 'ਚ ਹੋਏ ਇਨਕਲਾਬ ਰਾਹੀਂ ਉਸਦੀ ਅਗਵਾਈ ਹੇਠ ਸਾਮਰਾਜੀ ਪੜਾਅ ਤਹਿ ਕਰਕੇ ਉਸ ਨਾਲੋਂ "ਉਚੇ" ਪੜਾਅ ਤੇ ਜਾ ਪਹੁੰਚੀ ਹੈ ਜਦੋਂ ਕਿ ਸਰਮਾਏਦਾਰੀ ਖੁਦ ਆਪਣੇ ਰਾਜ ਹੇਠ ਇਸ ਪੜਾਅ ਤੱਕ ਨਹੀਂ ਪਹੁੰਚੀ। ਇਸ ਸੱਜਣ ਨੂੰ ਨਹੀਂ ਪਤਾ ਕਿ ਜਿਨ੍ਹਾਂ ਸੋਧਵਾਦੀ ਵਿਚਾਰਵਾਨਾਂ ਨੇ ਲੈਨਿਨ ਦੀ 'ਸਾਮਰਾਜ ਸਰਮਾਏਦਾਰੀ ਦਾ ਅੰਤਮ ਪੜਾਅ" ਹੋਣ ਦੀ ਸਮਝ ਨੂੰ ਚੈਲੰਜ ਕੀਤਾ ਸੀ—ਉਨ੍ਹਾਂ ਨੇ ਇਹ ਦਿਖਾਉਣ ਦੀ ਜ਼ੋਰਦਾਰ ਕੋਸ਼ਿਸ਼ ਕੀਤੀ ਸੀ, ਬਿਨਾਂ ਸ਼ੱਕ ਬਹੁਤ ਉਘੇ ਅਧਿਐਨ ਦੇ (ਪਰ ਗਲਤ ਨਜ਼ਰੀਏ ਤੋਂ) ਅਧਾਰ 'ਤੇ ਕੀਤੀ ਸੀ ਕਿ ਸਰਮਾਏਦਾਰਾਂ ਅਰਥਚਾਰਾ ਪੁਰਅਮਨ ਢੰਗ ਨਾਲ ਇਸ ਨਾਲੋਂ (ਸਾਮਰਾਜ ਨਾਲੋਂ) ਉੱਚੇ ਅਤੇ ਵਿਕਸਤ ਪੜਾਅ ਵੱਲ ਵਧ ਰਿਹਾ ਹੈ। ਕਟਾਸਕੀ ਦੇ "ਪੜ ਸਾਮਰਾਜ" ਦੇ ਇਸ ਬਦਨਾਮ ਸਿਧਾਂਤ ਦਾ ਲੈਨਿਨ ਵੱਲੋਂ ਸੰਸਾਰ ਸਰਮਾਏਦਾਰਾਂ ਅਰਥਚਾਰੇ ਦੇ ਠੋਸ ਅਧਿਐਨ ਦੇ ਅਧਾਰ 'ਤੇ ਕੀਤਾ ਖੰਡਨ ਸੰਸਾਰ ਭਰ 'ਚ ਮਾਰਕਸਵਾਦੀਆਂ ਲੈਨਿਨਵਾਦੀਆਂ ਵੱਲੋਂ ਪ੍ਰਵਾਨਤ ਹੈ। ਇਸਨੂੰ ਰੱਦ ਕਰਨ ਦੀ ਬਦਮਗਜ਼ੀ ਕਰਨ ਦੀ ਬਜਾਏ ਲੈਨਿਨ ਵੱਲੋਂ ਕੀਤਾ ਇਹ ਵਿਸ਼ਲੇਸ਼ਣ ਪੜ੍ਹਨਾ ਤੇ ਸਮਝਣਾ ਚਾਹੀਦਾ ਹੈ। ਸਰਮਾਏਦਾਰੀ ਦੇ ਸਾਮਰਾਜੀ ਪੜਾਅ ਦੇ ਲੱਛਣਾਂ ਬਾਰੇ, ਇਸਦੇ ਹੋਰ ਕਿਸੇ ਪੜਾਅ ਤੱਕ ਵਿਕਸਤ ਹੋ ਸਕਣ ਦੇ ਬਾਹਰਮੁਖੀ ਆਰਥਕ ਅਧਾਰ ਦੀ ਅਣਹੋਂਦ ਬਾਰੇ-ਲੈਨਿਨ ਦੇ ਵਿਚਾਰਾਂ ਨੂੰ ਜਾਣੇ ਅਤੇ ਸਮਝੇ ਬਗੈਰ—ਸਿਰਫ ਕੁਝ ਮਾਰਕਸਵਾਦੀ ਲਿਖਤਾਂ ਦੇ ਟੋਟਕੇ ਪੜ੍ਹਕੇ "ਮਾਰਕਸਵਾਦੀ ਚਿੰਤਕ" —(ਉਹ ਵੀ ਲੈਨਿਨ ਵਲੋਂ ਵੱਡਾ) ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

ਜਿਹੜੇ ਮਾਰਕਸਵਾਦ ਦੀਆਂ ਚੰਦ ਕੁ ਲਿਖਤਾਂ ਪੜ੍ਹ ਕੇ ਹੀ—ਆਪਣੇ ਆਪਨੂੰ ਲੈਨਿਨ ਨਾਲੋਂ ਵੱਡੇ ਵਿਚਾਰਵਾਨ ਸਮਝਣ ਲਗ ਜਾਂਦੇ ਨੇ—ਉਹ 'ਕਦੇ ਗੰਭੀਰ ਅਧਿਐਨ ਨਹੀਂ ਕਰ ਸਕਦੇ—ਮਾਰਕਸ਼ਵਾਦ ਨੂੰ ਨਹੀਂ ਜਾਣ ਸਕਦੇ। ਕੋਈ ਵੀ ਹੋਸ਼ਮੰਦ ਸਿਆਣਾ ਬੰਦਾ, ਜੇ ਉਹਨੂੰ ਲੈਨਿਨ ਦੀ ਕੋਈ ਗੱਲ ਸਮਝ ਨਾ ਆਵੇ, ਹੋਰ ਜ਼ੋਰਦਾਰ ਅਧਿਐਨ ਕਰਨ ਵੱਲ, ਵਧੇਰੇ ਸਪਸ਼ਟਤਾ ਹਾਸਲ ਕਰਨ ਵੱਲ ਤੁਰੇਗਾ ਪੈਂਦੀ ਸੱਟੇ ਲੈਨਿਨ ਨੂੰ 'ਕਮਲਾ'' ਸਮਝਕੇ, ਆਪਣੀ ''ਸਿਆਣਪ'' ਨਾਲ ਦੁਨੀਆਂ ਨੂੰ ਚਕਿਰਤ ਕਰਨ ਦੇ ਭਰਮ 'ਚ ਆਪਣੇ ਆਪ ਨੂੰ ਮੌਜੂ ਦਾ ਮਸਾਲਾ ਨਹੀਂ ਬਣਾਵੇਗਾ।

''ਸਮਤਾ'' ਨੂੰ ਮੇਰੀ ਅਪੀਲ ਹੈ ਕਿ ਕਿਸੇ ਗੰਭੀਰ ਮਾਰਕਸਵਾਦੀ ਪਾਠਕ ਕੋਲ ਅਜਿਹੀਆਂ ਬਚਗਾਨਾ, ਗੈਰ-ਜ਼ੁਮੇਵਾਰ ਲਿਖਤਾਂ ਪੜ੍ਹਨ ਦੀ ਅਤੇ ਇਨ੍ਹਾਂ ਵਿਚੋਲੀਆਂ ''ਲੱਭਤਾਂ'' ਦਾ ''ਅਨੰਦ'' ਮਾਨਣ ਦੀ ਵਿਹਲ ਨਹੀਂ ਹੋ ਸਕਦੀ। ਇਸ ਕਰਕੇ ''ਸਮਤਾ'' ਵਰਗੇ ਕਮਿਊਨਿਸਟ ਵਿਚਾਰਾਂ ਦੇ ਹਮਾਇਤੀ ਪਰਚੇ ਨੂੰ ਇਕ ਤਾਂ ਆਪਣਾ ਕੋਈ ਨਾ ਕੋਈ ਘੱਟੋ ਘੱਟ ਚੌਖਟਾ ਤਹਿ ਕਰਨਾ ਚਾਹੀਦਾ ਹੈ—ਜੀਹਦੇ 'ਚ ਰਹਿ ਕੇ ਕੋਈ ਵਿਚਾਰ ਚਰਚਾ ਚੱਲੇ। ਦੂਜੇ ਛਪਣ ਵਾਲੀਆਂ ਲਿਖਤਾਂ ਦਾ ਕੋਈ ਘੱਟੋ ਘੱਟ ਮਿਆਰ ਤਹਿ ਕਰਨਾ ਚਾਹੀਦਾ ਹੈ। ਜੇ ਹਰ ਕਿਸੇ ਦੇ ਫੁਰਨੇ ਨੂੰ ''ਸਮਤਾ'' 'ਚ ਬਹਿਸ ਦਾ ਵਿਸ਼ਾ ਬਣਾਇਆ ਜਾਣਾ ਹੈ ਅਤੇ ਮਾਰਕਸ ਲੈਨਿਨ ਵਰਗੇ ਵਿਚਾਰਵਾਨਾਂ ਬਾਰੇ ਕਿਸੇ ਦੇ ਦਿਮਾਗ ਚੋਂ ਉੱਠੇ ਫਤਵਿਆਂ 'ਤੇ ਵਿਚਾਰ ਚਰਚਾ ਚਲਾਈ ਜਾਣੀ ਹੈ ਤਾਂ ਫਜ਼ੂਲ ਦੇ ਗੈਰ-ਉਪਜਾਊ ਸਵਾਲਾ ਦੇ ''ਨਿਤਾਰੇ'' ਦੇ ਖਲਜਗਣ ਤੋਂ ਇਸਨੂੰ ਵਿਹਲ ਨਹੀਂ ਮਿਲਣੀ।

ਉਪਰੋਕਤ ਸੱਜਣ ਦੇ 'ਇਕ ਮੁਲਕ 'ਚ ਸਮਾਜਵਾਦ' ਜਾਂ ਸਮਰਾਜ ਤੋਂ ਬਾਅਦ ਪ੍ਰੋਲਤਾਰੀ ਇਨਕਲਾਬ ਦੀ ਸੰਭਾਵਨਾ ਹੋਣ ਜਾਂ ਨਾ ਹੋਣ ਵਰਗੇ ਵਿਸ਼ੇ ਵੀ ਮਾਰਕਸ਼-ਵਾਦੀ ਪਰਚਿਆਂ 'ਚ ਚਰਚਾ ਕਰਨ ਲਾਇਕ ਨਹੀਂ ਹਨ।

ਤੁਹਾਡਾ

ਸੱਜਣ ਸਿੰਘ, ਸੰਗਰੂਰ

## 4. ਇਕ ਚਿੱਠੀ

—ਕੇਂਦਰੀ ਲੇਖਕ ਸਭਾ ਦੇ ਸਨਮਾਨ

—ਇਤਹਾਸ ਦਾ ਸਿਖ—ਸੇਖੋਂ ਦਾ ਮਾਰਕਸਵਾਦ

ਸਮਤਾ ਫਰਵਰੀ ਵਿਚ ਜਸਵੰਤ ਜੱਸ ਨੇ ਕੇਂਦਰੀ ਲੇਖਕ ਸਭਾ ਦੇ ਸਾਲਾਨਾ ਸਮਾਗਸ ਤੇ ਸਭਾ ਵਲੋਂ ਦਿਤੇ ਗਏ ਸਨਮਾਨਾ ਖਾਸ ਕਰਕੇ ਬਲਬੰਤ ਗਾਰਗੀ ਨੂੰ ਸਨਮਾਨਣ ਬਾਰੇ ਸਖਤ ਇਤਰਾਜ਼ ਕੀਤਾ ਸੀ। ਇਸ ਸਬੰਧ ਵਿਚ ਮੇਰਾ ਨਾਂ ਵੀ ਲਿਆ ਸੀ। ਪਰੰਤੂ ਮੇਰੀ ਗੱਲ ਦਾ ਅੱਧਾ ਉਤਰ ਉਹਨੇ ਆਪ ਹੀ ਮਾਰਚ ਹੀ ਸਮਤ ਵਿਚ ਆਪਣੇ ਲੇਖ ਵਿਚ ਦੇ ਦਿਤਾ ਹੈ। ਜਦੋਂ ਉਹ ਕੇਂਦਰੀ ਲੇਖਕ ਸਭਾ ਬਹੁ-ਜਮਾਤੀ ਤੇ ਬਹੁ ਵਿਚਾਰਧਾਰੀ ਸਭਾ ਹੈ। ਇਹ ਇਸ ਦੀ ਕਾਇਮੀ ਵੇਲੇ ਸੋਚ ਸਮਝ ਕੇ ਕੀਤਾ ਗਿਆ ਸੀ। ਸਮੇਂ ਨੇ ਇਸ ਨੂੰ ਦਰੁਸਤ ਸਾਬਤ ਕਰ ਦਿਤਾ ਹੈ। ਕਿਉਂਕਿ ਇਸੇ ਨੀਤੀ ਕਾਰਨ ਕੇਂਦਰੀ ਲੇਖਕ ਸਭਾ ਦੀ ਹੋਂਦ ਕਾਇਮ ਹੈ ਅਤੇ ਇਹ ਸਰਗਰਮ ਹੈ। ਇਸ ਵਿਚ ਲੱਚਰ ਸਾਹਿਤ ਲਿਖਣ ਵਾਲਾ ਗਾਰਗੀ ਵੀ ਹੈ ਤੇ ਉਸ ਉਤੇ ਇਤਰਾਜ਼ ਕਰਨ ਵਾਲੇ ਵੀ ਸ਼ਾਮਲ ਹਨ। ਇਹ ਸਾਰੇ ਹੀ ਆਪਣੇ ਵਿਚਾਰ ਇਕੋ ਪਲੇਟ ਫਾਰਮ ਤੋਂ ਦਿੰਦੇ ਹਨ। ਬਲਵੰਤ ਗਾਰਗੀ ਨੂੰ ਸਨਮਾਨਣ ਦਾ ਫੈਸਲਾ ਕਰਨ ਵਾਲੀ ਕੇਂਦਰੀ ਲੇਖਕ ਸਭਾ ਦੀ ਮੀਟਿੰਗ ਵਿਚ ਮੈਂ ਸ਼ਾਮਲ ਨਹੀਂ ਸਾਂ। ਮੈਂ ਜੇਕਰ ਹਾਜ਼ਰ ਹੁੰਦਾ ਤਾਂ ਇਤਰਾਜ਼ ਜ਼ਰੂਰ ਕਰਦਾ। ਪਰੰਤੂ ਮੇਰੀ ਗੱਲ ਨਾ ਮੰਨੇ ਜਾਣ ਤੇ ਬਹੁ ਸੰਮਤੀ ਦੇ ਫੈਸਲੇ ਨੂੰ ਕਬੂਲ ਕਰਦਾ। ਹੁਣ ਵੀ ਫੈਸਲੇ ਨੂੰ ਮੰਨਣ ਦਾ ਪਾਬੰਦ ਹਾਂ। ਪਰੰਤੂ ਮੇਰੇ ਉਤੇ ਬਲਵੰਤ ਗਾਰਗੀ ਦੇ ਲੱਚਰ ਸਾਹਿਤ ਨੂੰ ਨਿੰਦਣ ਦੀ ਕੋਈ ਪਾਬੰਦੀ ਨਹੀਂ ਹੈ। ਕੇਂਦਰੀ ਲੇਖਕ ਸਭਾ ਇਕੋ ਇਕ ਸਭਾ ਹੈ, ਜਿਸ ਨੇ ਪੰਜਾਬੀ ਲਾਗੂ ਕਰਵਾਉਣ ਲਈ ਵਿਧਾਨ ਸਭਾ ਮੂਹਰੇ ਧਰਨਾ ਮਾਰਿਆ ਹੈ। ਜਿਸ ਤੋਂ ਸਰਕਾਰ ਪਖੀ ਦੇ ਹੋਰ ਖੱਬੇ ਪਖੀ ਝੁਕਾਅ ਨਸਦੇ ਰਹੇ ਹਨ। ਜਸਵੰਤ ਜੱਸ ਤੇ ਉਹਦੇ ਪਖੀਆਂ ਨੂੰ ਕੇਂਦਰੀ ਲੇਖਕ ਸਭਾ ਨਾਲ ਨਫਰਤ ਹੈ। ਉਹਨੇ ਡਾਕਟਰ ਦੁਸਾਂਝ ਦੀ ਕਾਇਮ ਨੀਤੀ ਕੇਂਦਰੀ ਸਭਾ ਬਾਰੇ ਬਹੁਤ ਲੰਮੇ ਚੌੜੇ ਦਾਅਵੇ ਕੀਤੇ ਹਨ। ਜਿਹੜੇ ਨਿਰੋਲ ਝੂਠੇ ਹਨ। ਪਰ ਮੈਂ ਇਸ ਵਿਵਾਦ ਵਿਚ ਨਾ ਪੈਂਦਾ ਹੋਇਆ ਕੇਵਲ ਉਸਦੇ ਖਾਤਮੇ ਦਾ ਹੀ ਜ਼ਿਕਰ ਕਰਨਾ ਚਾਹਾਂ ਹਨ। ਜਿਸ ਕਾਰਨ ਉਹ ''ਇੰਨਕਲਾਬੀ'' ਸਭਾ ਖਤਮ ਹੋਈ ਉਹੋ ਰੋਗ ਹੁਣ ਪਲਸ ਮੰਚ ਨੂੰ ਲਗ ਗਿਆ ਹੈ। ਭਾਵ ਇਕ ਸੌੜੀ ਸੋਚ ਦੀ ਧਰਨੀ ਗੱਟ ਦੀ ਜਥੇਬੰਦੀ ਹੈ, ਹੋਰ ਕਿਸੇ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ। ਮੈਂ ਇਸ ਨੂੰ ਹੀ ਕੇਂਦਰੀ ਲੇਖਕ ਸਭਾ ਦੇ ਹੱਕ ਵਿਚ ਸਮੇਂ ਦਾ ਫਤਵਾ ਸਮਝਦਾ ਹਾਂ। ਸਭਾ ਵਧ ਰਹੀ ਹੈ। ਵਧੇਗੀ ਇਸ ਲਈ ਕਿ ਇਸ ਦੀ ਬੁਨਿਆਦ ਦਰੁਸਤ ਹੈ।

ਸਦਾ ਕਿਹਾ ਜਾਂਦਾ ਹੈ ਕਿ ''ਇਤਹਾਸ ਤੋਂ ਸਿਖਣਾ ਚਾਹੀਦਾ ਹੈ, ਪਰੰਤੂ ਬਦਕਿਸਮਤੀ ਦੀ ਗੱਲ ਹੈ ਕਿ ਭਾਰਤ ਦੇ ਖੱਬੇ ਪਖੀ ਉਹ ਵਿਅਕਤੀ ਹਨ। ਜਿਨ੍ਹਾਂ ਨੇ ਇਤਹਾਸ ਤੋਂ ਕਦੇ ਸਬਕ ਨਹੀਂ ਸਿਖਿਆ। ਇਸ ਦਾ ਪਰਤੱਖ ਸਬੂਤ ਪੰਜਾਬ ਦੀ ਅਜੋਕੀ ਸਥਿਤੀ ਬਾਰੇ ਉਹਨਾਂ ਦੀ ਪਹੁੰਚ ਹੈ। ਪਿਛਲੇ ਸਮੇਂ ਵਿਚ ਨਕਸਲੀਆਂ ਦੇ ਇਕ ਧੜੇ ਨੇ ਜਿਹੜਾ 'ਜੈਕਾਰੇ' ਦੁਆਲੇ ਇਕੱਠੇ ਹਨ ਅਜੋਕੀ

ਸਥਿਤੀ ਬਾਰੇ ਵਿਚਾਰ ਕਰਨ ਲਈ ਇਕ ਸੈਮੀਨਾਰ ਸਦਣ ਦਾ ਫੈਸਲਾ ਕੀਤਾ। ਪਰੰਤੂ ਜਲੰਧਰ ਵਿਚ ਹੋਇਆ ਸੈਮੀਨਾਰ ਅਜੋਕੀ ਸਥਿਤੀ ਬਾਰੇ ਗਲ ਕਰਨ ਤੇ ਕੋਈ ਸਾਂਝੀ ਸੋਚ ਬਨਾਉਣ ਦੀ ਥਾਂ ਆਪੋ ਆਪਣੇ ਰਾਜਸੀ ਪਰੋਗਰਮ ਇਕ ਦੂਜੇ ਸਿਰ ਮੜਨ ਦਾ ਦੰਗਲ ਸਾਬਤ ਹੋਇਆ। ਉਥੇ ਸਰਾਫ ਧੜੇ ਦੇ ਵਰਕਰ ਅਪਣਾ ਝੰਡਾ ਗੱਡਨ ਤੇ ਕਾਡਰ ਨੂੰ ਹੋਰ ਫਰਸਟੇਰੇਟ ਕਰਨ ਵਿਚ ਸਫਲ ਹੋ ਗਏ।

ਇਸੇ ਤਰ੍ਹਾਂ ਬਠਿੰਡੇ ਹੋਏ ਸੈਮੀਨਾਰ ਨਾਲ ਹੋਇਆ। ਇਸ ਤੋਂ ਬਿਨਾਂ ਮੋਗੇ, ਤੇ ਬਠਿੰਡੇ ਆਦਿ ਵਿਖੇ ਟਰੇਡ ਯੂਨੀਅਨ ਜਥੇਬੰਦੀਆਂ ਵਲੋਂ ਪੰਜਾਬ ਦੀ ਅਜੋਕੀ ਸਥਿਤੀ ਬਾਰੇ ਕੀਤੇ ਗਏ ਸਾਂਝੇ ਸਮਾਗਮਾਂ ਵਿਚ ਸਥਿਤੀ ਦੀ ਗੰਭੀਰਤਾ ਨੂੰ ਸਮਝਕੇ ਕੋਈ ਸਾਂਝੀ ਸੋਚ ਤੇ ਅਮਲ ਕਰਨ ਦੀ ਥਾਂ, ਕੇਵਲ ਅਪਣੀ ਗਲ ਕਹਿਣ ਤੇ ਦੂਜੇ ਨੂੰ ਖੁੜੇ ਲਾਉਣ ਦਾ ਯਤਨ ਰਿਹਾ ਹੈ। ਮੋਗੇ ਟਾਊਨ ਹਾਲ ਦੇ ਸਾਹਮਣੇ ਹੋਏ ਸਮਾਗਮ ਵਿੱਚ ਕੀਤੀਆਂ ਗੱਲਾਂ ਬਹੁਤ ਹੀ ਬਚਗਾਨਾ ਸਨ। ਉਥੇ ਇਕ ਬੁਲਾਰੇ ਨੇ ਕਿਹਾ ਕਿ ਜਨਤਕ ਐਕਸ਼ਨ ਕੁਝ ਨਹੀਂ ਹਨ : ਕੇਵਲ ਹਥਿਆਰਬੰਦ ਸੰਘਰਸ਼ ਹੀ ਸਭ ਕੁਝ ਹੈ। ਕਈ ਨਕਸਲੀ ਗਰੁਪਾਂ ਦੇ ਬੁਲਾਰਿਆਂ ਵਲੋਂ ਬੋਲਣ ਸਮੇਂ ਵਰਤੀ ਸ਼ਬਦਾਵਲੀ ਤੇ ਪੋਸਟਰਾਂ ਵਿਚ ਵਰਤੀ ਭਾਸ਼ਾ ਲੋਕਾਂ ਤਕ ਅਪਣੀ ਗੱਲ ਪੁਚਾਉਣ ਦੇ ਯਤਨ ਦੀ ਥਾਂ ਫਿਰਕੂ ਤੇ ਅਤਿਵਾਦੀ ਜਨੂੰਨੀਆਂ ਨੂੰ ਚਿੜੌਣ ਵਾਲੀ ਵਧ ਹੁੰਦੀ ਹੈ। ਅਜਿਹੀ ਸਥਿਤੀ ਵਿਚ ਸਰੀਰਕ ਟਕਰਾ ਤੋਂ ਬਚਕੇ ਵਿਚਾਰਧਾਰਕ ਗਲ ਕਰਨ ਦੀ ਵੱਧ ਲੋੜ ਹੈ। ਇਤਿਹਾਸ ਗਵਾਹ ਹੈ ਕਿ ਇਟਲੀ ਤੇ ਜਰਮਨ ਵਿਚ ਫਾਸ਼ੀਵਾਦ ਤੇ ਨਾਜ਼ੀਵਾਦ ਦੇ ਉਠਾਣ ਸਮੇਂ ਕਮਿਊਨਿਸਟ ਤੇ ਸੋਸ਼ਲਿਸਟ ਪਾਰਟੀਆਂ ਤਕੜੀਆਂ ਸਨ। ਜੇਕਰ ਉਹ ਇਕ ਮੁੱਠ ਹੋ ਕੇ ਅਮਲ ਕਰਦੀਆਂ ਤਾਂ ਉਹ ਫਾਸ਼ੀਵਾਦ ਤੇ ਨਾਜ਼ੀਵਾਦ ਨੂੰ ਫੇਹ ਕੇ ਰਖ ਸਕਦੀਆਂ ਸਨ, ਪਰੰਤੂ ਉਹਨਾਂ ਨੇ ਇਸ ਦੀ ਥਾਂ ਇਕ ਦੂਜੇ ਨੂੰ ਖਤਮ ਕਰਨ ਲਈ ਵਧ ਜ਼ੋਰ ਲਾਇਆ। ਹੁਣੇ ਵੀ ਲੋੜ ਇਤਿਹਾਸ ਤੋਂ ਸਿੱਖਣ ਦੀ ਲੋੜ ਹੈ।

ਮਾਰਚ ਦੇ ਸਮਤਾ ਵਿਚ ਪੰਨਾ 33 ਤੇ ਕਿਸੇ ਰੁਪਿੰਦਰ ਮਾਨ ਦੀ ਚਿੱਠੀ ਛਪੀ ਹੈ। ਜਿਹੜੀ ਨਿਰੀ ਛਛੋਪਨ ਨੇ ਨੀਚਤਾਂ ਦਾ ਪ੍ਰਗਟਾਵਾ ਹੈ। ਜਿਸ ਗੋਸ਼ਟੀ ਦਾ ਜਿਕਰ ਇਥੇ ਕੀਤਾ ਗਿਆ ਹੈ। ਮੈਂ ਉਸ ਵਿਚ ਸ਼ਾਮਲ ਸੀ ਤੇ ਪੇਪਰ ਪੜ੍ਹਿਆ ਸੀ। ਸੇਖੋਂ ਦੇ ਕਹੇ ਸ਼ਬਦਾਂ ਦੀ ਟੇਪ ਮੇਰੇ ਕੋਲ ਹੈ। ਸੇਖੋਂ ਹੁਰਾਂ ਨੇ ਇਕ ਵੀ ਗੱਲ ਅਜਿਹੀ ਨਹੀਂ ਕਹੀ। ਗੱਲ ਕੇਵਲ ਐਨੀ ਸੀ ਕਿ ਜਨਾਬ ਮਾਨ ਸਾਹਿਬ ਗੋਸ਼ਟੀ ਦੇ ਵਿਸ਼ੇ ਤੋਂ ਬਾਹਰ ਨਕਸਲਵਾਦ ਦਾ ਭਾਸ਼ਨ ਦੇਣ ਲੱਗੇ ਸਨ ਜਿਸ ਨੂੰ ਸੇਖੋਂ ਹੁਰਾਂ ਨੇ ਟੋਕ ਦਿੱਤਾ ਸੀ। ਇਸ ਤੇ ਜਨਾਬ ਚਿੜ ਗਏ ਤੇ ਸਮਤਾ ਦੇ ਸਫ਼ਿਆਂ ਤੇ ਅਪਣਾ ਗੁਸਾ ਪਰਗਟ ਕਰ ਦਿੱਤਾ। ਸੇਖੋਂ ਨੂੰ ਮਾਰਕਸਵਾਦ ਦੀ ਕਿੰਨੀ ਸਮਝ ਹੈ ? ਇਸ ਬਾਰੇ ਸਾਰੇ ਪੰਜਾਬੀ ਪਾਠਕ ਜਾਣਦੇ ਹਨ। ਇਹ ਮਾਨ ਵਰਗੇ ਛੋਕਰੇ ਦੇ ਕਹਿਣ ਤੇ ਲੋਕ ਭੁਲਣ ਨਹੀਂ ਲਗੇ। ਪਰੰਤੂ ਝੂਠ ਬੋਲਣਾ ਤੇ ਗਲਤ ਗੱਲਾਂ ਕਰਕੇ ਨਾਮਣਾ ਖਟਣਾ ਬਹੁਤ ਘਟੀਆ ਪਣ ਹੈ।

**ਸੁਰਜੀਤ ਗਿੱਲ**

## 5. ਇਕ ਨਾਹਰੇ ਦਾ ਚੀਰ ਹਰਣ

ਪ੍ਰੋਫੈਸਰ ਭਾਰਦਵਾਜ ਇਕ ਅਜਿਹੀ ਜਾਣੀ-ਪਛਾਣੀ ਸ਼ਖਸੀਅਤ ਹਨ ਜਿਨ੍ਹਾਂ ਦੇ ਲੇਖਾਂ ਦੀ ਵਿਗਿਆਨਕ ਪਹੁੰਚ ਨੇ ਪੰਜਾਬੀ ਪਰਚਿਆਂ (ਖਾਸ ਕਰ ਸਮਤਾ) ਰਾਹੀਂ ਬੜੀਆਂ ਸਾਰਥਕ ਗੱਲਾਂ ਕੀਤੀਆਂ ਹਨ। ਸੱਚ ਪੁਛੋ ਤਾਂ ਉਨ੍ਹਾਂ ਦੇ ਲੇਖ, ਸਾਹਿਤਕ ਹਲਕਿਆਂ ਵਿਚ ਮਹਿਜ਼ ਚਰਚਾ ਦਾ ਵਿਸ਼ਾ ਬਣ ਕੇ ਹੀ ਹਵਾ ਨਹੀਂ ਹੋ ਗਏ, ਸਗੋਂ ਆਮ ਤੇ ਖਾਸ ਪਾਠਕਾਂ ਦੀ ਸੂਝ-ਸਮਝ 'ਚ ਇਨ੍ਹਾਂ ਕਾਫ਼ੀ ਯੋਗਦਾਨ ਪਾਇਆ ਹੈ। ਅਸੀਂ (ਟਾਵੇਂ-ਵਿਰਲੇ) ਬੰਦੂਕਧਾਰੀ ਜਵਾਨ ਵੀ; ਉਨ੍ਹਾਂ ਦੇ ਲੇਖਾਂ ਦੀ ਬੜੀ ਸ਼ਿੱਦਤ ਨਾਲ ਇੰਤਜ਼ਾਰ ਕਰਦੇ ਰਹਿੰਦੇ ਹਾਂ। ਉਨ੍ਹਾਂ ਦੇ ਲੇਖਾਂ ਦੇ ਤਕੜੇ-ਵਿਸ਼ੇ; ਸਰਲ-ਭਾਸ਼ਾ, ਭਰਵਾ-ਕਟਾਖਸ਼, ਤੇਜ-ਵਹਾਅ ਤੇ ਸਾਰਥਕ-ਨਿਚੋੜ, ਹੋਰਨਾਂ ਸਾਹਿਤਕ ਕਿਰਤਾਂ ਨਾਲੋਂ ਸਾਡੇ ਖੰਘਰ ਮਨਾਂ ਉਤੇ ਸਗੋਂ ਜਿਆਦਾ ਕਾਟ ਕਰਦੇ ਹਨ।

ਸਮਤਾ ਦੇ ਮਾਰਚ ਅੰਕ ਵਿਚ ਸਾਡੇ ਅੰਨਦਾਤਾ (ਕਿ ਭਿਖਾਰੀ ?) ਲਈ ਦਰਦ ਦਾ ਇਜ਼ਹਾਰ ਕਰਦਿਆਂ ਪ੍ਰੋ. ਹੁਰਾਂ 'ਜੈ ਜਵਾਨ—ਜੈ ਕਿਸਾਨ' ਨਾਅਰੇ ਦਾ ਵੀ ਚੀਰਹਰਣ ਕੀਤਾ ਹੈ। ਮੈਂ ਆਪਣੇ ਆਪ ਨੂੰ ਕੋਈ ਵੱਡਾ ਦੇਸ਼-ਭਗਤ ਨਹੀਂ ਅਖਵਾਉਣਾ ਚਾਹੁੰਦਾ। ਅਜੋਕੇ ਸਮੇਂ 'ਚ ਸਾਡੀ ਲੜਾਈ ਵੀ ਬੱਸ 'ਰੋਟੀ ਦੇ ਚੱਪੇ' ਨੂੰ ਹੀ ਜਿੱਤਣ ਤੱਕ ਹੈ। ਸਤਿਕਾਰਯੋਗ ਪ੍ਰੋਫ਼ੈਸਰ ਹੁਰਾਂ ਆਪਣੇ ਲੇਖ ਵਿਚ, ਅਖੇ 'ਜੈ-ਜਵਾਨ ਮਾਰ-ਕਿਸਾਨ' ਵਾਲੀ ਤੂਤੀ ਬੋਲ ਕੇ ਜਿਥੇ ਪੱਖਪਾਤ ਜ਼ਾਹਰ ਕੀਤਾ ਹੈ, ਉਥੇ ਆਪਣੀ ਅਗਿਆਨਤਾ ਦਾ ਵੀ ਝੱਗਾ-ਚੌੜ ਕੀਤਾ ਹੈ। ਉਨ੍ਹਾਂ ਜਿਥੇ ਸਾਡੀ ਸਰਾਪੀ ਹੋਈ ਜ਼ਿੰਦਗੀ ਤੋਂ ਅੱਖਾਂ ਮੀਟੀਆਂ ਹਨ, ਉਥੇ ਸਾਨੂੰ ਨਫਰਤ ਦੇ ਪਾਤਰ ਵੀ ਬਣਾ (ਸਾਜ਼ !) ਦਿੱਤਾ ਹੈ।

ਚਾਹੀਦਾ ਤਾਂ ਸੀ ਕਿ ਉਹ ਆਪਣੇ ਵਿਸ਼ੇ ਨੂੰ 'ਜੈ ਕਿਸਾਨ' ਤੱਕ ਹੀ ਸੀਮਤ ਰੱਖਦੇ ਪਰ ਅੰਨ੍ਹੀ ਸ਼ਰਧਾ ਹਿੱਤ ਉਹ ਸਾਡੇ ਹਿਰਦਿਆਂ ਨੂੰ ਸੂਲਾਂ ਹੇਠ ਵਿੰਨ੍ਹ ਗਏ ਹਨ। ਮਿਸਟਰ ਭਾਰਦਵਾਜ ਦੀ ਇਹ ਕਮਜ਼ੋਰੀ ਹੈ ਕਿ ਉਹ ਹਰ ਵਿਸ਼ੇ ਬਾਰੇ ਇਕੋ ਸੁਰ ਤੇ ਸ਼ੈਲੀ ਉਤੇ ਸਵਾਰ ਰਹਿੰਦਾ ਹੈ ਤੇ ਬਹੁਤ ਵਾਰੀ ਗੱਲ ਕਰਦਿਆਂ ਐਨਾ ਭਾਵੁਕ ਹੋ ਜਾਂਦਾ

ਹੈ ਕਿ ਸਾਹ ਲੈਣਾ ਵੀ ਯਾਦ ਨਹੀਂ ਰਹਿੰਦਾ।

ਅੱਜ ਪੰਜਾਬ ਦੇ ਚੌਕਾਂ ਤੇ ਮੋੜਾਂ ਉਤੇ ਪੱਥਰ ਦੇ ਬੁੱਤ ਬਣੀ ਖਲੋਤੇ ਜਵਾਨ, ਜਿਨ੍ਹਾਂ ਵਲ ਹਰ ਕੋਈ ਨਫਰਤ ਦੀ ਨਜਰੇ ਦੇਖ ਕੇ ਥੁੱਕਦਾ ਹੋਇਆ ਅਗਾਂਹ ਲੰਘ ਜਾਂਦਾ ਹੈ, ਕ੍ਹੀਦੀ ਮਾਂ ਨੂੰ ਮਾਸੀ ਆਖਣ ! ਉਨ੍ਹਾਂ ਵਿਚਾਰਿਆਂ ਦੀ ਜਾਨ ਦਾ ਕੀ ਭਰੋਸਾ ਕਿ ਕੱਦ ਕਿਧਰੋਂ ਗੋਲੀਆਂ ਦੀ ਬਾਛੜ (ਬਾਵਜੂਦ ਹੱਥਾਂ 'ਚ ਬੰਦੂਕਾਂ ਫੜੀ ਖੜਿਆਂ ਦੇ) ਉਨ੍ਹਾਂ ਦੇ ਪਿੰਡੇ ਉਤੇ ਹੋਲੀ ਖੇਡ ਜਾਵੇ ? ਫੇਰ ਜੇਕਰ ਦੇਸ਼ ਦੀ ਬੌਣੀ ਸਰਕਾਰ ਨੇ ਆਪਣੀ 'ਕਾਰਗੁਜਾਰੀ' ਨੂੰ ਨਿਰ-ਵਿਘਨ ਚਲਦਾ (ਵਧਦਾ-ਫੁੱਲਦਾ) ਰੱਖਣ ਲਈ ਸਾਡੇ ਗਲ ਸਟੇਨ-ਗੰਨਾਂ (ਤੇ ਬਰੇਨ-ਗੰਨਾਂ) ਮੜ੍ਹ ਦਿਤੀਆਂ ਹਨ ਤਾਂ ਇਹ ਗੱਲ ਪ੍ਰੋਫੈਸਰ ਹੁਰਾਂ ਦੇ ਮੇਹਣੇ ਆ ਗਈ ?? ਕੀ ਮਿੱਗ-29, ਟੀ-72 ਤੇ ਹੈਰੀਅਰ ਆਦਿ ਸਾਡੀ ਨਿੱਜੀ ਮਲਕੀਅਤ ਹਨ ???

ਅੰਨਦਾਤੇ ਦੇ ਹੱਕ 'ਚ ਖਲੋਣਾ ਤੇ ਗੱਲ ਕਰਨੀ ਬੜੀ ਅੱਛੀ ਗੱਲ ਹੈ। ਪਰ ਇਹ ਕਹਿਣ 'ਚ ਵੀ ਕੋਈ ਹਰਜ ਨਹੀਂ ਕਿ ਉਹ ਆਪਣੇ ਹੱਕਾਂ ਦੀ ਰਾਖੀ ਦੇ ਦੇਸ਼ ਭਰ ਤੋਂ ਆਏ ਹਜਾਰਾਂ (ਤੇ ਲੱਖਾਂ) ਕਿਸਾਨਾਂ ਰਾਹੀ ਅਣ-ਮਿੱਥੇ ਸਮੇਂ ਲਈ ਕੀਤਾ ਗਿਆ ਘਿਰਾਓ ਅਤੇ ਸਰਕਾਰ ਦੇ ਆਪਣੀਆਂ ਸਮੁੱਚੀਆਂ ਮੰਗਾਂ ਮਨਵਾਉਣ ਉਤੇ ਮਜਬੂਰ ਕਰਨਾ, ਉਨ੍ਹਾਂ ਦੀ ਠੋਸ ਜਥੇਬੰਦੀ ਦੇ ਜਾਗਦੇ ਹੋਣ ਦਾ ਪ੍ਰਤੱਖ ਪ੍ਰਮਾਣ ਹੈ। ਹੋਰ ਤੇ ਹੋਰ, ਅੱਜ ਵੀਹਵੀਂ ਸਦੀ ਦੀ ਅਬਲਾ ਦੀ ਚੀਖ, ਪੁਰਸ਼-ਪ੍ਰਧਾਨ ਸਮਾਜ ਦੀਆਂ ਰੂੜੀ-ਵਾਦੀ ਪਰੰਪਰਾਵਾਂ ਦੇ ਖਿਲਾਫ ਇਤਿਹਾਸਕ ਤਬਦੀਲੀਆਂ ਦੇ ਸਮਰੱਥ ਬਣਦੀ ਜਾ ਰਹੀ ਹੈ। ਪਰ ਇਹ ਤਾਂ ਕੋਈ ਸਾਨੂੰ ਪੁੱਛੇ ਕਿ ਬਾਵਜੂਦ ਆਧੁਨਿਕ ਹਥਿਆਰਾਂ ਨਾਲ ਲੈਸ ਹੋਣ ਦੇ ਵੀ, ਸਾਡੇ ਦੁਆਲੇ ਗੁਲਾਮੀ ਦੀਆਂ ਪਰਤਾਂ ਦਿਨ-ਬਦਿਨ ਕਿਵੇਂ ਉਸਰ ਰਹੀਆਂ ਹਨ।

ਸਾਡੇ ਲੋਕਰਾਜੀ-ਸਾਮਰਾਜੀ ਨਿਜ਼ਾਮ ਵਿਚ ਵੱਖ 2 ਲੁੱਟੀਆਂ ਜਾ ਰਹੀਆਂ ਜਮਾਤਾਂ ਤੇ ਫਿਰਕਿਆਂ, ਹਰ ਕੋਲ ਆਪਣੀ ਆਵਾਜ ਹੈ ਪਰ ਅਸੀਂ ਹਾਂ ਕਿ ਜਨਮਾਂ ਤੱਕ ਚੁੱਪ-ਚੁਪੀਤੇ ਜ਼ੁਲਮ ਸਹਿਣ ਦੀਆਂ ਕਸਮਾਂ ਖਾਧੀਆਂ ਹੋਈਆਂ ਹਨ। ਪੁੱਛਣਾ ਹੈ ਤਾਂ ਸ਼ਾਸ਼ਤਰੀ ਜੀ ਨੂੰ ਕਬਰੋਂ ਕੱਢ ਕੇ ਪੁੱਛੋ ਕਿ ਉਹਦੇ ਲਾਏ ਨਾਅਰੇ 'ਜੈ ਜਵਾਨ' ਨਾਲ ਸਾਡਾ ਕੀ ਜੁੱਗ ਪਲਟਾ ਆ ਗਿਆ ?

**—ਇਕ ਫੌਜੀ ਜਵਾਨ**

## 6. ਅੰਨਦਾਤਾ ਕਿ ਭਿਖਾਰੀ

ਪ੍ਰੋ. ਭਾਰਦਵਾਜ ਨੇ ਸਮਤਾ ਰਾਹੀਂ ਪਿਛਲੇ ਸਮੇਂ ਦੌਰਾਨ ਜੋ ਔਖੇ ਤੋਂ ਔਖਾ ਕੰਮ ਸਰਲ ਸ਼ਬਦਾਂ ਰਾਹੀਂ ਕੀਤਾ ਉਹ ਜਣੇ ਖਣੇ ਦੇ ਵੱਸ ਦਾ ਰੋਗ ਨਹੀਂ— ਸਮਝ ਦੇ 20 ਵਰ੍ਹਿਆਂ ਦਾ ਇਹ ਤਜਰਬਾ ਦੱਸਦਾ ਹੈ ਇਸ ਗੱਲ ਤੋਂ ਮੁਨਕਰ ਹੋਣ 'ਤੇ ਜ਼ਮੀਰ ਨਹੀਂ ਮੰਨਦੀ। ਉਸਦੀਆਂ ਕਿਰਤਾਂ ਨੇ ਬੁੱਧੀ ਜੀਵੀਆਂ ਦੇ ਕਵਾੜ ਖੋਲ੍ਹੇ ਹਨ। ਇਹ ਵੱਖਰੀ ਗੱਲ ਹੈ ਕਿ ਉਸਦੀ ਪਸੰਦਗੀ ਨਾ ਪਸੰਦਗੀ ਲਈ ਦ੍ਰਿਸ਼ਟੀਕੋਣ ਆਪਣਾ ਆਪਣਾ ਹੈ। ਜੋ ਲੱਗ ਪੱਗ ਕਾਫੀ ਸਮੇਂ ਤੋਂ ਛਪ ਰਿਹਾ ਹੈ।

ਸਮਤਾ ਮਾਰਚ 84 ਵਿਚ, ਭਾਰਦਵਾਜ ਦਾ ਫਿਰ ਇਕ ਲੇਖ ਅੰਨਦਾਤਾ ਕਿ ਭਿਖਾਰੀ ਪੜ੍ਹਿਆ ?

ਉਸਦੀਆਂ ਸਤਰਾਂ ਉਏ ਧਰਤੀ ਦਿਆ ਜਾਇਆ, ਤੇਰੇ ਨਾਲੋਂ ਤਾਂ ਮੇਰੇ ਯਾਰਾ ਭਿਖਾਰੀ ਵੀ ਚੰਗਾ ਹੈ। ਦਿਨੇ ਮੰਗ ਟੰਗ ਕੇ, ਸ਼ਾਮ ਨੂੰ ਖਾ ਪੀ ਕੇ, ਰਾਤ ਨੂੰ ਲੰਮੀਆਂ ਤਾਣ ਕੇ ਸੌਂਦਾ ਹੈ। ਸੱਚ ਜਾਣੀ ਤੇਰੇ ਨਾਲੋਂ ਮੰਗਤਾ ਵੀ ਕਈ ਦਰਜੇ ਚੰਗਾ ਹੈ।'

ਅਗਾਂਹ ਵਧੂ ਦ੍ਰਿਸ਼ਟੀ ਕੋਣ ਤੋਂ ਸੋਚਦਿਆਂ, ਭਾਰਦਵਾਜ ਦੀ ਇਹ ਸਤਰਾਂ ਪੜਕੇ, ਯਕੀਨ ਨਹੀਂ ਆ ਰਿਹਾ ਕਿ ਇਹ ਉਸੇ ਨੇ ਕਿਹਾ ਹੈ। ਪਰ ਕਿਹਾ ਹੈ। ਇਸ ਲਈ, ਇਸ ਬਾਰੇ ਲਿਖਣਾ ਬਹੁਤ ਜ਼ਰੂਰੀ ਸਮਝਦਾ ਹਾਂ।

ਮੇਰੇ ਨਾਲ, ਰੋਜ਼ ਮਰਾ ਦੇ ਜੀਵਨ ਵਿਚ, ਜਦੋਂ ਕਿਸੇ ਪੜੇ ਲਿਖੇ ਜੱਟ ਭਰਾ ਦੀ ਗੱਲ ਚਲਦੀ ਹੈ ਤਾਂ ਉਹ ਖੂਬ ਰੋਂਦਾ ਹੈ। ਹਾਲ ਪਾਰਿਆ ਕਰਦਾ ਹੈ। ਹਾਏ ਮਾਰਤੇ, ਦਾ ਤੋੜਾ ਇਸ ਗੱਲ ਤੇ ਝੜਦਾ ਹੈ ਕਿ ਸਾਡੇ ਨਾਲੋਂ ਤਾਂ ਚੂੜੇ 'ਦਿਹਾੜੀਏ ਚੰਗੇ ਐ ਜਿਹੜੇ ਕੰਮ ਕਰਦੇ ਐ, ਦਿਹਾੜੀ ਲੈਂਦੇ ਐ ਤੇ ਮੌਜਾਂ ਕਰਦੇ ਐ।

ਤਾਂ ਅਗੇ ਜਵਾਬ ਹੁੰਦਾ ਹੈ ਕਿ, ਜਿਸਦੇ ਘਰ ਚਾਰ ਸਿਆੜ ਜਾਂ ਦਾਣੇ ਹੋਣ ਉਹ ਸਿਆਣਾ ਵੀ ਹੁੰਦਾ ਹੈ। ਤਾਂ ਸਿਆਣਾ ਬੰਦਾ ਭਲਾ ਏਨੀਂ ਮੇਹਨਤ ਕਰਕੇ ਵੀ ਭੁੱਖਾ ਕਿਉਂ ਮਰੇ ? ਅਗਰ ਜਮੀਨ ਚੱਖਕੇ ਉਸਨੇ ਭੁੱਖੇ ਹੀ ਮਰਨਾ ਹੈ ਤਾਂ ਉਸਨੂੰ ਵਧੀਆ ਜੀਵਨ ਜੀਉਣ ਲਈ ਜਾਂ ਲੰਮੀਆਂ ਤਾਣ ਕੇ ਸੌਣ ਲਈ ਦਿਹਾੜੀ ਕਰ ਲੈਣੀ ਚਾਹੀਦੀ ਹੈ। ਚੰਗਾ ਰੱਜ ਕੇ ਪੇਟ ਭਰਨ ਲਈ ਤੇ ਫਿਰ ਲੰਬੀਆਂ ਤਾਣ ਕੇ ਸੌਣ ਲਈ ਮਨੁੱਖ ਨੂੰ ਸੌਖਾ ਸਾਧਨ ਅਪਣਾ ਲੈਣਾ ਚਾਹੀਦਾ ਹੈ। ਨਾਲੇ ਦਿਹਾੜੀਏ ਬਣਨ ਤੇ ਕਿਹੜਾ ਜੋਰ ਲਗਦਾ ਹੈ।

ਤਾਂ ਇਹੀ ਗੱਲ ਮੈਂ ਭਾਰਦਵਾਜ ਜੀ ਨੂੰ ਕਹਿਣੀ ਹੈ ਕਿ ਜੇ ਮੰਗਤਾ ਚੰਗਾ ਹੈ, ਮੰਗਣਾ ਚੰਗਾ ਹੈ, ਮੰਗ ਪਿੰਨ ਕੇ ਲੰਬੀਆਂ ਤਾਣ ਕੇ ਵਧੀਆ ਜੀਵਨ ਬਤੀਤ ਹੋ ਸਕਦਾ ਹੈ ਤਾਂ, ਅੱਗੇ ਤੋਂ ਉਹ ਇਹ ਉਪਦੇਸ਼ ਹੀ ਦਿਆ ਕਰਨ ਕਿ ਮੰਗਤੇ ਬਣ ਜੋ ਭਾਈ। ਬੀਬੀ ਦੇ ਰਾਜ ਵਿਚ ਸਭ ਤੋਂ ਸੌਖਾ ਕੰਮ ਹੁਣ ਇਹੀ ਰਹਿ ਗਿਐ।

ਮੇਰਾ ਯਕੀਨ ਹੈ ਕਿ ਭਾਰਦਵਾਜ ਜਾਣਦੇ ਹਨ ਕਿ ਸਰਕਾਰੀ ਰੀਪੋਰਟ ਅਨੁਸਾਰ 40 ਕਰੋੜ ਬੰਦੇ ਗਰੀਬੀ ਦੀ ਰੇਖਾ ਤੋਂ ਥੱਲੇ ਹੈ। ਜਿਸ ਦਾ ਭਾਵ ਹੈ ਕਿ ਦੋ ਜੀਅ,

ਮਾਂ ਬਾਪ ਤੇ ਦੋ ਬਚਿਆਂ ਦੀ ਰਲਕੇ 75 ਰੁਪਏ ਤੋਂ ਆਮਦਨ ਘਟ ਹੈ ਤਾਂ ਇਸਦਾ ਮਤਲਬ ਹੈ ਕਿ ਕਰੋੜਾਂ ਮੰਗਤੇ ਹਨ ਜਾਂ ਫਿਰ 40 ਕਰੋੜ 'ਚੋਂ ਬਹੁਤ ਔਰਤਾਂ ਸਰੀਰ ਵੇਚਕੇ ਦੋ ਰੋਟੀਆਂ ਪ੍ਰਾਪਤ ਕਰਦੀਆਂ ਹਨ ਤੇ ਆਦਮੀ ਸਾਰੀ ਦਿਹਾੜੀ ਚੰਮ ਲੁਹਾ ਕੇ ਦੋ ਰੋਟੀਆਂ ਪ੍ਰਾਪਤ ਕਰਦਾ ਹੈ। ਤੇ ਬਾਕੀ ਮੰਗ ਪਿੰਨ ਕੇ ਗੁਜ਼ਾਰਾ ਕਰਦੇ ਹਨ।

ਮੈਂ ਭਾਰਦਵਾਜ ਜੀ ਨੂੰ ਰਾਇ ਦਿਆਂਗਾ ਕਿ ਉਹ ਦਸ ਦਿਨ ਕਿਸੇ ਮੋੜ 'ਤੇ ਠੂਠਾ ਫੜਕੇ ਬੈਠਕੇ ਤਜਰਬਾ ਕਰ ਲੈਣ। ਭਾਵੇਂ ਇਹੀ ਸਮਝ ਲੈਣ ਕਿ ਉਹਨਾਂ ਕਿਸੇ ਨਾਟਕ 'ਚ ਭਾਗ ਲੈਣ ਦਾ ਅਭਿਆਸ ਕਰਨਾ ਹੈ। ਮੇਰਾ ਖਿਆਲ ਹੈ, ਪਹਿਲੇ ਦਿਨ ਹੀ ਬੋਹੜ ਥਲਿਉਂ ਗਿਆਨ ਨਿਕਲ ਆਊਗਾ।

ਜੇ ਉਹ ਇਹ ਗੱਲ ਕਰਨ ਨੂੰ ਤਿਆਰ ਨਹੀਂ ਤਾਂ ਮੇਰਾ ਬਾਈ ਜੀ ਨੂੰ ਇਹ ਕਹਿਣਾ ਹੈ ਕਿ ਜਦੋਂ ਵੀ ਕੁਝ ਕਹਿਣ ਤਾਂ ਸਮਾਜ ਦੇ ਵਿਗਿਆਨ ਨੂੰ, ਸਮਾਜ ਦੀ ਹਰ ਸਚਾਈ ਨੂੰ ਧਿਆਨ ਵਿਚ ਰੱਖਣ (ਬੇਸ਼ਕ ਉਹਨਾਂ ਸੱਚ 'ਤੇ ਪ੍ਰਸੰਸਾਯੋਗ ਖੋਜ ਕੀਤੀ ਹੈ)।

ਉਹਨਾਂ ਦਾ ਕਹਿਣ ਦਾ ਮਨੋਰਥ ਸੀ ਕਿ ਛੋਟਾ ਜ਼ਿਮੀਦਾਰ ਪਿਸ ਰਿਹਾ ਹੈ। ਜਿਸ ਨੂੰ ਵੱਡੀ ਕਾਬਜ਼ ਜਗੀਰਦਾਰੀ ਅਤੇ ਸਰਮਾਏਦਾਰੀ ਪ੍ਰਬੰਧ ਲਕੋਂ ਲਈ ਖੜੋਤੇ ਹਨ। ਜਿਸਦੀ ਕਣਕ ਡੇਢ ਸੌ ਨੂੰ ਕੁਅੰਟਲ ਖਰੀਦ ਕੇ 350 ਨੂੰ ਵੇਚੀ ਜਾਂਦੀ ਹੈ। ਅਤੇ ਲੱਖਾਂ ਕੁਅੰਟਲ ਝੋਨਾ ਕਣਕ ਗੁਦਾਮਾਂ ਵਿਚ ਇਸ ਲਈ ਸਾੜੇ ਜਾਂਦੇ ਹਨ ਕਿ 50 ਕਰੋੜ ਬੇਜ਼ਮੀਨੇ ਖਪਤਕਾਰ ਨੂੰ ਧਨ ਕੁਬੇਰ ਪੈਦਾ ਕਰਨ ਲਈ ਦੋ ਟੁਕੜਿਆਂ ਜੋਗਾ ਹੀ ਰੱਖਿਆ ਜਾ ਸਕੇ ਉਸ ਵਿਚ ਉਸਦਾ ਚੰਮ ਪੁੱਟਣ ਜੋਗੀ ਤਾਕਤ ਹੀ ਬਣਾਈ ਜਾ ਸਕੇ ਤੇ ਜ਼ਿੰਦਗੀ ਦੇ ਬਾਕੀ ਸਾਰੇ ਸੋਮੇ ਉਸ ਲਈ ਬੰਦ ਰਖੇ ਜਾਣ। ਤਾਂ ਜੋ ਉਹ ਕਿਸਾਨੀ, ਜਗੀਰਦਾਰੀ ਅਤੇ ਸਰਮਾਏਦਾਰੀ 'ਤੇ ਹੀ ਨਿਰਭਰ ਰਹੇ। ਉਸ ਦੇ ਸਾਹਮਣੇ ਠੂਠਾ ਫੜੀ ਰੱਖੇ। ਗੁਲਾਮੀ ਦੀ ਜਕੜ 'ਚੋਂ ਨਿਕਲ ਨਾ ਸਕੇ।

ਹੁਣ ਤਕ ਇਹ ਕੌਣ ਨਹੀਂ ਜਾਣਦਾ ਕਿ ਛੋਟਾ ਕਿਸਾਨ ਲੁਟਿਆ ਜ਼ਾ ਰਿਹੈ। ਸਗੋਂ ਲੁਟਿਆ ਜਾ ਚੁਕੈ। ਜਦੋਂ ਉਸਲੀ ਹਾਲਤ ਏਨੀ ਪਤਲੀ ਹੈ ਤਾਂ ਉਸਦੀ ਲੜਾਈ ਹੈ, ਜਗੀਰਦਾਰੀ ਨਾਲ, ਦਲਾਲ ਆੜਤੀਏ ਨਾਲ ਤੇ ਕਾਬਜ ਪੂੰਜੀਪਤੀ ਨਾਲ। ਪਰ 24 ਘੰਟੇ ਉਹ ਵਰ੍ਹਦਾ ਹੈ ਆਪਣੇ ਸਹਿਯੋਗੀ ਭੁੱਖੇ ਨੰਗੇ ਦਿਹਾੜੀਦਾਰ ਸਮਾਜ 'ਤੇ ਜੋ 18-18 ਘੰਟੇ ਚੰਮ ਲੁਹਾ ਕੇ ਵੀ ਇਸ ਕੋਹਣੀ ਸਮਾਜ ਵਿੱਚ ਬੰਦਿਆਂ 'ਚ ਸ਼ਾਮਲ ਨਹੀਂ ਹੈ। ਕਣਕਾਂ ਦੇ ਭਾਅ ਦੀ ਲੜਾਈ ਹੋਵੇ ਜਾਂ ਨਰਮਿਆਂ ਦੇ ਭਾਅ ਦੀ। ਇਹ ਵਰਗ ਸਾਥ ਦਿੰਦਾ ਹੈ ਜਾਂ ਇਸਤੋਂ ਜਬਰੀ ਸਾਥ ਲਿਆ ਜਾਂਦਾ ਹੈ—ਜਾਂ ਮਾਨਸਕ ਸ਼ੋਸ਼ਨ ਕਰਕੇ ਉਸਨੂੰ ਇਸ ਲੜਾਈ ਲਈ ਤਿਆਰ ਕੀਤਾ ਜਾਂਦਾ ਹੈ।

ਪਰੰਤੂ ਜਦੋਂ ਦਿਹਾੜੀ ਦਾ ਮਸਲਾ ਆ ਜਾਵੇ ਤਾਂ ਕਦੀ ਕਿਸੇ ਨੇ ਨਾਕਾਬੰਦੀਆਂ, ਕੁੱਟਾਂ ਮਾਰਾਂ, ਬੇਜ਼ਤੀਆਂ ਦੇ ਖਿਲਾਫ਼ ਨਾਲ ਹੋਕੇ ਇਹਨਾਂ ਨੂੰ ਆਪਣੇ ਸਮਝਕੇ ਘੋਲ ਨਹੀਂ ਦਿਤਾ। ਉਦੋਂ ਇਹ ਮਸਲਾ ਸਰਕਾਰ ਦਾ ਬਣ ਜਾਂਦਾ ਹੈ। ਇਹੀ ਘਾਟਾ ਤਾਂ ਸਾਨੂੰ 60 ਸਾਲ ਤੋਂ ਭੁੰਜੇ ਲਾਹੀ ਬੈਠੀਆਂ ਹਨ। ਖੈਰ ਮੈਂ ਨਿੱਜੀ ਤੌਰਤੇ ਮਹਿਸੂਸ ਕਰਦਾ ਹਾਂ ਕਿ ਵੱਧ ਭਾਅਵਾਂ ਲਈ ਲੜਾਈ ਦਰੁਸਤ ਰਾਹ ਨਹੀਂ ਹੈ। ਕਿਉਂਕਿ ਵੱਧ ਭਾਅ ਦੇ ਲਾਭ ਤਾਂ ਚੰਗੀ ਕਿਸਾਨੀ ਜਾਂ ਜਗੀਰਦਾਰੀ ਨੂੰ ਹੀ ਜਾਂਦੇ ਹਨ। ਜੇ ਛੋਟੀ ਕਿਸਾਨੀ ਨੂੰ ਕੁਝ ਮਿਲਦਾ ਵੀ ਹੈ ਤਾਂ ਇਹ ਬਹੁਤ ਘੱਟ ਗਿਣਤੀ ਹੈ ਪਰ ਵੱਧ ਕੀਮਤਾਂ ਦਾ ਬੋਝ, 75% ਬੇਜ਼ਮੀਨੇ ਖਪਤ ਕਾਰ ਤੇ ਵੀ ਪੈਂਦਾ ਹੈ। ਉਸਦਾ ਹੋਰ ਕਚੂੰਬਰ ਨਿਕਲਦਾ ਹੈ। ਦੂਸਰਾ ਕੱਚਾ ਮਾਲ ਜਦੋਂ ਸਸਤਾ ਵਿਕ ਜਾਂਦਾ ਹੈ ਤਾਂ ਪੱਕੇ ਮਾਲ—ਜਾਂ ਮੰਡੀ 'ਤੇ ਪੂੰਜੀਪਤੀ ਕਾਬਜ਼ ਹੈ। ਉਹ ਆਪਣੀ ਮਰਜੀ ਨਾਲ ਇਹਨਾਂ ਵਿਕੱਰੀ ਵਸਤੂਆਂ ਦੇ ਭਾਅ ਏਨੇ ਵਧਾ ਦਿੰਦਾ ਹੈ ਕਿ ਕੱਚੇ ਭਾਅ ਤਾਂ ਲੂਣ ਤੇਲ ਵੀ ਪੂਰਾ ਨਹੀਂ ਕਰ ਸਕਦਾ। ਪਰੰਤੂ ਬਜਾਰ ਦੀ ਹਰ ਵਸਤੂ ਦੀ ਵਧਦੇ ਭਾਅ ਅਤੇ ਟੈਕਸ ਸਾਰੇ ਵਰਗਾਂ ਨੂੰ ਖੂੰਜੇ ਲਾ ਦਿੰਦੇ ਹਨ। ਇਸ ਸੋਚ ਨੂੰ ਭਲਾ ਕੌਣ ਨਹੀਂ ਕਬੂਲੇਗਾ?

ਹੁਣ ਜੇ ਇਹ ਸੱਚ ਹੈ ਤਾਂ ਲੜਾਈ ਦਾ ਢੰਗ ਬਦਲਿਆ ਜਾਣਾ ਚਾਹੀਦਾ ਹੈ। ਜਦੋਂ ਵਾਰ ਵਾਰ ਅਪਨਾਏ ਜਾਂਦੇ ਢੰਗ ਕਾਰਗਰ ਨਾ ਹੋਣ ਤਾਂ ਜ਼ਰੂਰ ਕੋਈ ਨੁਕਸ ਹੁੰਦਾ ਹੈ। ਜਾਂ ਤਾਂ ਨੁਕਸ ਸਮਝੇ ਨਹੀਂ ਜਾਂਦੇ ਤੇ ਜਾਂ ਫਿਰ ਲੀਡਰ ਸ਼ਿਪ ਕਮਾਂਡਰ ਨੂੰ ਉੱਲੂ ਬਣਾ ਕੇ ਰੱਖਣ ਦੀ ਮਕਾਰੀ ਕਰਦੀ ਹੈ। ਸਾਡੇ ਲਈ ਇਹ ਅਜਿਹਾ ਰਾਹ ਅਖਤਿਆਰ ਕਰਨਾ ਜ਼ਰੂਰੀ ਹੈ ਕਿ ਸਾਰੇ ਵਰਗ ਇਕੱਠੇ ਵੀ ਹੋ ਸਕਣ ਤੇ ਲੜਾਈ ਦਾ ਲਾਭ ਵੀ ਸਮੁੱਚੇ ਵਰਗ ਨੂੰ ਮਿਲੇ। ਜਿਸ ਨਾਲ ਜਾਤੀ ਪ੍ਰਬੰਧ ਟੁੱਟਕੇ ਵਰਗ ਜਾਂ ਜਮਾਤ ਬਣੇ।

ਇਸ ਔਖੇ ਕਾਰਜ ਲਈ, ਜ਼ਰੂਰੀ ਹੈਕਿ ਜਗੀਰਦਾਰੀ ਦਲਾਲ ਆੜਤੀਏ ਅਤੇ ਪੂੰਜੀ ਪਤੀਆਂ ਵਲੋਂ ਅਪਨਾਏ ਜਾਦੇ ਸਾਰੇ ਦਾਅ-ਪੇਚ ਨਕਾਮ ਕੀਤੇ ਜਾਣ। ਜਿਵੇਂ ਵਧ ਰਹੀਆਂ ਕੀਮਤਾਂ ਨੂੰ ਰੋਕਣ ਲਈ ਖਰੀਦ ਦਾ ਸਮੁੱਚਾ ਬਾਈਕਾਟ ਮੁਢੱਲੀਆਂ ਲੋੜਾਂ 'ਚੋਂ ਆਪ ਪੈਦਾ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੇ ਆਪਸੀ ਵੰਡ। ਸਾਂਝੀ ਮਸ਼ੀਨਰੀ ਦੀ ਵਰਤੋਂ। ਜਿਸ ਨਾਲ ਹਰ ਕਿਸਾਨ ਟਰੈਕਟਰ ਆਦਿ ਦੇ ਕਰਜ਼ਿਆਂ 'ਚੋਂ ਨਿਕਲ ਸਕੇ। ਰੂੜੀ ਦੀ ਰੇਹ ਦੀ ਵਿਗਿਆਨਕ ਵਰਤੋਂ ਸਿਖਾ ਕੇ, ਬਨੌਟੀ ਰੇਹ ਦੇ ਵਪਾਰ ਨੂੰ ਝਟਕੇ ਦੇਣਾ। ਮਹਿੰਗਾਈ ਵਿਰੁੱਧ ਅਟੁੱਟ ਲੜੀ ਦੇ ਘੋਲ

ਜਾਰੀ ਰੱਖਣਾ। ਇਮਾਨਦਾਰ ਕੋਆਪਰੇਟਵ ਸਟੋਰਾਂ ਰਾਹੀਂ ਆਮ ਲੋੜੀਂਦੀ ਵਸਤੂ ਘੱਟ ਭਾਅ ਤੇ ਮੁਹੱਈਆ ਕਰਨਾ। ਦੁੱਧ ਆਦਿ ਵਰਗੀਆਂ ਵਿਸ਼ੇਸ਼ ਵਸਤੂਆਂ ਨੂੰ ਅੱਦਾਨ ਪ੍ਰਦਾਨ ਦੇ ਵਸੀਲੇ ਵਜੋਂ ਵਰਤਣਾ। ਕਿਸਾਨੀ ਦੇ ਹਿਤਾਂ ਦੇ ਨਾਲ ਦਿਹਾੜੀਦਾਰਾਂ ਦੇ ਜੀਵਨ ਦੇ ਹਿਤਾਂ ਦਾ ਬਰਾਬਰ ਧਿਆਨ ਦੇਣਾ। ਅਤੇ ਦਲਿਤ ਵਰਗ ਦੇ ਲੋਕਾਂ ਨੂੰ ਸਵੈਮਾਣ ਤੇ ਸਮਾਨਤਾ ਨਾਲ ਜਿਉਣ ਦਾ ਹੱਕ ਦੇਣਾ। ਜਿਵੇਂ ਜੇਕਰ ਪੇਂਡੂ ਜੁਲਾਹੇ ਦਾ ਪੂਰਾ ਮਾਣ ਕੀਤਾ ਜਾਵੇ ਉਸਦੀ ਜਾਤੀ ਬੇਜਤੀ ਨਾ ਕੀਤੀ ਜਾਵੇ ਤਾਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਸਿਰਫ ਦੋ ਪਰਿਵਾਰ ਸਾਰੇ ਪਿੰਡ ਨੂੰ ਇੱਕ ਨੰਬਰ ਦਾ ਕੱਪੜਾ ਮੁਹੱਈਆ ਕਰ ਸਕਦੇ ਹਨ। ਏਸੇ ਤਰ੍ਹਾਂ ਜੁੱਤੀਆਂ ਸਿਉਣ ਵਾਲੇ ਚਮਿਆਰ ਨੂੰ ਜੇ ਸਮਾਜ ਵਿਚੋਂ ਬਰਾਬਰ ਦਰਜਾ ਦਿੱਤਾ ਜਾਵੇ ਤਾਂ ਪੰਜ ਚਾਰ ਪਰਵਾਰ ਇੱਕ ਨੰਬਰ ਦੀ ਜੁੱਤੀ ਪਿੰਡ ਦੇ ਚਮੜੇ ਤੋਂ ਹੀ ਤਿਆਰ ਕਰਕੇ ਦੇ ਸਕਦੇ ਹਨ। ਖੰਡ ਦਾ ਜ ਲੰਬਾ ਸਮਾਂ ਨਹੀਂ ਤਾਂ ਕੁੱਝ ਸਮੇਂ ਲਈ ਘੋਲ ਦੁਰਾਨ, ਗੁੜ ਵਧੀਆ ਹੱਲ ਅਤੇ ਵਧੀਆ ਝਟਕਾ ਬਣ ਸਕਦਾ ਹੈ। ਕਣਕ ਦੀ ਜਿਣਸ ਨੂੰ ਸ਼ਹਿਰੀ ਵਸਤੂਆਂ ਦੇ ਅਦਾਨ ਪਰਦਾਨ ਵਜੋਂ ਵੇਚਿਆ ਜਾਵੇ। ਦਾਲਾਂ, ਸੱਬਜੀਆਂ, ਆਟਾ, ਕੱਪੜਾ ਜੁੱਤੀ, ਦੁੱਧ, ਮਾਸ ਵਰਗੀਆਂ ਜ਼ਰੂਰੀ ਵਸਤੂਆਂ ਜਦੋਂ ਅਸੀਂ ਪੈਦਾ ਕਰਨ ਦੇ ਸਮਰੱਥ ਹਾਂ ਇਸ ਸਮਰੱਥਾਂ ਨੂੰ ਮਹਿੰਗਾਈ ਵਿਰੁੱਧ ਲਾਮ ਬੰਦ ਹੋ ਰਹੀ ਲੜਾਈ ਲਈ ਵਰਤਿਆ ਜਾ ਸਕਦਾ ਹੈ। ਏਸੇ ਤਰ੍ਹਾਂ ਸਭਿਆਚਾਰਕ ਪੱਖੋਂ ਵੀ ਪੈਂਤੜਾ ਮਲ੍ਹਿਆ ਜਾ ਸਕਦਾ ਹੈ। ਜਿਵੇਂ ਕਿ ਪਾਲਸ ਮੰਚ ਦਾ ਰੋਲ ਹੈ। ਜਿਹੜੇ ਸਰਕਾਰੀ ਅਦਾਰੇ, ਸਾਡੀਆਂ ਰੋਜਾਨਾਂ ਲੋੜਾਂ ਰਾਹੀਂ, ਆਮ ਜੰਤਾ ਦਾ ਲਹੂ ਪੀਂਦੇ ਹਨ ਉਹਨਾਂ ਨੂੰ ਠੀਕ ਰਾਹ 'ਤੇ ਰੱਖਣ ਲਈ ਲਗਾਤਾਰ ਘਿਰਾਓ ਜਾਂ ਹੋਰ ਘੋਲ ਦੇਣੇ। ਵੱਡੇ ਪੱਧਰ ਤੇ ਲਗਾਤਾਰ ਜਾਰੀ ਰੱਖਣੇ ਕਿ ਹਰਾਮ ਖੋਰ ਅਫਸਰ ਸ਼ਾਹੀ ਚੈਨ ਨਾਲ ਸੌਂ ਨਾ ਸਕੇ। ਅਜਿਹਾ ਬਹੁਤ ਕੁਝ ਹੈ ਜੋ ਕੀਤਾ ਜਾ ਸਕਦਾ ਹੈ। ਜੇ ਕੁਝ ਕੀਤਾ ਗਿਆ ਵੀ ਹੈ ਤਾਂ ਆਪਣੇ ਆਪਣੇ 'ਦਰੁਸਤ ਰਾਹਾਂ' ਨੇ ਕਿਸੇ ਸਿੱਟੇ 'ਤੇ ਗੱਲ ਪੁੱਜਣ ਨਹੀਂ ਦਿੱਤੀ।

ਪਰੰਤੂ ਇਹ ਸਭ ਕੁਝ, ਤਦੇ ਹੀ ਹੋਏਗਾ ਕਿ ਸਾਡੀ ਲੋਕ ਹਿਤੂ ਲੀਡਰਸ਼ਿਪ ਹੋਵੇਗੀ ਜਿਸ ਵਿਚ ਵਿਸ਼ਵਾਸ਼ ਪੈਦਾ ਕਰਨ ਸਕਣ ਦੀ ਸਮਰੱਥਾ ਹੋਵੇ। ਨਹੀਂ ਤਾਂ ਜੋ ਅੱਗੇ 60 ਸਾਲ ਜਿੰਦਾਬਾਦ ਮੁਰਦਾ ਬਾਦ ਰਹੀ ਹੈ ਉਹੀ ਚੱਲੀ ਜਾਏਗੀ—ਇਤਿਹਾਸਕ ਪੱਖਾ ਲੋਕਾਂ ਦੇ ਹੱਕ 'ਚ ਨਹੀਂ ਘੁੰਮੇਗਾ ਤੇ ਨਾ ਹੀ ਮੰਗਤੇ ਮੁਕਣਗੇ ਤੇ ਨਾ ਭਾਰਦਵਾਜ ਦੀ ਧਰਤੀ ਦੇ ਜਾਏ ਲੋਕ ਸੌਖੇ ਹੋ ਸਕਣਗੇ। ਨਾਅਰੇ ਖਾ ਖਾ ਕੇ ਤਾਂ ਹੁਣ ਢਿੱਡ ਪੀੜ ਹੋਣ ਲੱਗ ਪਈ ਹੈ।

**ਗੁਰਨਾਮ ਸਿੰਘ**

## 7. ਮਿਹਨਤਕਸ਼ ਕਿ ਗੁਲਾਮ

### ਗੁਰਮੀਤ 'ਕਲਰ ਮਾਜਰੀ

'ਅਨਦਾਤਾ ਕਿ ਭਿਖਾਰੀ' ਕਿਸਾਨੀ ਬਾਰੇ ਵਿਦਵਾਨ ਲੇਖਕ ਨੇ ਬਹੁਤ ਹੀ ਖੂਬ ਸੂਰਤ ਅਥਵਾ ਭਾਵਪੂਰਤ ਤਰੀਕੇ ਰਾਹੀਂ ਕਿਸਾਨੀ ਮਸਲਿਆਂ ਦੇ ਸੰਦਰਭ ਵਿੱਚ ਖਿੜਕਦੀ ਕਿਸਾਨੀ ਸੰਬੰਧੀ ਵਿਚਾਰ ਵਿਅਕਤ ਕੀਤੇ ਸਨ। ਲਗਦਾ ਤਾਂ ਇਉਂ ਹੈ ਕਿ ਸੂਝਵਾਨ ਕਿਸਾਨ ਪਾਠਕਾਂ ਨੇ ਪੂਰ ਅਸਰ ਤਰੀਕੇ ਰਾਹੀਂ ਲੇਖ ਵਿਚਲੇ ਸੱਚ ਨੂੰ ਕਬੂਲ ਕੀਤਾ ਹੋਏਗਾ। ਦਰਅਸਲ ਗੱਲ ਤੇ ਇਹ ਹੈ ਕਿ ਕਿਸਾਨਾਂ ਬਾਰੇ ਗੱਲ ਕਰਕੇ (ਕਿਸਾਨ ਦੇ ਅਨਿੱਖੜ ਅੰਗ ਕਾਮੇ ਜਾਂ ਖੇਤ ਮਜਦੂਰ ਬਾਰੇ ਨਹੀਂ) ਲੇਖਕ ਜਿਥੇ ਆਪਣੀ ਸੋਚ ਦੇ ਸੌੜੇਪਣ ਦਾ ਮੁਕੰਮਲ ਸਬੂਤ ਦੇ ਗਿਆ ਹੈ, ਉਥੇ ਮੈਂ ਸਮਝਦਾ ਹਾਂ ਕਿ ਲੇਖਕ ਕਿਸਾਨ ਵਰਗ ਕੋਲੋਂ ਹਮਦਰਦੀ ਜਿਤਣ 'ਚ ਭਲੀ ਭਾਤ ਸਫਲ ਹੋਇਆ ਹੈ। ਏਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਕਿਸਾਨ, ਕਿਸਾਨ ਦੀ ਟੁਟਦੀ ਆਰਥਿਕਤਾ, ਵਿਸ਼ੇਸ਼ ਰੂਪ ਵਿੱਚ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਕਿਸਾਨ ਮਾਰੂ ਨੀਤੀ, ਕੁਲ ਮਿਲਾ ਕੇ ਭ੍ਰਿਸ਼ਟਾਚਾਰ ਅਤੇ ਮਹਿੰਗਾਈ ਦੇ ਜ਼ਮਾਨੇ 'ਚ ਕਿਸਾਨ ਦੀ ਮੰਦੀ ਹਾਲਤ ਵਰਗੀ ਲਕੀਰ ਏਸ ਲੇਖ ਦੇ ਅਪਰਾਧ ਫੈਲੀ ਹੋਈ ਸੀ।

ਉਂਝ ਤੇ ਅਜੋਕਾ ਸਮਾਜ ਸੰਕਟ ਗ੍ਰਸਤ ਸਮਾਜ ਹੈ, ਕਿਸੇ ਬੰਨੇ ਵੀ ਸਾਹਿਤਕ-ਸੱਚ ਨਜ਼ਰ ਨਹੀਂ ਪੈਂਦਾ। ਮੁਲਕ ਦੀ ਵੰਡ ਵੇਲੇ ਅਸੀਂ ਚਾਹੁੰਦੇ ਸਾਂ ਕਿ ਮੁਲਕ ਅਜ਼ਾਦ ਹੋਏ ਤੇ ਅਸੀਂ ਅਜ਼ਾਦ ਮੁਲਕ ਦੇ ਵਾਸੀ ਕਹਿਲਾਈਏ ਗਲ ਇਥੇ ਹੀ ਨਹੀਂ ਮੁੱਕੀ, ਅਸਾਂ ਅੰਗਰੇਜਾਂ ਨੂੰ ਮੁਲਕੋਂ ਬਾਹਰ ਕੱਢ ਦਿੱਤਾ ਪਰ ਉਹਨਾਂ ਦੇ ਦਰਸ਼ਨ, ਤਹਿਜ਼ੀਬ ਕਲਾ ਸਹਿਤ ਤੇ ਇਥੋਂ ਤੱਕ ਕਿ ਉਹਨਾਂ ਦੀ ਭਾਸ਼ਾ ਦੀ ਵਰਤੋਂ ਅਸਾਂ ਹੁਣ ਤੱਕ ਕਰਨੀ ਨਹੀਂ ਛੱਡੀ। ਖ਼ੈਰ ਭਾਸ਼ਾ ਤੇ ਅੰਤਰ ਰਾਸ਼ਟਰੀ ਦਿੱਕਤਾਂ ਕਾਰਣ ਸਾਂਭ ਰੱਖੀ ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਉਹਨਾਂ ਵਲੋਂ ਜਾਰੀ ਕੀਤਾ ਮਾਲਕ-ਗੁਲਾਮ ਦਾ ਮੁੱਲ ਵਿਧਾਨ ਅਸੀਂ ਅੱਜ 37 ਸਾਲ ਗੁਜ਼ਰਨ ਤੇ ਵੀ ਬਾਂਦਰੀ ਦੇ ਬੱਚੇ ਵਾਂਗ ਪੇਟ ਨਾਲ ਲਾਈ ਬੈਠੇ ਹਾਂ। ਭਾਵੇਂ ਕਾਫੀ ਸਮੇਂ ਤੋਂ ਕਈ ਰਾਜਨੀਤਿਕ ਪਾਰਟੀਆਂ ਅਤੇ (ਸੱਤਾਧਾਰੀ ਪਾਰਟੀ ਵੀ) ਸ਼ਰੇਣੀ-ਰਹਿਤ (ਰਹਿਤ) ਸਮਾਜ ਦੀ ਕਲਪਨਾ ਕਰਦੀਆਂ ਆ ਰਹੀਆਂ ਹਨ। ਪਰ ਕੁਝ ਉਹ ਉਹ ਲੋਕ ਜੋ ਕਿ ਮੁਲਕ ਦੀ ਵੰਡ ਤੋਂ ਪਹਿਲਾਂ ਗੁਲਾਮ ਮੁਲਕ ਨੂੰ ਅੰਗਰੇਜ਼ੀ ਨਿਜ਼ਾਮ ਤੋਂ ਨਿਜਾਤ ਦਿਵਾਉਣਾ ਚਾਹੁੰਦੇ ਸਨ ਅੱਜ ਖ਼ੁਦ ਆਪਣੇ ਹੀ ਮੁਲਕ ਦੇ ਬੰਦਿਆਂ ਨੂੰ ਗੁਲਾਮ ਬਣਾ ਕੇ ਰੱਖਣ 'ਚ ਫ਼ਖ਼ਰ ਮਹਿਸੂਸ ਕਰਦੇ ਹਨ।

ਏਸ ਗੱਲ 'ਚ ਕੋਈ ਦੋ ਰਾਵਾਂ ਨਹੀਂ ਕਿ ਸਾਡੇ

ਮੁਲਕ ਵਿੱਚ ਕੰਮ ਕਰਦੀਆ ਕਈ ਜਥੇਬੰਦੀਆਂ ਤੇ ਕਈ ਅਗਾਂਹ ਵਧੂ ਪਾਰਟੀਆਂ ਨੇ ਮਾਲਕ-ਗੁਲਾਮ ਦੇ ਰਿਸ਼ਤੇ ਨੂੰ ਮਿਟਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਹੈ ਪਰ ਜਿਹੜਾ ਬੂਟਾ ਜੜ੍ਹ ਤੋਂ ਲੈ ਕੇ ਉਪਰ ਤੱਕ ਸੁੱਕ ਚੁੱਕਾ ਹੋਵੇ, ਸਹਿਜੇ ਕੀਤੇ ਉਹਹਰਿਆ ਨਹੀਂ ਹੋ ਜਾਂਦਾ। ਪਰ ਕੀ ਕਦੀ ਇਹਨਾਂ ਜਥੇਬੰਦਕ ਤਾਕਤਾਂ ਨੇ ਸਾਂਝੇ ਫਰੰਟ ਤੇ ਇਕੱਠਾ ਹੋ ਕੇ ਕਾਮੇ ਦੀ ਮੁਕਤੀ ਅਥਵਾ ਸਮਾਜਿਕ ਇਨਸਾਫ ਲਈ ਆਵਾਜ ਬੁਲੰਦ ਕੀਤੀ ? ਕੀ ਕਦੀ ਇਹ ਰਾਜਨੀਤਕ ਅਗਾਂਹ ਵਧੂ ਪਾਰਟੀਆਂ ਜਾਤਪਾਤੀ ਕਲਚਰ ਦੇ ਨਾਲ ਨਾਲ ਬ੍ਰਾਹਮਣਵਾਦੀ ਸੋਚ ਨੂੰ ਉਲੰਘ ਸਕੀਆਂ ਨੇ ? ਕਦੀ ਵੀ ਨਹਾਂ। ਅੱਜ ਤੱਕ ਹਰ ਜਥੇਬੰਦੀ "ਵਿਸ਼ੇਸ਼ ਵਰਗ" ਦੀਆਂ ਵਿਸ਼ੇਸ਼ ਮੰਗਾਂ ਲਈ ਲੜੀ ਹੈ ਸਮੁਚਾ ਵਰਗ ਚੇਤ-ਨਤਾ ਅਥਵਾ ਸਮਾਜਿਕ ਚੇਤਨਤਾ ਲਈ ਨਹੀਂ। ਇਹ ਤੇ ਗਲਾਂ ਆਪਣੇ ਪੂਰਵਜਾਂ ਦੇ ਗਾਡੀ ਰਾਹਾਂ ਨੂੰ ਹੀ ਤਿਲਾਂਜਲੀ ਨਹੀਂ ਦੇ ਸਕੇ ! ਕੀ ਸਾਡੇ ਤੇ ਅੱਜ ਵੀ ਬ੍ਰਾਹਮਣਵਾਦੀ ਚੋਰ ਕਲਚਰ ਭਾਰੂ ਨਹੀਂ ?

ਮੈਂ ਏਸ ਗੁਲਾਮਦਾਰੀ ਦੌਰ ਵਿੱਚ ਭਾਂਵੇ ਖੇਤਾਂ 'ਚ ਕੰਮ ਕਰਦੇ ਸਾਂਝੀ ਜਾਂ ਸੀਰੀ ਜਿਹੜਾ ਕਿ ਸਰਮਾਇਦਾਰੀ ਕਿਸਾਨੀ ਦਾ ਪੁਸ਼ਤ-ਦਰ-ਪੁਸ਼ਤ ਗੁਲਾਮ ਚਲਿਆ ਆ ਰਿਹਾ, ਦਾ ਮੁੱਲ ਆਂਕਣ ਦੀ ਕੋਸ਼ਿਸ਼ ਕਰਾਗਾਂ। ਪਰ ਮਿਹ-ਨਤਕਸ਼ ਤਬਕਾ ਹਰ ਬੰਨੇ ਹਾਂ ਗੁਲਾਮ ਹੈ। ਜਿਸ ਵਿਅਕਤੀ ਨੂੰ ਆਪਣੀ ਇੱਛਾ ਦੇ ਵਿਰੁੱਧ, ਘੱਟ ਮਿਹਨਤਾਨੇ ਲਈ, ਕਿਸੇ ਹੋਰ ਦੀ ਬਿਹਤਰੀ ਲਈ ਸਿਰਤੋੜ ਕੰਮ ਕਰਨਾ ਪੈਂਦਾ ਹੈ, ਉਹ ਗੁਲਾਮ ਹੈ। ਕੀ ਕਿਸੇ ਰਈਸ ਖਾਨਦਾਨ ਦੇ ਬੇਟੇ ਨੂੰ ਖਿਡਾਉਣ ਲਈ ਇੱਕ ਬੱਚਾ ਗੁਲਾਮ ਨਹੀਂ ਜਿਹੜਾ ਆਪਣੇ ਬਚਪਨ ਦੀਆਂ ਰੀਝਾਂ ਨੂੰ ਕਤਲ ਕਰਕੇ ਗੋਰਾਂ ਦੇ ਬੱਚੇ ਨੂੰ ਪਾਲਦਾ ਹੈ। ਕੀ ਚੰਦ ਕੌਡਾਂ ਲਈ ਇੱਕ ਹੋਟਲ ਤੇ ਕੰਮ ਕਰਦਾ ਬਚਪਨ ਗੁਲਾਮ ਨਹੀਂ ? ਇੱਕ ਸਕੂਲ ਦੀ ਅਧਿਆਪਕ ਦਾ ਬੱਚਾ ਖਿਡਾਉਣ ਲਈ ਇੱਕ 40 ਰੁ: ਮਹੀਨੇ ਤੇ ਰਖਿਆ ਬੱਚਾ, ਪਹਿਲੇ ਬੱਚੇ ਦਾ ਗੁਲਾਮ ਨਹੀਂ ? ਕਿਧਰ ਗਿਆ ਉਸਦਾ ਬਚਪਨ ? ਕਿਧਰ ਗਈਆਂ ਉਸਦੀਆਂ ਕੁਆਰੀਆਂ ਰੀਝਾਂ ? ਕੀ ਉਹ ਪੜ੍ਹ ਲਿਖ ਕੇ ਅੱਗੇ ਨਹੀਂ ਵਧ ਸਕਦਾ ਹੈ ? ਪਰ ਕੀ ਇਹ ਗੁਲਾਮ ਦਾਰੀ ਦੌਰ ਉਸ ਨੂੰ ਅੱਗੇ ਵਧਣ ਦਏਗਾ।

ਇਸ ਤੱਥ ਬਾਰੇ ਕੋਈ ਦੋ ਰਾਵਾਂ ਨਹੀਂ, ਕਿ ਕਿਸਾਨ ਅਤੇ ਖੇਤ-ਮਜ਼ਦੂਰ ਇੱਕੋ ਸਿੱਕੇ ਦੇ ਦੋ ਪਾਸੇ ਹਨ। ਜੇਕਰ ਕੋਈ ਆਫ਼ਤ ਜਾਂ ਬਿਮਾਰੀ ਕਿਸਾਨੀ ਜ਼ਿੰਦਗੀ ਨੂੰ ਝਰੀਟਦੀ ਹੈ ਤਾਂ ਖੇਤ ਮਜ਼ਦੂਰ ਉਸ ਤੋਂ ਵੀ ਕਿਧਰੇ ਜ਼ਿਆਦਾ ਦਰਦ ਨਾਲ ਵਲੂੰਧਰਿਆ ਜਾਂਦਾ ਹੈ। ਕਾਮਾ ਤੇ ਕਿਸਾਨ ਇੱਕੋ ਮੰਜ਼ਿਲ ਦੇ ਰਾਹੀ ਹਨ। ਜੇਕਰ ਅਸੀਂ ਕਿਸਾਨੀ ਮਸਲਿਆਂ ਹੇਠ ਕੋਈ ਸੰਘਰਸ਼ ਕਰ ਰਹੇ ਹੋਵਾਂਗੇ ਤਾਂ ਇਹ ਸਹਿਜੇ ਹੀ ਕਾਮੇ ਨੂੰ ਪਛਾੜਨ ਦਾ ਇੱਕ ਕੋਝਾਂ ਤਰੀਕਾ ਹੈ ਜਿਹਾ ਕਿ ਵਿਦਵਾਨ ਲੇਖਕ ਨੇ ਆਪਣੇ ਲੇਖ 'ਅੰਨਦਾਤਾ ਕਿ ਭਿਖਾਰੀ' ਵਿੱਚ ਕੀਤਾ ਹੈ। ਉਂਝ ਵੀ ਅੱਜ ਕਲ੍ਹ ਕਿਸਾਨ ਜਥੇਬੰ-ਦੀਆਂ ਨਿਰੋਲ ਕਿਸਾਨੀ ਹਿਤਾਂ ਖਾਤਰ ਲੜ ਰਹੀਆਂ ਹਨ ਜਦੋਂ ਭਾਅ ਵਧਦੇ ਹਨ ਤਾਂ ਕੀ ਕਿਸਾਨ ਹੀ ਇਸ ਮਾਰ ਹੇਠ ਆਉਂਦਾ ਹੈ, ਖੇਤ ਮਜਦੂਰ ਨਹੀਂ; ਜਿਸ ਦੀ ਜ਼ਿੰਦਗੀ ਦਾ ਗੇੜਾ ਹੀ ਕਿਸਾਨ ਉਪਰ ਨਿਰਭਰ ਹੈ।

ਪਿੰਡਾਂ ਵਿੱਚ ਕਿਸਾਨਾਂ ਨਾਲ ਸਾਂਝੀ ਜਾਂ ਸੀਰੀ ਦੋ ਰੂਪ 'ਚ ਰਲਦੇ ਹਨ। ਇੱਕ ਤੇ ਹਿੱਸੇ ਪਤੀ ਦੇ ਰੂਪ ਵਿੱਚ। ਦੂਸਰੇ ਪਾਸੇ ਨੌਕਰੀ ਦੇ ਰੂਪ ਵਿੱਚ। ਨੌਕਰੀ ਵਿੱਚ ਤੇ ਖੇਤ ਮਜ਼ਦੂਰ ਸਾਰਾ ਸਾਲ ਕੰਮ ਨਾਲ, ਉੱਕੀ ਮੁੱਕੀ ਨੌਕਰੀ ਲੈ ਕੇ ਬਝਾ ਰਹਿੰਦਾ ਹੈ ਪਰ ਸਾਂਝ ਪੱਤੀ ਦੇ ਰੂਪ ਵਿਚ ਸਾਂਝੀ ਜਾਂ ਸੀਰੀ ਕਿਸਾਨ ਦੇ ਨਾਲ ਬਝਵੇਂ ਹਿੱਸੇ ਦੇ ਰੂਪ ਵਿੱਚ ਖੜਦਾ ਹੈ। ਹਿੱਸਾ ਪਿੰਡਾਂ ਦੀ ਰਵਾਇਤ ਮੁਤਾਬਿਕ ਦਸਵੇਂ ਹਿੱਸੇ ਤੋਂ ਲੈ ਕੇ ਵੀਹਵੇਂ ਹਿੱਸੇ ਤਕ ਮਹਿਦੂਦ ਹੁੰਦਾ ਹੈ ਮੇਰਾ ਕਹਿਣ ਤੋਂ ਭਾਵ ਸਾਂਝੀ ਮੁਕੰਮਲ ਰੂਪ ਵਿੱਚ ਤੇਲ, ਖਾਦ, ਬੀਜ, ਮਸ਼ੀਨਰੀ ਤੇ ਹੋਰ ਹੋਣ ਵਾਲੇ ਖਰਚਾਂ ਵਿੱਚ ਵੀ ਕਿਸਾਨ ਨਾਲ ਸਾਂਝੀਦਾਰ ਹੁੰਦਾ ਹੈ। ਤਾਂ ਕਿ ਜਦੋਂ ਤੇਲ ਦੇ ਰੇਟ ਵਧਦੇ ਹਣ, ਜਾਂ ਖਾਦ ਮਹਿੰਗੀ ਹੁੰਦੀ ਹੈ ਜਾਂ ਬੀਜ ਵਕਤ ਸਿਰ ਨਹੀਂ ਪ੍ਰਾਪਤ ਹੁੰਦੇ ਜਾਂ ਕੋਈ ਕੁਦਰਤੀ ਆਫ਼ਤ ਕਿਸਾਨੀ ਖੇਤ ਨੂੰ ਤਬਾਅ ਕਰਦੀ ਹੈ ਤਾਂ ਕੀ ਇਸ ਅੱਗ ਵਿੱਚ ਖੇਤ ਮਜ਼ਦੂਰ ਦਾ ਦੂਸਰਾ ਰੂਪਾਂ ਉਹ ਸਾਂਝੀ ਝੁਲਸਿਆ ਨਹੀਂ ਜਾਂਦਾ ? ਕੀ ਸਿਰਫ਼ ਇਸ ਮਾਰੂ ਰੋਗ ਦਾ ਅਸਰ ਸਿਰਫ਼ ਕਿਸਾਨ ਉਪਰ ਹੀ ਪੈਂਦਾ ਹੈ ?

ਉਂਝ ਤੇ ਅਸੀਂ ਸਾਰੇ ਇਸ ਗੱਲ ਤੋਂ ਭਲੀ ਪ੍ਰਕਾਰ ਵਾਕਫ਼ ਹਾਂ ਕਿ ਸਾਡੇ ਮੁਲਕ ਵਿਚ ਹੀ ਨਹੀਂ ਸਰਮਾਏਦਾਰੀ ਨਿਜ਼ਾਮ ਵਿਚ ਹਰ ਵੱਡੀ ਮੱਛੀ ਛੋਟੀ ਮੱਛੀ ਨੂੰ ਨਿਗਲਦੀ ਹੈ। ਏਸ ਲਿਹਾਜ ਨਾਲ ਕਿਸਾਨ ਵੀ ਇਸ ਲੁੱਟਮਾਰ ਹੇਠ ਜੀਵਨ ਜੀ ਰਿਹਾ ਹੈ, ਉਸ ਦੀ ਮਿਹਨਤ ਦਾ ਮੰਡੀ ਵਿਚ ਸਹੀ ਮੁੱਲ ਨਹੀਂ ਪੈਂਦਾ, ਮਹਿੰਗਾਈ ਨੇ ਉਸਦਾ ਲੱਕ ਤੋੜ ਦਿਤਾ ਹੈ, ਬੈਂਕਾਂ ਵਾਲੇ ਉਸ ਨੂੰ ਸ਼ਰੇਆਮ ਲੁਟ ਰਹੇ ਹਨ। ਪਰ ਉਹ ਆਪਣੇ ਤੋਂ ਹੇਠਲੇ ਵਰਗ ਨਾਲ ਕੀ ਸਲੂਕ ਕਰ ਰਿਹਾ ਹੈ ! ਇਹ ਗੱਲ ਭਰਵੀਂ ਵਿਚਾਰ ਦੀ ਮੰਗ ਕਰਦੀ ਹੈ ? ਚਾਹੀਦਾ ਤੇ ਇਹ ਹੈ ਕਿ ਕਾਮਾ ਤੇ ਕਿਸਾਨ ਇਕੱਠੇ ਹੋ ਕੇ ਇਸ ਗਲਤ ਕਿਸਮ ਦੇ ਸਿਸਟਮ ਵਿਰੁਧ ਆਵਾਜ਼ ਬੁਲੰਦ ਕਰਨ। ਪਰ ਹੁੰਦਾ ਇਉਂ ਨਹੀਂ। ਖੇਤ ਮਜ਼ਦੂਰ ਜਦੋਂ ਵਧ ਮਜ਼ਦੂਰੀ ਲਈ ਕਿਸਾਨ ਅਗੇ ਅਰਜ਼ ਕਰਦਾ ਹੈ ਤਾਂ ਉਸ ਦਾ ਬਾਈਕਾਟ ਕਰ ਦਿਤਾ ਜਾਂਦਾ ਹੈ, ਉਸਨੂੰ ਖੇਤਾਂ ਵਿਚ ਆਉਣ ਜਾਣ ਤੋਂ ਵਰਜਿਆ ਜਾਂਦਾ ਹੈ।

ਏਥੇ ਹੀ ਬਸ ਨਹੀਂ ਸਿੱਖੀ ਦੇ ਪਵਿਤਰ ਪਹਿਰਾਵੇ

ਹੇਠ ਪੰਜਾਬ ਦਾ ਕਿਸਾਨ ਖੇਤ ਮਜ਼ਦੂਰ ਨਾਲ ਜਿਸ ਦੁਜੈਲੇਪਣ ਦਾ ਵਿਵਹਾਰ ਕਰਦਾ ਹੈ ਉਹ ਵਾਕਈ ਨਫ਼ਰਤ ਦਾ ਲਖਾਇਕ ਹੈ। ਬ੍ਰਾਹਮਣਵਾਦੀ ਕਲਚਰ ਦਾ ਪਹਿਰਾਵਾ ਅੱਜ ਵੀ ਪਿੰਡਾਂ ਵਿਚ ਕਿਸਾਨੀ ਪਰਦੇ ਹੇਠ ਵੇਖਿਆ ਜਾ ਸਕਦਾ ਹੈ। ਸਿੱਖ ਰਹਿਤਾਂ ਮੁਤਾਬਿਕ ਚਲਣ ਵਾਲੇ ਕਿਸਾਨ ਅੱਜ ਵੀ ਨੀਵੀਂ ਜਾਤ ਦੇ ਕਾਮਿਆਂ ਅਥਵਾ ਸੀਰੀਆਂ ਸਾਂਝੀ ਨਾਲ ਜਿਸ ਤਰ੍ਹਾਂ ਜਾਤਪਾਤੀ ਵਰਤਾਰਾ ਕਰਦੇ ਹਨ ਉਹ ਸਿੱਖ ਧਰਮ ਦੀ ਤੌਹੀਨ ਤੋਂ ਵੱਧ ਕੁਝ ਨਹੀਂ। ਦੂਸਰੇ ਬੰਨੇ ਆਪਣੇ ਆਪ ਨੂੰ ਸਿੱਖ ਧਰਮ ਦੇ ਮੁਢਲੇ ਅਨੁਆਈਆਂ ਵਿਚ ਕਹਿਲਾਉਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ। ਕੀ ਇਹ ਸਾਡੀ ਸੌੜੀ ਸੋਚ ਦਾ ਲਖਾਇਕ ਨਹੀਂ ?

ਸਾਂਝੀ ਅਤੇ ਕਿਸਾਨ ਦਾ ਸੰਬੰਧ ਜੇਕਰ ਸੁਹਿਰਦਤਾ ਵਾਲਾ ਹੁੰਦਾ ਤਾਂ ਇਸ ਭਰਾਵਾਂ ਵਰਗੀ ਸੋਚ ਤੇ ਕਿੰਤੂ ਨਹੀਂ ਸੀ ਕੀਤਾ ਜਾ ਸਕਦਾ। ਸਾਂਝੀ ਲਈ ਕਿਸਾਨ ਹੀ ਰੱਬ ਹੁੰਦਾ ਹੈ। ਔਖ ਸੌਖ ਵੇਲੇ ਹਰ ਮੁਸ਼ਕਿਲ ਵਿਚ ਕਿਸਾਨ ਨੇ ਉਸਨੂੰ ਸਹਾਈ ਹੋਣਾ ਹੁੰਦਾ ਹੈ। ਇਸ ਅਹਿਸਾਨ ਹੇਠ, ਖੇਤ ਮਜ਼ਦੂਰ ਸਾਂਝੀ ਦੇ ਰੂਪ ਵਿਚ ਪੁਸਤੈਨੀ ਕਰਜ਼ੇ ਹੇਠ ਦਬਿਆ ਚਲਿਆ ਆ ਰਿਹਾ ਹੈ। ਕੀ ਕਾਰਣ ਹੈ ਕਿ ਸਾਂਝੀ ਉਮਰ ਭਰ ਖੇਤਾਂ ਵਿਚ ਕੰਮ ਕਰਦੇ ਰਹਿਣ ਦੇ ਬਾਵਜੂਦ ਵੀ ਕਰਜ਼ਾਈ ਰਹਿੰਦਾ ਹੈ ਪਰ ਦੂਸਰੇ ਬੰਨੇ ਕਿਸਾਨ ਏਨੀਆਂ ਸਰਕਾਰੀ ਆਫਤਾਂ ਕਾਰਨ ਵੀ ਅੱਗੇ ਵਧ ਰਿਹਾ ਹੈ। ਹਰ ਘਰ ਵਿਚ ਟੈਲੀਵੀਜ਼ਨ, ਸਕੂਟਰ, ਮੋਟਰ ਸਾਈਕਲ, ਟਰੈਕਟਰ ਤੇ ਹੋਰ ਲੋੜੀਂਦੀਆਂ ਐਸ਼ੋ ਇਸ਼ਰਤ ਦੀਆਂ ਵਸਤਾਂ ਕੀ ਕਿਸਾਨ ਦੇ ਘਟੀਆ ਜੀਵਨ-ਪ੍ਰਬੰਧ ਦੀਆਂ ਲਖਾਇਕ ਹਨ ਜਾਂ ਫਿਰ ਡਿਗਦੇ ਮਿਆਰ ਦਾ ਸੰਕੇਤ ਕਰਦੀਆਂ ਹਨ। ਦੂਸਰੇ ਪਾਸੇ ਇਕ ਖੇਤ ਮਜ਼ਦੂਰ ਸਾਰੀ ਸਾਰੀ ਉਮਰ ਖੇਤਾਂ 'ਚ ਕੰਮ ਕਰਦਾ ਮਰ ਜਾਂਦਾ ਹੈ ਪਰ ਉਸ ਕੋਲ ਚਾਰ ਘਣ ਵੀ ਪਕੇ ਨਹੀਂ ਪੈ ਸਕਦੇ। ਆਪਣੇ ਬੱਚਿਆਂ ਨੂੰ ਚਾਰ ਅੱਖਰ ਵੀ ਨਹੀਂ ਦੁਆ ਸਕਦਾ। ਪਰ ਕਿਸਾਨ ਦਾ ਪੁੱਤਰ ਆਹਲਾ ਕਾਲਜਾਂ ਦੇ ਹੋਸਟਲਾਂ ਵਿਚ ਸ਼ਰਾਬਾਂ ਦੀਆਂ ਬੋਤਲਾਂ ਉੜਾਉਂਦਾ ਹੋਇਆ ਨਜ਼ਰੀਂ ਪੈਂਦਾ ਹੈ।

ਅਜੋਕਾ ਕਿਸਾਨ 50% ਤੋਂ ਵਧੀਕ ਸਰਮਾਏਦਾਰੀ ਦਾ ਪੱਖ ਪੂਰਦਾ ਹੈ। ਉਹੋ ਹੀ ਸਰਮਾਏਦਾਰੀ ਨਿਜ਼ਾਮ ਦੇ ਗੁਣ ਉਸ ਵਿਚ ਦ੍ਰਿਸ਼ਟਮਾਨ ਹਨ। ਪੋਹ ਦੀਆਂ ਰਾਤਾਂ ਵਿਚ ਜਦੋਂ ਖੇਤ ਮਜ਼ਦੂਰ ਕਣਕਾਂ ਨੂੰ ਪਾਣੀ ਲਾਉਂਦਾ ਠੰਡ ਨਾਲ ਮਰ ਰਿਹਾ ਹੁੰਦਾ ਹੈ, ਉਦੋਂ 'ਅੰਨ-ਦਾਤਾ ਕਿ ਭਿਖਾਰੀ' ਦਾ ਮਹਾਨ ਜਰਨੈਲ ਆਪ ਹੀਟਰ ਨਾਲ ਗਰਮ ਕਮਰੇ ਦਾ ਨਿੱਘ ਮਾਣ ਰਿਹਾ ਹੁੰਦਾ ਹੈ। ਫਿਰ ਸਾਂਝੀ ਨੂੰ ਕਮੀਣ, ਚੂੜਾ, ਚਮਾਰ ਤੇ ਹੋਰ ਪਤਾ ਨਹੀਂ ਕਿੰਨੇ ਵਿਸ਼ੇਸ਼ਣ ਲਾ ਕੇ ਸੰਬੋਧਨ ਕਰਦਾ ਹੈ। ਸਾਂਝੀ ਪਸ਼ੂਆਂ ਦੀ ਧਾਰ ਕੱਢਦਾ ਹੈ, ਕੱਖ ਕੰਡਾ ਪਾਉਂਦਾ ਹੈ, ਪਾਣੀ ਪਿਆਉਂਦਾ ਹੈ, ਨਹਾਉਂਦਾ ਹੈ ਪਰ ਜਦੋਂ ਦੁੱਧ ਦੀ ਬਾਲਟੀ ਲੈ ਕੇ ਕਿਸਾਨੀ ਦਾਹਲੀਜ਼ ਟਪਦਾ ਹੈ ਤਾਂ ਜ਼ਾਤਪਾਤੀ ਸੁਰ ਹੁੰਗਾਰਾ ਭਰਨ ਲਗ ਜਾਂਦੀ ਹੈ। ਕਣਕ ਦੀ ਬਿਜਾਈ, ਕਟਾਈ ਤੇ ਪਿਸਾਈ ਤੋਂ ਲੈ ਕੇ ਸਭ ਕੰਮ ਕਾਮਾ ਕਰਦਾ ਹੈ ਪਰ ਜਦੋਂ ਆਟਾ ਗੁੰਨ ਕੇ ਰੋਟੀ ਬਣਦੀ ਹੈ ਤਾਂ ਰਸੋਈ ਕੋਲ ਬੈਠ ਕੇ ਰੋਟੀ ਖਾਣ ਨਾਲ ਜਾਂ ਫਿਰ ਅੱਜ ਦੇ ਕਿਸਾਨ ਦਾ ਕੋਈ ਭਾਂਡਾ ਚੁੱਕਣ ਨਾਲ, ਉਹ ਕਿਸਾਨ ਭਾਂਡੇ ਤੇ ਟੱਬਰ ਸਮੇਤ ਭਿੱਟਿਆ ਜਾਂਦਾ ਹੈ। ਇਹ ਹੈ 'ਅੰਨਦਾਤਾ ਕਿ ਭਿਖਾਰੀ' ਦੇ ਗਰੀਬ ਤੇ ਲੁੱਟੇ ਜਾਂਦੇ ਪਾਤਰ ਦਾ ਕਿਰਦਾਰ।

ਭਾਵੇਂ ਇਹ ਗੁਲਾਮਦਾਰੀ ਦੌਰ ਕਾਫੀ ਚਿਰ ਤੋਂ ਚਲਦਾ ਆ ਰਿਹਾ ਹੈ ਪਰ ਪੰਜਾਬੀ ਜੱਟ ਸਰਦਾਰਾਂ ਨੇ ਕਿਸਾਨੀ ਪਰਦੇ ਹੇਠ ਹਾਲਾਂ ਵੀ ਇਹ ਲੁੱਟ ਮਚਾਈ ਹੋਈ ਹੈ। ਇਹਨਾਂ ਜੱਟ ਕਿਸਾਨਾਂ ਨੂੰ ਜ਼ਮੀਨ ਦੀ ਮਾਲਕੀ ਦਾ ਕਾਫ਼ੀ ਅਭਿਮਾਨ ਹੈ। ਪਿੰਡਾਂ ਵਿਚ ਵਸਦੇ ਹੋਰ ਲੋਕਾਂ ਨੂੰ ਜਿਨ੍ਹਾਂ ਵਿਚ ਕਾਮਾ ਸ਼ਰੇਣੀ ਮੁੱਖ ਹੈ, ਇਹ ਲੋਕ ਜਟਕੀ ਹੈਂਕੜ ਵਿਚ ਨਫ਼ਰਤ ਕਰਦੇ ਹਨ। ਇਹਨਾਂ ਦੇ ਕਾਮੇ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ ਹਨ। ਇਹਨਾਂ ਖੇਤ ਮਜ਼ਦੂਰਾਂ ਦੀਆਂ ਘਰ-ਵਾਲੀਆਂ ਇਹਨਾਂ ਹੈਂਕੜਬਾਜ ਜੱਟਾਂ ਦਾ ਗੋਹਾ ਕੂੜਾ ਕਰਕੇ ਆਪਣਾ ਗੁਜ਼ਾਰਾ ਤੋਰਦੀਆਂ ਹਨ। ਖੇਤ ਮਜ਼ਦੂਰਾਂ ਦੇ ਬੱਚੇ ਹੋਸ਼ ਸੰਭਾਲ-ਦਿਆਂ ਹੀ ਜ਼ਿਮੀਦਾਰਾਂ ਦੇ ਡੰਗਰ ਚਾਰਨਾ ਸ਼ੁਰੂ ਕਰ ਦਿੰਦੇ ਹਨ। ਕੀ ਇਹ ਗੁਲਾਮਦਾਰੀ ਦੌਰ ਨਹੀਂ ਕਿ ਇਕ ਕਾਮੇ ਨੂੰ ਸਾਰੀ ਉਮਰ ਸਿਰ ਉਪਰ ਪਸ਼ੂਆਂ ਦਾ ਗੋਹਾ ਢੋਣਾ ਪਏ। ਜਿਸ ਦੇ ਬਦਲੇ ਉਸ ਨੂੰ ਦੋ ਰੋਟੀਆਂ ਤੇ ਫਟਿਆ ਪੁਰਾਣਾ ਕਪੜਾ ਨਸੀਬ ਹੋਵੇ। ਕੀ ਇਹ ਗੁਲਾਮਦਾਰੀ ਦੌਰ ਨਹੀਂ ਕਿ ਸਾਰੀ ਸਾਰੀ ਰਾਤ ਖੇਤਾਂ ਵਿਚ ਸੱਪਾਂ ਦੀਆਂ ਸਿਰੀਆਂ ਮਿੱਧਦਾ ਖੇਤ ਮਜ਼ਦੂਰ ਵੱਟ ਤੇ ਹੀ ਸੌਂ ਜਾਵੇ ਤੇ ਭਰ ਜ਼ਿੰਦਗੀ ਇਹਨਾਂ ਹੈਂਕੜਬਾਜ ਸਰਦਾਰਾਂ ਦੇ ਘਰਾਂ ਨੂੰ ਸੋਨਾ ਢੋ ਕੇ ਆਪ ਸਰਦ ਰਾਤਾਂ ਵਿਚ ਤਨ ਦੇ ਦੋ ਕਪੜਿਆਂ ਵਿਚ ਹੀ ਠਿਠੁਰਦਾ ਰਵੇ। ਦੋ ਖਣ ਰਹਿਣ ਲਈ ਵੀ ਨਾ ਬਣਾ ਸਕੇ। ਇਹ ਕਿਹਾ ਗਣਿਤ ਦਾ ਸੁਆਲ ਹੈ ਜਿਸ ਵਿਚ ਦੋ ਜਾਂ ਤਿੰਨ ਹਜ਼ਾਰ ਰੁਪਈਆ ਵਧਦਾ ਵਧਦਾ ਉਮਰ ਜਿੱਡਾ ਕਰਜ਼ ਬਣ ਜਾਂਦਾ ਹੈ। ਇਕ ਜ਼ਿੰਦਗੀ ਉਸ ਨੂੰ ਲਾਹੁੰਦਿਆਂ ਹੀ ਗੁਜ਼ਰ ਜਾਂਦੀ ਹੈ ਪਰ ਮੂਲ ਫਿਰ ਵੀ ਉਥੇ ਦਾ ਉਥੇ ਹੀ ਖੜਾ ਰਹਿੰਦਾ ਹੈ।

ਅੱਜ ਦਾ ਕਿਸਾਨ ਦਰ ਅਸਲ ਕਿਸਾਨ ਕਹਿਲਾ-

ਉਣ 'ਚ ਸ਼ਰਮ ਮਹਿਸੂਸ ਕਰਦਾ ਹੈ ਕਿਉਂਕਿ ਅੱਜ ਉਹ ਸਰਮਾਇਦਾਰੀ ਨਿਜ਼ਾਮ ਦੇ ਨਾਲ ਖੜਾ ਹੈ। ਜਦੋਂ ਇਹ 'ਭਿਖਾਰੀ ਕਿਸਾਨ' ਲੁਟਿਆ ਜਾ ਰਿਹਾ ਹੁੰਦਾ ਤਾਂ ਇੱਕ ਨਹੀਂ ਅਨੇਕਾਂ ਕਲਮਾਂ ਚਲਦੀਆਂ ਹਨ ਪਰ ਜਦੋਂ ਇਹੋ 'ਭਿਖਾਰੀ ਕਿਸਾਨ' ਜਿਸ ਦੀ ਲੁੱਟ ਹਰ ਇੱਕ ਦੇ ਨਜ਼ਰੀਂ ਨਹੀਂ ਪੈਂਦੀ, ਲੁਟ ਰਿਹਾ ਹੁੰਦਾ ਹੈ ਤਾਂ ਸਾਰੇ ਅੱਖਾਂ ਤੇ ਹੱਥ ਰੱਖ ਕੇ ਕਲਮਾਂ ਤੋੜ ਦਿੰਦੇ ਹਨ। ਭਾਵੇਂ ਇਹ ਪੁਆੜਾ ਸਾਡੇ "ਗਲਤ ਸਿਸਟਮ" ਦੀ ਦੇਣ ਹੈ ਜਿਸ ਨੇ ਜ਼ਮੀਨੀ ਅਧਿਕਾਰਾਂ ਨੂੰ ਸੀਮਤ ਕਰਕੇ ਅਸਲੀਅਤ ਤੇ ਪਰਦਾ ਪਾ ਦਿੱਤਾ ਹੈ। ਇਹੋ ਤੇ ਕਾਰਣ ਹੈ ਮਿਹਨਤਕਸ਼ ਗੁਲਾਮੀ ਦੀ ਜ਼ਿੰਦਗੀ ਜੀ ਰਹੇ ਹਨ ਤੇ ਵਿਹਲੜ ਆਯਾਸ਼ ਜ਼ਿੰਦਗੀ ਮਾਣ ਰਹੇ ਹਨ।

ਭਾਵੇਂ ਮੇਰੇ ਇਸ ਲੇਖ ਦੇ ਉਪਰ ਸਹਿਜੇ ਹੀ ਕਿੰਤੂ ਕੀਤਾ ਜਾ ਸਕਦਾ ਹੈ ਕਿ 'ਸਰਮਾਇਦਾਰ' ਕਿਸਾਨ ਬਹੁਤ ਘੱਟ ਹਨ ਪਰ ਜਾਗੀਰਦਾਰੀ ਰੌਅ ਮੁਕੰਮਲ ਜੱਟ ਦੀ ਜ਼ਿੰਦਗੀ ਦੇ ਆਰਪਾਰ ਫੈਲੀ ਹੋਈ ਹੈ। ਅੰਤ 'ਚ ਮੈਂ 'ਅਨਦਾਤਾ ਕਿ ਭਿਖਾਰੀ' ਦੇ ਕਰਤਾ ਨੂੰ ਕੁੱਝ ਸ਼ੰਕੇ ਨਵਿਰਤ ਕਰਨ ਦੀ ਬੇਨਤੀ ਕਰਦਾ ਹਾਂ। ਅੱਜ ਦਾ ਕਿਸਾਨ ਸਿਰਫ ਹੁਕਮ ਚਲਾਉਂਦਾ ਹੈ। ਸਕੂਟਰ ਤੇ ਸ਼ਹਿਰ ਜਾਂਦਾ ਹੈ। ਉਸ ਦੇ ਬੱਚੇ ਅੰਗਰੇਜ਼ੀ ਸਕੂਲਾਂ ਵਿੱਚ ਇਲਮ ਹਾਸਲ ਕਰਦੇ ਹਨ। ਜ਼ਿਹਨੀ ਆਯਾਸ਼ੀ ਹੇਠ ਕੰਮੀਣਾ ਕਾਂਦੂਆਂ ਦੀਆਂ ਧੀਆਂ ਭੈਣਾਂ ਦੀ ਇਤ ਨੂੰ 'ਮੁਫ਼ਤ ਦਾ ਮਾਲ' ਸਮਝਦਾ ਹੈ। ਮੁੰਡੇ ਦਾ ਵਿਆਹ ਕਰਨ ਸਮੇਂ ਮੋਟਰ-ਸਾਈਕਲ ਹੀ ਨਹੀਂ ਕਾਰ ਵੀ ਮੰਗਣ ਲੱਗ ਪਿਆ ਹੈ। ਧੀ ਨੂੰ ਤੋਰਨ ਸਮੇਂ ਟੈਲੀਵੀਜ਼ਨ ਆਮ ਹੀ ਦੇਣ ਲੱਗ ਪਿਆ। ਸਾਰਾ ਸਾਲ ਖੇਤ ਵਲ ਮੂੰਹ ਨਹੀਂ ਕਰਦਾ। ਭਾਈਏ ਆਉਂਦੇ ਹਨ, ਕਣਕ ਦੀ ਗੁਡਾਈ ਕਰ ਜਾਂਦੇ ਹਨ, ਖੇਤ ਮਜ਼ਦੂਰ ਸਾਂਝੀ ਦੇ ਰੂਪ 'ਚ ਵੱਟਾਂ ਨੂੰ ਸੁਆਰਦਾ ਪਾਣੀ 'ਚ ਖੁਰ ਜਾਂਦਾ ਹੈ, ਭਈਏ ਹੀ ਖਾ ਕੇ ਥਰੈਸਰ ਰਾਹੀਂ ਕਣਕ ਕੱਢ ਕੇ ਮੰਡੀ 'ਚ ਸੁੱਟ ਜਾਂਦੇ ਹਨ। ਕਿਸਾਨ ਜਾਂਦਾ ਹੈ, ਆੜ੍ਹਤੀਏ ਕੋਲੋਂ ਰੁਪਈਏ ਲੈ ਕੇ, ਆਪਣੇ ਜੱਟਪੁਣੇ ਦੀ ਹੈਂਕੜ ਵਿਚ ਇਕ ਗਿੱਠ ਹੋਰ ਉਚਾ ਹੋ ਜਾਂਦਾ ਹੈ। ਭਲਾ ਪ੍ਰੋ. ਸਾਹਿਬ ਮੇਰੀ ਦੁਬਿਧਾ ਦੂਰ ਕਰੋ ਕਿ ਇਹ ਕਿਹੜੇ ਅੰਨਦਾਤੇ ਦਾ ਕਿਰਦਾਰ ਹੈ? 1959-60 ਦੇ ਕਰੀਬ ਜੇਕਰ ਕਣਕ ਦਾ ਭਾਅ 33 ਰੁਪਏ ਸੀ ਪਰ ਚਾਹ ਪੱਤੀ ਛੇ ਰੁਪਏ ਕਿਲੋ ਸੀ। ਲੇਖਕ ਨੂੰ ਅਫਸੋਸ ਹੈ ਕਿ ਚਾਹ ਦਾ ਰੇਟ ਤਾਂ ਛੱਤੀ ਰੁਪਏ ਹੋ ਗਿਆ ਪਰ ਕਣਕ ਕਿਉਂ ਨਹੀਂ ਦੋ ਸੌ ਰੁਪਏ ਹੋ ਗਈ? ਪਿਆਰੇ ਲੇਖਕ ਜੀ ਕਣਕ ਦਾ ਭਾਅ ਭਾਵੇਂ ਨਹੀਂ ਵਧਿਆ ਪਰ ਉਪਜ ਵਿਚ ਵਾਧਾ ਜ਼ਰੂਰ ਹੋ ਗਿਆ ਹੈ। ਪ੍ਰਤੀ ਏਕੜ ਕਣਕ ਦੀ ਉਪਜ ਉਸ ਵਕਤ ਨਾਲੋਂ ਵਾਕਈ ਛੇ ਗੁਣਾਂ ਵਧ ਗਈ ਹੈ। ਚਲੋ ਜੇਕਰ ਮਹਿੰਗਾਈ ਨੇ ਕਿਸਾਨੀ ਜ਼ਿੰਦਗੀ ਤਬਾਹ ਕਰ ਹੀ ਦਿਤੀ ਹੈ ਤਾਂ ਭਲਾ ਦਸੋ ਕਿਸਾਨ ਅੱਜ ਵੀ ਕੱਚੇ ਕੋਠਿਆਂ 'ਚ ਰਹਿੰਦਾ ਹੈ ਜਾਂ ਆਲੀਸ਼ਾਨ ਕੋਠੀਆਂ 'ਚ?

ਕੁਲ ਮਿਲਾ ਕੇ ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਆਪਣੇ ਤੋਂ ਛੋਟੇ ਦੀ ਪਿੱਠ ਤੇ ਸਵਾਰ ਹੋ ਕੇ ਉਸਦਾ ਖੂਨ ਨਹੀਂ ਚੂਸਣਾ ਚਾਹੀਦਾ। ਲੋੜ ਤੇ ਲਾਮਬੰਦ ਹੋ ਕੇ ਇਸ ਵਰਤਮਾਨ ਸਿਸਟਮ ਦੇ ਖਿਲਾਫ਼ ਲੜਨ ਦੀ ਹੈ। ਵਿਅਕਤੀਵਾਦੀ ਗੁਲਾਮਪੁਣਾ ਸਾਡੀ ਨਕਾਰੀ ਸੋਚ ਦਾ ਸੂਚਕ ਹੈ।

## 8. ਟਰੋਂਟੋਂ ਤੋਂ ਇਕ ਚਿੱਠੀ

ਸਾਨੂੰ ਤੁਹਾਡਾ ਪੇਪਰ ਸਮਤਾ ਅਕਤੂਬਰ ਤੋਂ ਮਿਲਣਾ ਸ਼ੁਰੂ ਹੋਇਆ ਜਿਸ ਵਿਚੋਂ ਅਸੀਂ ਕਾਫੀ ਜਾਣਕਾਰੀ ਦੀ ਆਸ ਮਹਿਸੂਸ ਕੀਤੀ ਪੇਪਰ ਵਿਚਲੀਆਂ ਬਹਿਸਾਂ ਅਤੇ ਦਲੀਲਾਂ ਰਾਹੀਂ। ਅਸੀਂ ਦੇਸੋਂ ਹਜ਼ਾਰਾਂ ਦੂਰ ਹੋਣ ਤੇ ਵੀ ਦੇਸ਼ ਵਾਰੇ ਸੋਚਦੇ ਹਾਂ। ਬਾਹਰਲੇ ਦੇਸ਼ਾਂ 'ਚ ਵਸਦੇ ਹਿੰਦੋਸਤਾਨੀਆਂ ਦਾ ਸਬੰਧ ਕਾਫੀ ਹੱਦ ਤਕ ਆਪਣੇ ਵਤਨ ਨਾਲ ਜੁੜਿਆ ਹੋਇਆ ਹੈ ਜਿਵੇਂ ਇਕ 15 ਅਗਸਤ ਵਰਗੇ ਭੁਲੇਖਾ-ਪਾਊ ਦਿਨ ਮਨਾਉਂਦਾ ਹੈ ਅਤੇ ਦੂਸਰਾ ਵਿਰੋਧ ਕਰਦਾ ਹੈ। ਕੋਈ ਖਾਲਿਸਤਾਨ ਦੇ ਵਿਰੋਧ 'ਚ ਪ੍ਰਚਾਰ ਕਰਦਾ ਹੈ ਅਤੇ ਕੋਈ ਹੱਕ 'ਚ। ਤਾਹੀਉਂ ਤਾਂ 82 'ਚ ਕਨੇਡਾ ਵਿਚਲੇ ਭਾਰਤੀ ਹਾਈ-ਕਮਿਸ਼ਨਰ ਗੁਰਦਿਆਲ ਸਿੰਘ ਢਿਲੋਂ ਦੇ ਵੈਨਕੋਵਰ ਗੰਦੇ ਆਂਡੇ ਲਗੇ ਸਨ। ਟੋਰੰਟੋ 'ਚ ਵੀ 26 ਜਨਵਰੀ 82 ਦਾ ਦਿਨ ਮਨਾਉਣ ਲਗੇ ਢਿਲੋਂ ਨੂੰ ਪਤਾ ਨਹੀਂ ਲਗ ਰਿਹਾ ਸੀ ਕਿ ਮੈਂ ਕੀ ਬੋਲ ਰਿਹਾ ਹਾਂ। ਅਗਿਉਂ 19 ਜਨਵਰੀ 82 ਦੀ ਭਾਰਤ ਪੱਧਰ ਤੇ ਆਮ ਹੜਤਾਲ 'ਚ ਪੁਲੀਸ ਵਲੋਂ ਮਾਰੇ ਗਏ ਨਿਹੱਥੇ ਲੋਕਾਂ ਦੀ ਹਮਦਰਦੀ ਲਈ ਦੋ ਮਿੰਟ ਦਾ ਸ਼ੋਕ ਧਾਰਨ ਕੀਤਾ ਹੋਇਆ ਸੀ। ਨਵੰਬਰ 82 ਨੂੰ ਟਰੋਂਟੋ ਵਿਚਲੇ ਹਿੰਦੋਸਤਾਨੀ ਫਾਸ਼ੀ ਸਰਕਾਰ ਵਿਰੁਧ ਹੋ ਰਹੇ ਮੁਜਾਹਰੇ 'ਚ ਗੋਲੀ ਚਲਣੀ ਵੀ ਤਾਂ ਹਿੰਦੁਸਤਾਨੀ ਸਿਆਸਤ ਨਾਲ ਹੀ ਸਬੰਧਤ ਸੀ। ਇਸ ਲਈ ਅਸੀਂ ਪੰਜਾਬ ਦੇ ਸਾਰੇ ਲੋਕ-ਪੱਖੀ ਪਰਚੇ ਚਾਹੇ ਸਾਹਿਤਕ ਜਾਂ ਕਿਸੇ ਪਾਰਟੀ ਨਾਲ ਸਬੰਧਤ ਹੋਣ, ਬਿਨਾਂ ਕਿਸੇ ਵਿਤਕਰੇ ਦੇ ਕਹਿੰਦੇ ਹਾਂ ਕਿ ਸਾਨੂੰ ਭੇਜਣ। ਜਦੋਂ ਵੀ ਸਾਡਾ ਕੋਈ ਬੰਦਾ ਪੰਜਾਬ ਆਵੇਗਾ ਤਾਂ ਤੁਹਾਡਾ ਹਿਸਾਬ ਪੂਰਾ ਹੋ ਜਾਵੇਗਾ। ਸਾਡਾ ਪਤਾ ਸਮਤਾ ਕੋਲੋਂ ਲੈ ਲੈਣਾ।

ਖੈਰ ਮੈਂ ਸਮਤਾ ਨੂੰ ਦੇਖਦਾ ਹੋਇਆਂ ਲਿਖ ਰਿਹਾ ਹਾਂ—ਸਮਤਾ ਦਾ ਹਰ ਸੰਪਾਦਕੀ ਨੋਟ ਮਜ਼ਦੂਰ ਵਰਗ ਨਾਲ ਹਮਦਰਦੀ ਦਰਸਾਉਂਦਾ ਹੈ। ਹੋਰ ਵੀ ਬਹੁਤੀਆਂ ਲਿਖਤਾਂ ਦੇ ਸੁਝਾਅ ਸੋਚਾਂ ਨੂੰ ਕਾਫੀ ਡੂੰਘਿਆਈ ਤੱਕ ਪਹੁੰਚਦੇ ਹਨ। ਪਰ ਇਸ ਵਿਚਲੀਆਂ ਕਈ ਲਿਖਤਾਂ

ਸਾਡੇ ਲਈ ਕਾਫੀ ਮੁਸ਼ਕਲਾਂ ਪੈਦਾ ਕਰ ਰਹੀਆਂ ਹਨ । ਸੰਪਾਦਕ ਨੂੰ ਅਸੀਂ ਪਿਛਲੇ ਸਾਲ ਕਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਲੋਕਾਂ ਸਾਹਮਣੇ ਪੇਸ਼ ਕਰਕੇ ਬਹੁਤ ਸਾਰੇ ਲੋਕਾਂ ਦੇ ਭੁਲੇਖਿਆਂ ਨੂੰ ਦੂਰ ਕੀਤਾ ਅਤੇ ਕਾਫੀ ਹੱਦ ਤੱਕ ਮੌਕਾਪ੍ਰਸਤ ਅਤੇ ਗੁੰਮਰਾਹਕੁੰਨ ਅਨਸਰਾਂ ਦਾ ਥੱਲਾ ਲਾਇਆ। ਭਾਜੀ ਦੇ ਡਰਾਮਿਆਂ ਖਾਸ ਕਰਕੇ ਦਿੱਤੇ ਭਾਸ਼ਣਾਂ ਸਦਕਾ ਸਾਡੀ ਵੀ ਲੋਕਾਂ ਵਿਚ ਇੱਜ਼ਤ ਬਣੀ ਜਿਸ ਕਰਕੇ ਲੋਕਾਂ ਨੂੰ ਆਮ ਹੀ ਉਠ ਰਹੇ ਮਸਲਿਆਂ ਨੂੰ ਸਮਝਾਉਣ ਵਿਚ ਸਾਨੂੰ ਕਾਫੀ ਮਦਦਗਾਰ ਸਾਬਤ ਹੋਏ। ਭਾਜੀ ਦੇ ਨਾਂ ਤੇ ਹੀ ਫੁੱਲ ਚੜ੍ਹਾਉਣ ਵਾਲੇ ਜਿਹੜੇ ਕਿ ਅਜੇ ਸਿਆਸੀ ਤੌਰ ਤੇ ਹੰਢੇ ਹੋਏ ਨਹੀਂ ਹਨ ਸਮਤਾ ਦੀ ਇਕ-ਇਕ ਲਿਖਤ ਤੇ ਯਕੀਨ ਕਰ ਰਹੇ ਹਨ । ਇਸੇ ਤਰ੍ਹਾਂ ਅਸੀਂ ਸੰਤ ਰਾਮ ਉਦਾਸੀ ਨੂੰ ਵੀ ਲੋਕ-ਪੱਖੀ ਕਵੀ ਹੋਣ ਦੇ ਨਾਤੇ ਕਨੇਡਾ ਸੱਦਿਆ ਸੀ ਅਤੇ ਅਗੇ ਤੋਂ ਵੀ ਅਗਾਂਹਵਧੂ ਲੋਕਾਂ ਨੂੰ ਆਮ ਲੋਕਾਂ ਸਾਹਮਣੇ ਪੇਸ਼ ਕਰਨ ਲਈ ਸੋਚ ਰਹੇ ਹਾਂ ਤਾਂ ਕਿ ਭੋਲੇ ਭਾਲੇ ਲੋਕਾਂ ਦੀ ਲੋਕ ਪੱਖੀ ਲੋਕਾਂ ਪ੍ਰਤੀ ਹਮਦਰਦੀ ਕਰਵਾ ਸਕੀਏ ਤਾਂ ਜੋ ਕਿਸੇ ਵੇਲੇ ਮਦਦਗਾਰ ਸਾਬਤ ਹੋ ਸਕਣ । ਜੋ ਕੜ੍ਹੀ ਸੰਤ ਰਾਮ ਉਦਾਸੀ ਨੇ ਵਤਨੋਂ-ਦੂਰ ਵਿਚ ਘੋਲੀ ਸਾਨੂੰ ਉਸ ਨਾਲ ਬਹੁਤ ਦੁੱਖ ਲਗਿਆ ਕਿ ਜਿਹੜੇ ਲੋਕ ਉਦਾਸੀ ਨਾਲ ਹਮਦਰਦੀ ਰਖਦੇ ਹੋਣਗੇ ਉਹ ਕਿਸੇ ਵੇਲੇ ਵੀ ਉਦਾਸੀ ਦੇ ਖਤ ਦੀ 'ਸ਼ੇਖੀ' ਸਦਕਾ ਠੀਕ ਠਾਕ ਤੁਰੀ ਜਾਂਦੀ ਆਪਣੀ ਸੋਚ ਨੂੰ ਚੱਕਰ ਦੇ ਸਕਦੇ ਹਨ । ਉਦਾਸੀ ਨੇ ਤਾਂ ਸ਼ਾਇਦ ਗ਼ਲਤੀ ਮਹਿਸੂਸ ਕਰ ਲਈ ਹੋਵੇਗੀ ਪਰ ਜਿਨ੍ਹਾਂ ਤੇ ਇਸ 'ਅਗਾਂਹਵਧੂ' ਦੇਣ ਦਾ ਅਸਰ ਹੋਇਆ ਹੋਵੇਗਾ ਉਹ ਹੋਇਆ ਨੁਕਸਾਨ ਕੌਣ ਪੂਰਾ ਕਰੇਗਾ । ਅਸੀਂ ਉਮੀਦ ਰਖਦੇ ਹਾਂ ਕਿ ਹਰੇਕ ਅਗਾਂਹਵਧੂ ਪੇਪਰ ਹਰ ਤਰ੍ਹਾਂ ਦੀਆਂ ਲਿਖਤਾਂ 'ਚੋਂ ਨਿਕਲਣ ਵਾਲੇ ਸਿੱਟਿਆਂ ਨੂੰ ਜ਼ਰੂਰ ਧਿਆਨ ਰੱਖਣਗੇ ਨਹੀਂ ਤਾਂ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਜ਼ੁੰਮੇਵਾਰੀ ਪੇਪਰ ਦੀ ਵੀ ਹੋਵੇਗੀ ਜਿਸ ਨੇ ਕਿ ਅਜਿਹੀਆਂ ਲਿਖਤਾਂ ਨੂੰ ਲੋਕਾਂ ਤਾਈਂ ਪਹੁੰਚਾਇਆ ਹੋਵੇਗਾ । ਇਹ ਕੋਈ ਕਿਸੇ ਪਾਰਟੀ ਜਾਂ ਸੰਸਥਾ ਦਾ ਅੰਦਰੂਨੀ ਪਰਚਾ ਤਾਂ ਹੈ ਨਹੀਂ ਕਿ ਜਿਸ ਨਾਲ ਹੋਣ ਵਾਲੇ ਨੁਕਸਾਨ ਤੋਂ ਸੰਭਲਿਆ ਜਾਵੇਗਾ । ਇਹ ਤਾਂ ਸਾਰੇ ਲੋਕਾਂ 'ਚ ਜਾ ਰਿਹਾ ਹੁੰਦਾ ਹੈ ਅਤੇ ਉਹ ਵੀ ਤੁਹਾਡੇ ਅਗਾਂਹਵਧੂ ਨਾਂ ਥੱਲੇ । ਭਾਜੀ ਤੁਸੀਂ ਆਪਣੀ ਪ੍ਰਕਾਸ਼ਨ ਥੱਲੇ ਭਾਰਦਵਾਜ ਦੀ ਕਿਤਾਬ 'ਇਹ ਹੈ ਸਾਡਾ ਹਿਦੁਸਤਾਨ' ਛਾਪੀ ਹੈ ਅਤੇ ਇਸ ਸਮਾਜਵਾਦੀ ਨੂੰ ਆਰਥਕ ਮਦਦ ਪਹੁੰਚਾਉਣ ਲਈ ਤੁਸੀਂ ਆਪਣਾ ਐਡਰਸ ਦਿਤਾ ਹੈ। ਤੁਹਾਨੂੰ ਪਤਾ ਹੀ ਹੈ ਕਿ ਕਿਵੇਂ ਕਨੇਡਾ 'ਚ ਜਨੂੰਨੀਆਂ ਨੇ, ਤੁਹਾਨੂੰ ਵਰਤਣ ਦੀ ਕੋਸ਼ਿਸ਼ ਕੀਤੀ ਸੀ ਤਾਂ ਕਿ ਧਾਰਮਿਕ ਡਰਾਮਿਆਂ ਦੇ ਨਾਵਾਂ ਨੂੰ ਲੈਕੇ ਆਪਦੀ ਲੰਬੜਦਾਰੀ ਨੂੰ ਲੋਕਾਂ 'ਚ ਕਾਇਮ ਰਖਣ ਅਤੇ ਹਿੰਦੁਸਤਾਨ 'ਚੋਂ ਮਾਸੂਮ ਲੋਕਾਂ ਨੂੰ ਮਾਰਨ ਲਈ ਪਸਤੌਲ ਅਤੇ ਮੋਟਰਸਾਈਕਲਾਂ ਖਰੀਦਣ ਲਈ ਮਦਦ ਜਾਰੀ ਰਖਣ । ਭਾਜੀ ਤੁਹਾਡੇ ਇਸ ਸਮਾਜਵਾਦੀ ਲੇਖਕ ਦੇ ਲੇਖ "ਮਤਾ ਅਨੰਦਪੁਰ ਦਾ...?" ਨੂੰ ਕਨੇਡਾ ਦੇ ਇਸ ਵੇਲੇ ਦੇ ਸਭ ਤੋਂ ਜਨੂੰਨੀ ਪਰਚੇ ਖਾਸ ਜਗ੍ਹਾ ਦੇ ਰਹੇ ਹਨ । ਸਾਡੀ ਕੋਈ ਲਿਖਤ ਛਾਪ ਨਹੀਂ ਰਿਹਾ ਕਿਉਂਕਿ ਅਸੀਂ ਹਰੇਕ ਤਰ੍ਹਾਂ ਦੇ ਲੋਕ ਵਿਰੋਧੀ ਅਨਸਰ ਦੇ ਪਰਦੇ ਫਾਸ਼ ਕਰਦੇ ਹਾਂ ਇਸ ਭਾਰਦਵਾਜ ਨੇ ਤੁਹਾਡੇ ਰਾਹੀਂ ਸਾਡੀ ਵੀ ਰਾਤ ਬਣਾ ਰੱਖੀ ਹੈ। ਹੁਣੇ ਸਮਤਾ 'ਚ ਜਗਰੂਪ ਸਿੰਘ ਜਾਂ ਜਸਵੰਤ ਸਿੰਘ 'ਕੰਵਲ' ਬਿਗੈਰਾ ਦੀਆਂ ਛਪ ਰਹੀਆਂ ਲਿਖਤਾਂ ਦਾ ਅਸਰ ਜੋ ਸਿਆਸੀ ਤੌਰ ਤੇ ਅੱਧ-ਪੱਕੇ ਲੋਕਾਂ ਤੇ ਹੋ ਰਿਹਾ ਹੈ ਉਹ ਸਾਡੇ ਲਈ ਮੁਸ਼ਕਲਾਂ ਨਹੀਂ ਤਾਂ ਹੋਰ ਕੀ ਹੋਣਗੀਆਂ । ਜਦ ਸਭ ਨੂੰ ਪਤਾ ਹੈ ਕਿ ਜਸਵੰਤ ਕੰਵਲ ਨੇ ਸਦਾ ਹੀ ਆਮ ਲੋਕਾਂ ਨੂੰ ਕੁਰਾਹੇ ਪਾਉਣ ਦੀ ਹਰਕਤ ਕੀਤੀ ਹੈ ਤਾਂ ਅਜ ਤੁਸੀਂ ਉਸ ਦੇ ਖਤ ਸਮਤਾ 'ਚ ਛਾਪਕੇ ਮੱਲੋ-ਮੱਲੀ ਉਸ ਨੂੰ ਲੋਕ-ਪ੍ਰਿਆ ਕਰ ਰਹੇ ਹੋ ਤਾਂ ਕਿ ਉਸਦਾ ਭਿੰਡਰਾਂ ਵਾਲੇ ਲਈ ਆ ਰਿਹਾ ਨਾਵਲ ਫਿਰ ਲੱਖਾਂ ਰੁਪਏ ਵਟਾ ਸਕੇ । ਤੁਹਾਡਾ ਕੰਮ ਹੈ ਕਿ ਲੋਕ ਵਿਰੋਧੀ ਤਾਕਤਾਂ ਨੂੰ ਨੰਗਿਆਂ ਕਰਨਾਂ ਅਤੇ ਲੋਕ ਹਿਤੂ ਤਾਕਤਾਂ ਦਾ ਏਕਾ ਕਰਾਉਣ 'ਚ ਮਦਦ ਕਰਨੀ ਪਰ ਤੁਸੀਂ ਏਸ ਤਰ੍ਹਾਂ ਦੇ ਵਿਕੇ ਹੋਏ ਲੋਕਾਂ ਦਾ ਪ੍ਰਚਾਰ ਕਾਹਤੋਂ ਛਾਪ ਰਹੇ ਹੋ ? ਇਹ ਠੀਕ ਹੈ ਕਿ ਅਗਾਂਹ-ਵਧੂ ਗਰੁਪਾਂ ਜਾਂ ਪਾਰਟੀਆਂ 'ਚ ਵੀ ਗਲਤੀਆਂ ਹੋ ਰਹੀਆਂ ਹਨ ਪਰ ਉਹਨਾਂ ਦੀਆਂ ਗਲਤੀਆਂ ਨੂੰ ਠੀਕ ਕਰਨ ਲਈ ਸਿਆਣਪ ਨਾਲ ਵਧੀਆ ਤਰੀਕੇ ਦਸਣ ਦੀ ਜ਼ਰੂਰਤ ਹੈ ਜਿਸ ਤਰ੍ਹਾਂ ਤੁਹਾਡੇ ਸੰਪਾਦਕੀ ਨੋਟ ਖਾਸ ਕਰ ਫਰਵਰੀ ਦਾ ਪਰ ਜਗਰੂਪ ਸਿੰਘ ਵਰਗ ਖਤਰਨਾਕ ਬੰਦਿਆਂ ਦੇ ਲੇਖਾਂ ਚੋਂ ਤੁਸੀਂ ਕੀ ਕਢੋਗੇ । ਆਪਣਾ ਫਰਜ਼ ਹੈ ਕਿ ਜਿਸ ਪਾਰਟੀ ਜਾਂ ਵਿਅਕਤੀ ਤੋਂ ਮਹਿਨਤਕਸ਼ ਲੋਕਾਂ ਦੇ ਨੁਕਸਾਨ ਦਾ ਖਤਰਾ ਹੋਵੇ ਜਾਂ ਹੋ ਰਿਹਾ ਹੋਵੇ ਉਸ ਦੀਆਂ ਚਾਲਾਂ ਨੂੰ ਲੋਕਾ ਵਿਚ ਨੰਗਿਆ ਕਰਨਾ ਅਤੇ ਅਗਾਂਹ ਵਧੂ ਲਿਖਤਾਂ ਰਾਹੀਂ ਲੋਕਾਂ ਨੂੰ ਕਿਸੇ ਨਿਸ਼ਾਨੇ ਤੇ ਪਹੁੰਚਣ 'ਚ ਮਦਦ ਕਰਨੀ ਪਰ ਇਸ ਜਗਰੂਪ ਸਿੰਘ ਕੋਲੋਂ ਜਿਸ ਨੂੰ ਇਹ ਨਹੀਂ ਪਤਾ ਚਲ ਰਿਹਾ ਕਿ ਉਹ ਕਰ ਕੀ ਰਿਹਾ ਹੈ ਤੁਸੀਂ ਅਗਾਂਹ ਵਧੂ ਪਾਰਟੀਆਂ ਦੇ ਜੁੱਤੀਆਂ ਮਰਵਾ ਰਹੇ ਹੋ । ਹਰ ਸਮੇਂ ਪੁਲਸੀ ਸੰਗੀਨਾਂ ਅਗੇ ਖੇਡਦੇ ਲੋਕਾਂ ਉਤੇ ਜਗਰੂਪ ਉਂਗਲ ਉਠਾ ਰਿਹਾ ਹੈ ਪਰ ਸਮਤਾ ਅਕਤੂਬਰ 83 'ਚ ਕਮਲਜੀਤ ਖੰਨਾ ਨੇ ਕਿਹਾ ਸੀ ਕਿ ਲੋਕਾਂ 'ਚ ਕੰਮ ਕਰਨ ਸਮੇਂ ਆ ਰਹੀਆਂ ਮੁਸ਼ਕਲਾਂ ਨੂੰ ਕਿਵੇਂ ਹਲ ਕਰੀਏ ਪਰ ਉਸ ਬਾਬਤ ਕਿਸੇ ਨੇ ਕੁਝ ਨਹੀਂ

ਲਿਖਿਆ । ਇਸੇ ਤਰ੍ਹਾਂ ਮਾਰਚ-ਅਪਰੈਲ ਦੇ ਵਤਨੋਂ ਦੂਰ ਨੇ ਅਰਦਮਨ ਸਿੰਘ ਵਲੋਂ ਧਰਮ ਦੀ ਪ੍ਰਫੁਲਤਾ ਲਈ ਲਈ ਇਕ ਖਤਰਨਾਕ ਲੇਖ ਲਿਖਿਆ ਸੀ ਅਤੇ ਉਸ ਨੇ ਵੀ ਅਗਾਂਹ ਵਧੂ ਤਾਕਤਾਂ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ ਸੀ ਜਗਰੂਪ ਸਿੰਘ ਵਾਂਗ। ਜਦੋਂ ਵਤਨੋਂ-ਦੂਰ ਦੇ ਪ੍ਰਬੰਧਕੀ ਬੋਰਡ ਨੂੰ ਪੁਛਿਆ ਗਿਆ ਕਿ ਤੁਹਾਡੇ ਕੀ ਫਰਜ਼ ਹਨ ਤਾਂ ਆਪਣੇ ਆਪਨੂੰ ਠੀਕ ਦਸਣ ਲਈ ਉਨ੍ਹਾਂ ਹੋਰ ਵੀ ਗਲਤ ਤਰੀਕੇ ਵਰਤੇ । ਸਾਨੂੰ ਇਹ ਵੀ ਪਤਾ ਹੈ ਕਿ ਵਤਨੋਂ ਦੂਰ ਵਾਲੇ ਇਮਾਨਦਾਰ ਹਨ ਪਰ ਜੇਕਰ ਇਸ ਇਮਾਨਦਾਰੀ ਨਾਲ ਸਿਰਫ ਆਪਣੇ ਆਪ ਨੂੰ ਹੀ ਠੀਕ ਦੱਸਣ ਲਈ ਗਲਤ ਤੌਰ ਤੇ ਹੱਥ ਪੈਰ ਮਾਰੀ ਜਾਣ ਤਾਂ ਇਸ ਇਮਾਨਦਾਰੀ ਨੂੰ ਵੀ ਕੀ ਕਰਨਾ ਹੈ ? ਲੋੜ ਹੈ ਗੁੰਮ-ਰਾਹਕੁੰਨ ਲੋਕਾਂ ਤੋਂ ਆਮ ਲੋਕਾਂ ਨੂੰ ਬਚਾਉਣ ਦੀ, ਲੋੜ ਹੈ ਲੋਕਾਂ 'ਚ ਕੰਮ ਕਰ ਰਹੀਆਂ ਪਾਰਟੀਆਂ, ਜਥੇਬੰਦੀਆਂ ਦੀਆਂ ਏਕਤਾ ਨੂੰ ਪ੍ਰਖ ਕੇ ਆਪਣੇ ਪੇਪਰਾਂ ਰਾਹੀਂ ਵਧੀਆ ਸਲਾਹ ਦੇਣ ਦੀ । ਲੋੜ ਹੈ ਉਨ੍ਹਾਂ ਦੇ ਗਲਤ ਅਤੇ ਠੀਕ ਕੰਮਾਂ ਜਾਂ ਨੁਕਸਾਂ ਤੇ ਚਾਨਣਾ ਪਾਉਣ ਦੀ ਤਾਂਕਿ ਠੀਕ ਕੰਮ ਕਰਕੇ ਉਹਨਾਂ ਨੂੰ ਹੋਰ ਹੌਂਸਲਾ ਮਿਲੇ ਅਤੇ ਗਲਤੀਆਂ ਨੂੰ ਛਾਂਟਿਆ ਜਾਵੇ । ਜਿਹੜੇ ਲੋਕ ਦੂਸਰਿਆਂ ਨੂੰ ਵਰਤਣ ਦੀ ਕੋਸ਼ਿਸ਼ ਕਰ ਰਹੇ ਹਨ ਉਨ੍ਹਾਂ ਤੇ ਖੁਲ੍ਹ ਕੇ ਚਾਨਣਾ ਪਾਇਆ ਜਾਵੇ ਤਾਂਕਿ ਤੁਹਾਡੀਆਂ ਲਿਖਤਾਂ ਨੂੰ ਸਮਝ ਕੇ ਆਮ ਲੋਕ ਮੌਕਾਪ੍ਰਸਤਾਂ ਨੂੰ ਨੇੜੇ ਨਾਂ ਲਗਣ ਦੇਣ । ਜਿਸ ਦੁਆਰਾ ਆਉਣ ਵਾਲੇ ਸਮੇਂ 'ਚ ਕੋਈ ਵਧੀਆ ਏਕਾ ਸਥਾਪਿਤ ਕਰਕੇ ਸਾਂਝੇ ਦੁਸ਼ਮਣ ਦਾ ਟਾਕਰਾ ਕਰਕੇ ਉਸਨੂੰ ਪਛਾੜਿਆ ਜਾਵੇ । ਭਾਜੀ ਤੁਹਾਡੇ ਪੇਪਰਾਂ ਦੀ ਦੀ ਅਗਾਂਹ-ਵਧੂ ਪਾਰਟੀਆਂ ਅਤੇ ਜਥੇਬੰਦੀਆਂ ਨੂੰ ਬਹੁਤ ਜ਼ਰੂਰਤ ਹੈ ਉਮੀਦ ਹੈ ਕਿ ਤੁਸੀਂ ਜ਼ਰੂਰ ਧਿਆਨ ਦੇਵੋਗੇ ।

ਦੀਪ ਸਿੰਘ ਬੇਪਾਰਾਏ (ਕਨੇਡਾ)

## 9. ਫਿਰਕਾਪ੍ਰਸਤੀ ਤੇ ਫਿਰਕੂ ਫ਼ਸਾਦਾਂ ਦੀ ਜੜ੍ਹ ਤੇ ਟਿੱਪਣੀ

ਅਪ੍ਰੈਲ, 84 ਦੀ ਸਮਤਾ ਦੇ ਪਾਠਕ-ਲੇਖਕ-ਫੋਰਮ ਵਿਚ ਸਾਥੀ ਦੇਵਾ ਸਿੰਘ ਮਾਹਲਾਂ ਨੇ ਪੰਜਾਬ ਦੇ ਫਿਰਕੂ ਮਹੌਲ ਤੇ ਅਕਾਲੀ ਮੋਰਚੇ ਸਬੰਧੀ ਆਪ ਦੇ ਵਿਚਾਰ ਪ੍ਰਗਟ ਕੀਤੇ ਹਨ । ਜਿਹੜੇ ਕਿ ਅਸਲੀਅਤ ਤੋਂ ਕਾਫੀ ਦੂਰ ਹਨ । ਸਾਥੀ ਨੇ 1947 ਦੇ ਫਿਰਕੂ ਦੰਗਿਆਂ ਬਾਰੇ ਲਿਖਿਆ ਹੈ ਕਿ ਜੇਕਰ ਉਸ ਸਮੇਂ ਦੇ ਦੋਸ਼ੀ ਆਦਮੀਆਂ ਨੂੰ ਸਜ਼ਾ ਮਿਲੀ ਹੁੰਦੀ ਤਾਂ ਅੱਜ ਫਿਰਕੂ ਹਨੇਰੀ ਨਾ ਝੁਲਦੀ । ਸਾਥੀ ਜੀ ਭਾਰਤ-ਪਾਕਿ ਵੰਡ ਦੇ ਜ਼ਿੰਮੇਵਾਰ ਤਾਂ ਗਾਂਧੀ-ਜਿਨਾਹ ਤੇ ਨਹਿਰੂ ਵਰਗੇ ਹੀ ਸਨ । ਜਿੰਨਾਂ ਅੱਜ ਦੇ ਸਿਆਸਤ-ਦਾਨਾਂ ਵਾਂਗ ਕੁਰਸੀ ਦੀ ਵੰਡ ਵਿੱਚ ਹਜ਼ਾਰਾਂ ਲੋਕਾਂ ਦਾ ਖੂਨ ਨਜਾਇਜ ਬਹਾਇਆ । ਸਾਥੀ ਇਹਨਾਂ ਨੂੰ ਸਜ਼ਾਵਾਂ ਤਾ ਲੋਕ-ਪੱਖੀ ਰਾਜ ਵਿਚ ਹੀ ਦਿੱਤੀਆਂ ਜਾਣਗੀਆਂ। ਹੁਣ ਤਾਂ ਸਿਰਫ ਇਹਨਾਂ ਦੀਆਂ ਚਾਲਾਂ ਤੋਂ ਬਚਣ ਲਈ ਹੀ ਲਕਾਂ ਨੂੰ ਚੇਤੰਨ ਕਰਨਾ ਹੈ। ਜਿਥੋਂ ਤੱਕ ਫਿਰਕੂ ਜ਼ਹਿਰ ਦੀ ਗੱਲ ਹੈ । ਅਜਿਹੀਆਂ ਲਹਿਰਾਂ ਘੱਟ ਜਾਂ ਵੱਧ ਰੂਪ ਵਿਚ ਉਦੋਂ ਤੱਕ ਚਲਦੀਆਂ ਰਹਿਣਗੀਆਂ ਜਦੋਂ ਤੱਕ ਮੌਜੂਦਾ ਲੋਕ-ਦੋਖੀ ਨਿਜ਼ਾਮ ਤਬਾਹ ਕਰਕੇ ਸਮਾਜਕ ਖੁਸ਼ਹਾਲੀ ਵਾਲਾ ਮਿਹਨਤਕਸ਼ ਲੋਕਾਂ ਦਾ ਰਾਜ ਨਹੀਂ ਸਿਰਜਿਆ ਜਾਂਦਾ । ਲਿਖਤ ਵਿਚ ਸਾਥੀ ਨੇ ਮੌਜੂਦਾ ਫਿਰਕੂ ਮਹੌਲ ਦੀ ਜ਼ੁਮੇਂਵਾਰੀ ਸਿਰਫ ਕੇਂਦਰ ਸਰਕਾਰ ਹੀ ਬਿਆਨ ਕੀਤੀ ਹੈ। ਜਦੋਂ ਕਿ ਅਕਾਲੀ ਵੀ ਬਰਾਬਰ ਦੇ ਜ਼ੁਮੇਵਾਰ ਹਨ । ਕਿਉਂਕਿ ਇਹ ਜਨੂੰਨੀਆਂ ਨੂੰ ਧਾਰਮਿਕ ਅਸਥਾਨਾਂ ਤੇ ਪਨਾਹ ਦਿੰਦੇ ਹਨ । ਸਾਥੀ ਨੇ ਅੱਗੇ ਕਿਹਾ ਕਿ ਜਿਹੜੇ ਲੋਕ ਅਕਾਲੀ ਮੋਰਚੇ ਦੀ ਅਲੋਚਨਾ ਕਰਦੇ ਹਨ । ਉਹ ਸਰਕਾਰ ਦੇ ਏਜੰਟ ਹਨ। ਸਾਥੀ ਜੀ ਸਮੇਂ ਦਾ ਸੱਚ ਕਹਿਣ ਵਾਲਿਆਂ ਤੇ ਔਖੇ ਵੇਲੇ ਲੋਕਾਂ ਦੀ ਬਾਂਹ ਫੜਨ ਵਾਲਿਆਂ ਨੂੰ ਸਰਮਾਏਦਾਰਾਂ ਸਿਆਸਤਦਾਨਾਂ ਤੇ ਉਸ ਦੇ ਜੋਟੀਦਾਰਾਂ ਨੇ ਹਮੇਸ਼ਾਂ ਗਲਤ ਸਮਝਿਆ ਹੈ । ਇਹ ਉਹਨਾਂ ਦੀ ਲੋੜ ਹੈ । ਸਾਥੀ ਜੀ ਜਿੰਨਾਂ ਅਕਾਲੀਆਂ ਦੀ ਤੁਸੀਂ ਵਕਾਲਤ ਕਰ ਰਹੇ ਹੋ ਇਹ ਕੌਣ ਹਨ ? ਜ਼ਰਾ ਝਾਤੀ ਮਾਰੋ ।

1. ਇਹ ਉਹ ਅਕਾਲੀ ਹਨ ਜਿੰਨਾਂ ਲੋਕ-ਮੁਕਤੀ ਲਈ ਜੂਝ ਰਹੇ ਨੌਜੁਆਨਾਂ ਨੂੰ ਝੂਠੇ ਪੁਲਸ ਮੁਕਾਬਲਿਆਂ ਵਿਚ ਮਾਰਿਆ (ਨਕਸਲੀ ਨੌਜੁਆਨ)
2. ਇਹ ਉਹ ਅਕਾਲੀ ਹਨ ਜਿਨ੍ਹਾਂ ਵਿਦਿਆਰਥੀ ਆਗੂ ਰੰਧਾਵਾ ਨੂੰ ਕਤਲ ਕਰਵਾ ਕੇ ਕਾਤਲਾਂ ਨੂੰ ਆਪਣੇ ਘਰਾਂ ਵਿਚ ਪਨਾਹ ਦਿੱਤੀ ।
3. ਇਹ ਉਹੀ ਅਕਾਲੀ ਹਨ ਜਿਨ੍ਹਾਂ ਜਲ੍ਹਿਆਂ ਵਾਲੇ ਬਾਗ਼ ਦੇ ਖੂਨੀ ਕਾਂਡ ਦੇ ਦੋਸ਼ੀ ਓਡਵਾਇਰ ਨੂੰ ਸਰੋਪੇ ਭੇਂਟ ਕੀਤੇ ਸਨ ।
4. ਜਿਨ੍ਹਾਂ ਦੀਆਂ ਧਾਰਮਿਕ ਸਟੇਜਾਂ ਤੋਂ 5000 (ਹਿੰਦੂਆਂ) ਨੂੰ ਕਤਲ ਕਰਨ ਦੇ ਐਲਾਨ ਕੀਤੇ ਜਾਂਦੇ ਹਨ ।
5. ਇਹ ਉਹ ਅਕਾਲੀ ਹਨ ਜਿਨ੍ਹਾਂ ਬੱਬਰ ਅਕਾਲੀਆਂ (ਅਜ਼ਾਦੀ ਘੁਲਾਟੀਏ) ਦੇ ਖਿਲਾਫ ਮਤੇ ਪਾਸ ਕੀਤੇ ਸਨ ।
6. ਅਕਾਲੀਆਂ ਦੇ ਚੋਟੀ ਦੇ ਲੀਡਰ ਹੀ ਹਨ ਜਿਹੜੇ ਖਾਲਿਸਤਾਨ ਦੀ ਸ਼ਰੇਆਮ ਹਮਾਇਤ ਕਰ ਰਹੇ ਹਨ । (ਸੁਖਜਿੰਦਰ ਸਿੰਘ, ਭਿੰਡਰਾਂਵਾਲਾ)
7. ਇਹ ਅਕਾਲੀਆਂ ਦਾ ਰਾਜ ਹੀ ਸੀ ਜਦੋਂ ਨਰਮਾ 250 ਰੁ: ਵਿਕਿਆ ਜਦੋਂ ਕਿ ਕੇਂਦਰ ਵਿਚ ਅਕਾਲੀ ਆਗੂ ਖੇਤੀਬਾੜੀ ਮੰਤਰੀ ਸੀ । (ਹੁਣ ਜਿਹੜੇ ਜੱਟ ਦੇਾਂ

ਹਿੱਤੂ ਹੋਣ ਦਾ ਪੇਖਣ ਕਰ ਰਹੇ ਹਨ)

8. ਇਹ ਅਕਾਲੀ ਹੀ ਸਨ। ਜਿਨ੍ਹਾਂ ਬਸ ਕਰਾਇਆ ਅੰਦੋਲਨ ਨੂੰ ਬਿਨਾਂ ਕਿਸੇ ਮੰਗ ਮਨਵਾਇਆ। ਲੋਕਾਂ ਨਾਲ ਗਦਾਰੀ ਕਰਕੇ ਨਾਟਕੀ ਢੰਗ ਵਾਪਸ ਲੈ ਲਿਆ ਸੀ। ਕੀ ਉਦੋਂ ਇਹਨਾਂ ਦੀ ਤਾਕਤ ਘੱਟ ਸੀ ?

9. ਇਹ ਅਕਾਲੀ ਆਗੂ ਹੀ ਹਨ ਜਾਂ ਮੋਰਚੇ ਦੇ ਪ੍ਰਮੁਖ ਆਗੂ ਹੀ ਹਨ। ਜਿਹੜੇ ਕਾਤਲਾਂ ਨੂੰ ਸਰੇਆਮ ਜੀ ਆਇਆਂ ਕਹਿੰਦੇ ਹਨ ਤੇ ਸੋਨੇ ਨਾਲ ਤੋਲਣ ਦੇ ਐਲਾਨ ਕਰਦੇ ਹਨ। (ਲਾਲਾ ਦੇ ਕਾਤਲ ਤੇ ਨਿਰੰਕਾਰੀ ਮੁਖ ਦੇ ਕਾਤਲ)

ਸਾਥੀ ਨੇ ਆਪਣੀ ਲਿਖਤ ਵਿਚ ਕਮਿਊਨਿਸਟ ਇਨਕਲਾਬੀ ਲੋਕਾਂ ਨੂੰ ਤਲਵੰਡੀ ਦੇ ਉਸ ਬਿਆਨ ਦੀ ਹਮਾਇਤ ਕਰਨ ਦਾ ਸੁਝਾਅ ਦਿੱਤਾ ਹੈ ਜਿਸ ਵਿਚ ਅਕਾਲੀ ਆਗੂ ਨੇ ਬਰਾਬਰ ਦੀ ਸਰਕਾਰ ਬਣਾਉਣ ਤੇ ਟੈਕਸ ਆਪ ਉਗਰਾਹੁਣ ਦੀ ਲਾਈਨ ਦਿੱਤੀ ਸੀ। ਸਾਥੀ ਜੀ ਕਿਸੇ ਵੀ ਪਾਰਟੀ ਦੇ ਅੰਦੋਲਨ ਦੀ ਹਮਾਇਤ ਕਰਨ ਤੋਂ ਪਹਿਲਾਂ ਉਸ ਪਾਰਟੀ ਦਾ ਜਮਾਤੀ ਖਾਸਾ ਕੀ ਹੈ ? ਅੰਦੋਲਨ ਦਾ ਅਧਾਰ ਕੀ ? ਇਸ ਬਾਰੇ ਘੋਖ ਕਰਨੀ ਜ਼ਰੂਰੀ ਹੈ। ਪਰ ਇਸ ਕੁਰਸੀ ਯੁੱਧ ਦੀ ਜਿਹੜਾ ਨਿਰੋਲ ਫਿਰਕੂ ਲੀਹਾਂ ਤੇ ਜਾ ਖੜਾ ਹੋਇਆ ਹੈ ਕਮਿਊਨਿਸਟ ਇਨਕਲਾਬੀ ਕਦਾਚਿਤ ਇਸ ਦੀ ਹਮਾਇਤ ਨਹੀਂ ਕਰਨਗੇ। ਕਿਉਂ ਕਿ ਇਸ ਪਾਰਟੀ ਦਾ ਜਮਾਤੀ ਖਾਸਾ ਵੀ ਬਾਕੀ ਵੋਟ-ਵਟੋਰੂ ਪਾਰਟੀਆਂ ਵਾਲਾ ਹੀ ਹੈ। ਸਿਰਫ ਲੁਟ ਦਾ ਮਾਲ ਵੰਡਣ ਵਾਲੀਆਂ ਧਿਰਾਂ ਇਸ ਮੋਰਚੇ ਦੀ ਸਿਧੀ ਅਸਿਧੀ ਹਮਾਇਤ ਕਰ ਸਕਦੀਆਂ ਹਨ ਤੇ ਕਰ ਵੀ ਰਹੀਆਂ ਹਨ। ਜਿਥੋਂ ਤੱਕ 'ਕੰਵਲ' ਦੀ ਨੁਕਤਾਚੀਨੀ ਦਾ ਸਵਾਲ ਹੈ। ਸਾਥੀ ਜੀ ਹਰ ਉਹ ਸਿਧਾਂਤ ਜਾਂ ਲਿਖਤ ਜਿਹੜੀ ਲੋਕ ਵਿਰੋਧੀ ਹੋਵੇ ਜਾਂ ਮਾਰਕਸੀ ਸਾਇੰਸ ਤੇ ਪੂਰੀ ਨਾ ਉਤਰਦੀ ਹੋਵੇ ਉਸ ਦੀ ਅਲੋਚਨਾ ਹੁੰਦੀ ਹੀ ਰਹੇਗੀ। 'ਕੰਵਲ' ਵਰਗੇ ਮੌਕਾਪ੍ਰਸਤ ਲੋਕ ਜੋ ਹਮੇਸ਼ਾਂ ਚੜ੍ਹਦੇ ਸੂਰਜ ਨੂੰ ਹੀ ਸਲਾਮਾਂ ਕਰਦੇ ਹਨ। ਜਦੋਂ ਛਿਪਦਾ ਹੈ ਪਿਠ ਕਰਕੇ ਖਲੋ ਜਾਂਦੇ ਹਨ ਜਿਵੇਂ ਇਸ ਸੂਰਜ ਨੇ ਮੁੜਕੇ ਚੜ੍ਹਨਾ ਨਹੀਂ ਹੁੰਦਾ। ਪਰ ਅੱਜ ਜਦੋਂ ਕਿ ਪੰਜਾਬ ਨੂੰ ਅੱਗ ਲੱਗੀ ਹੋਈ ਹੈ, ਨਿਰਦੋਸ਼ ਲੋਕਾਂ ਦਾ ਖੂਨ ਅਜਾਈ ਡੋਲ੍ਹਿਆ ਜਾ ਰਿਹਾ ਹੈ ਤਾਂ ਕੰਵਲ ਹੁਰਾਂ ਨੇ ਮੋਨ ਧਾਰਨ ਕੀਤਾ ਹੋਇਆ ਸ਼ਾਇਦ 'ਸੰਤਾਂ' ਨਾਲ ਲਿਵ ਲੱਗੀ ਹੋਈ ਐ।

**ਸੁਖਦੇਵ ਸਿੰਘ ਮਾਹੀ**

## 10. ਕੌਮੀ ਮੁਕਤੀ ਘੋਲਾਂ ਦੀ ਹਮਾਇਤ ਬਾਰੇ

ਜਗਰੂਪ ਸਿੰਘ ਫਰਵਰੀ ਅੰਕ ਵਿਚ ਸਭ ਰੰਗਾਂ ਦੇ ਕਾਮਰੇਡਾਂ ਨੂੰ ਸਿਕਮ ਦੀ ਹਮਾਇਤ ਨਾ ਕਰਨ ਬਾਰੇ ਤਾਅਨਾ ਦਿੰਦੇ। ਮੈਂ ਜਗਰੂਪ ਸਿੰਘ ਹੋਰਾਂ ਨੂੰ ਰਾਇ ਦਿਆਂਗੀ ਕਿ ਉਹ ਸਭ ਰੰਗਾਂ ਨੂੰ ਸੱਥ ਵਿਚ ਜ਼ਰੂਰ ਘਤੀਸਣ ਪਰ ਦੇਖਣ ਸਾਫ ਰੰਗ ਦੀਆਂ ਐਨਕਾਂ ਨਾਲ ਹੀ। ਉਹ ਏਸ ਦਸ ਵੇਰ ਪੜ੍ਹਨ ਦੀ ਸਲਾਹ ਦਿੰਦਿਆਂ ਆਪ ਜ਼ਰੂਰ ਠੋਸ ਜਾਣਕਾਰੀ ਦੇ ਆਧਾਰ ਤੇ ਹੀ ਗੱਲ ਕਰਨ। ਉਹਨਾਂ ਦੀ ਜਾਣਕਾਰੀ ਲਈ ਸਮੇਂ ਸਮੇਂ ਸਿਰ ਕੁਝ ਧਿਰਾਂ ਵਲੋਂ ਕੌਮੀ ਮੁਕਤੀ ਘੋਲਾਂ ਦੀ ਹਮਾਇਤ ਵਿਚ ਕਢੇ ਗਏ ਲੀਫਲੈਟ ਵਿਸ਼ੇਸ਼ ਅੰਕ ਅਤੇ ਲੇਖਾਂ ਦੇ ਸਿਰਲੇਖ ਭੇਜ ਰਹੀ ਹਾਂ, ਸ਼ਾਇਦ ਉਹ ਆਪਣੀ ਪੱਕੀ ਬਣੀ ਰਾਇ ਤੇ ਮੁੜ ਵਿਚਾਰ ਕਰ ਸਕਣ।

1. ਅਜ ਤੋਂ ਕਾਫੀ ਸਮਾਂ ਪਹਿਲਾਂ ਮੁਕਤੀ ਪ੍ਰਕਾਸ਼ਨ ਰਾਮ ਪੁਰਾ ਫੂਲ ਵਲੋਂ ਮਿਤੀ 15. 4. 75 ਨੂੰ 'ਸਿਕੱਮ ਭਾਰਤ ਦੀ ਪਸਾਰਵਾਦੀ ਹਵਸ ਦਾ ਸ਼ਿਕਾਰ'' ਕਿਤਾਬਚਾ ਛਾਪ ਕੇ ਵੱਡੀ ਪੱਧਰ ਤੇ ਵੰਡਿਆ ਗਿਆ ਸੀ—ਭਲਾ ਜੇ ਅੱਜ ਸਿਕੱਮ ਵਿਚ ਭਾਰਤੀ ਫੌਜਾਂ ਦੇ ਵਿਰੁੱਧ ਉੱਥੇ ਲੋਕਲ ਪੱਧਰ ਤੇ ਕੋਈ ਸੰਘਰਸ਼ ਨਹੀਂ ਚੱਲ ਰਿਹਾ ਤਾਂ ਬਾਹਰੋਂ ਬੈਠੀ ਕੋਈ ਪਾਰਟੀ ਭਲਾ ਸਿਕੱਮ ਨੂੰ 'ਇਨਕਲਾਬ ਬਰਾਮਦ ਕਰ ਸਕਦੀ ਹੈ ?'

2. ਏਸ ਤੋਂ ਅੱਗੇ ਕੌਮੀ ਮੁਕਤੀ ਲਹਿਰਾਂ ਦੀ ਹਮਾਇਤ ਵਿਚ 'ਜ਼ਫਰਨਾਮਾ ਅਗਸਤ 82 ਦਾ ਸਾਰਾ ਅੰਕ ਹੀ ਵਿਸ਼ੇਸ਼ ਅੰਕ ਨਿਕਲਿਆ ਸੀ ਜਿਸ ਵਿਚ ਏਸ਼ੀਆ, ਅਫਰੀਕਾ ਅਤੇ ਲਤੀਨੀ ਅਮਰੀਕਾ ਦੇ ਸਾਰੇ ਦੇਸ਼ਾਂ ਵਿਚ ਚੱਲ ਰਹੀਆਂ ਕੌਮੀ ਮੁਕਤੀ ਲਹਿਰਾਂ ਬਾਰੇ ਡੀਟੇਲਜ਼ ਅਤੇ ਹਮਾਇਤ ਸੀ। ਏਸ ਤੋਂ ਬਿਨਾਂ ਕਈ ਪਰਚੇ ਸਮੇਂ ਸਮੇਂ ਸਿਰ ਕੌਮੀ ਲਹਿਰਾਂ ਦੀ ਹਮਾਇਤ ਵਿਚ ਸੰਪਾਦਕੀਆਂ ਤੇ ਲੇਖ ਲਿਖਦੇ ਰਹੇ ਹਨ ਜਿਵੇਂ —

1. ''ਸ੍ਰੀ ਲੰਕਾ ਤੋਂ ਹੱਥ ਪਰ੍ਹਾਂ ਰਖੋ''
ਜ਼ਫਰਨਾਮਾ ਸਤੰਬਰ 83,

2. ''ਜਨਰਲ ਜ਼ਿਆ ਦੀ ਫੌਜੀ ਤਾਨਾਸ਼ਾਹੀ ਖਿਲਾਫ ਜੂਝ ਰਹੇ ਪਾਕਸਤਾਨੀ ਲੋਕ—
ਇਨਕਲਾਬੀ ਜਮਹੂਰੀ ਪੈਂਤੜਾ ਉਭਾਰਨ ਦੀ ਲੋੜ''
ਜ਼ਫਰਨਾਮਾਂ ਨਵੰਬਰ 8

3. ਫਿਲਪਾਈਨ ਦੇ ਲੋਕਾਂ ਦਾ ਮੁਕਤੀ ਘੋਲ
ਜ਼ਫਰਨਾਮਾਂ ਫਰਵਰੀ 84

ਅਤੇ ਹਿੰਦੋਸਤਾਨ ਹੋ ਰਹੇ ਸੰਘਰਸ਼ਾਂ ਬਾਰੇ
ਤਿਲਗਾਨ੍ਹਾਂ ਖੇਤਰ ਵਿਚ ਲੋਕਾਂ ਦਾ ਸੰਘਰਸ਼
ਜ਼ਫਰਨਾਮਾਂ ਜਨਵਰੀ 84

ਬ੍ਰਹੱਮਪੁੱਤਰ ਦੀ ਵਾਦੀ ਫੌਜ ਦੇ ਹਵਾਲੇ-ਅਸਾਮ ਦੀ ''ਹਰਮਨ ਪਿਆਰੀ'' ਸਰਕਾਰ ਵਲੋਂ ਪਾੜੋ ਤੇ ਰਾਜ ਕਰੋ ਦੀ ਗੁਰਅਜ਼ਮਾਈ।
ਜ਼ਫਰਨਾਮਾ ਅਪ੍ਰੈਲ 83

ਅਤੇ ਹੋਰ ਕਈ ਲੇਖ ਸਾਨੂੰ ਦਿਸ ਪੈਣਗੇ ਜਿਨ੍ਹਾਂ ਵਿੱਚ ਮੁਕਤੀ ਲਹਿਰਾਂ ਦੀ ਹਮਾਇਤ ਵਿਚ ਵੱਖਰੇ ਵੱਖਰੇ ਸਿਰਲੇਖਾਂ ਹੇਠ ਵੱਖੋ ਵੱਖ ਜਥੇਬੰਦੀਆਂ ਨੇ ਸਮੇਂ 2 ਸਿਰ ਸਮਝ ਪੁਚਾਈ ਹੈ ਅਤੇ ਏਸ ਤੋਂ ਵੀ ਅੱਗੇ ਆਵਦੀ ਸਮਰੱਥਾ ਅਨੁਸਾਰ ਕੌਮੀ ਮੁਕਤੀ ਘੋਲਾਂ ਦੇ ਹੱਕ ਵਿਚ ਅਵਾਜ਼ ਉਠਾਈ ਹੈ ਤੇ ਵਿਰੋਧ ਲਾਮਬੰਦ ਕੀਤੇ ਨੇ। ਜਗਰੂਪ ਸਿੰਘ ਜ਼ਰਾ ਚੁਫੇਰੇ ਗਹੁ ਨਾਲ ਝਾਕਣ ਅਤੇ ਹਰ ਰੰਗ ਤੇ ਵਰ੍ਹਨ ਤੋਂ ਪਹਿਲਾਂ ਹਰ ਰੰਗ ਨੂੰ ਸਮਝਣ ਦੀ ਈਮਾਨਦਾਰ ਕੋਸ਼ਿਸ਼ ਕਰਨ। **ਨਿਰਮਲਜੀਤ, ਮੋਗਾ**

# 11. ਆਰਡੀਨੈਂਸ

ਮਾਰਚ ਦੇ ਪਹਿਲੇ ਹਫ਼ਤੇ ਸਦਨ ਦੀ ਬੈਠਕ ਵਿਚ ਕੇਂਦਰੀ ਗ੍ਰਹਿ ਮੰਤਰੀ ਨੇ ਰਾਸ਼ਟਰੀ ਸੁਰਖਿਆ ਐਕਟ ਵਿਚ ਸੋਧਕਰਨ ਸਬੰਧੀ ਰਾਸ਼ਟਰਪਤੀ ਦੇ ਆਰਡੀਨੈਂਸ ਦੀ ਇਕ ਕਾਪੀ ਪੇਸ਼ ਕੀਤੀ ਜਿਸ ਵਿਚ ਕਿਹਾ ਗਿਆ ਸੀ ਇਸ ਸੋਧੇ ਹੋਏ ਐਕਟ ਨੂੰ ਪੰਜਾਬ ਅਤੇ ਚੰਡੀਗੜ੍ਹ ਵਿਚ ਲਾਗੂ ਕੀਤਾ ਜਾਵੇ। ਹਾਜ਼ਰ ਵਿਰੋਧੀ ਮਿੰਬਰਾਂ ਨੇ ਇਸ ਪ੍ਰਤੀ ਰੋਸ ਪ੍ਰਗਟ ਕੀਤਾ ਤੇ ਸਦਨ ਦੀ ਹੱਤਕ ਦਸਿਆ। ਜਵਾਬ ਵਿਚ ਮੰਤਰੀ ਨੇ ਕਿਹਾ ਪੰਜਾਬ ਦੀ ਗੰਭੀਰ ਸਮੱਸਿਆ ਨੂੰ ਹੱਲ ਕਰਨ ਲਈ ਵਿਰੋਧੀ ਧਿਰ ਵੱਲੋਂ ਸਖਤ ਕਦਮ ਚੁਕਣ ਲਈ ਬਾਰਬਾਰ ਕਹਿਣ ਉਤੇ ਹੀ ਇਸ ਤਰ੍ਹਾਂ ਕੀਤਾ ਗਿਆ ਅਤੇ ਉਹ ਹੁਣ ਸਰਕਾਰ ਦੇ ਹੱਥ ਮਜ਼ਬੂਤ ਕਰਨ ਲਈ ਸਮਰਥਨ ਦੇਣ। ਅਜ ਹਾਲਾਤ ਇਸ ਤਰ੍ਹਾਂ ਦੇ ਹੋ ਗਏ ਹਨ ਕੇ ਆਮ ਲੋਕ ਇਹੋ ਕਹਿੰਦੇ ਹਨ "ਹੁਣ ਸਾਨੂੰ ਗਰੀਬੀ ਰੇਖਾ ਤੋਂ ਉਪਰ ਚੁਕਣ ਦੀ ਗੱਲ ਤਾਂ ਇਕ ਪਾਸੇ ਕਰ ਦਿਉ ਅਤੇ ਸਾਨੂੰ ਅਸੁਰਖਿਆ ਵਾਲੀ ਰੇਖਾ ਤੋਂ ਉੱਚਾ ਚੁਕਣ ਦੀ ਗੱਲ ਕਰੋ।"

ਪਰ ਅਜੇਹੀ ਸਥਿਤੀ ਵੇਲੇ ਸਰਕਾਰ ਨੇ ਆਰਡੀਨੈਂਸ ਲਾਗੂ ਕਰਨਾ ਉਚਿਤ ਉਸ ਵੇਲੇ ਸਮਝਿਆ ਜਦੋਂ ਕੇ ਲੋਕ ਸਭਾ ਦਾ ਸਮਾਗਮ ਵੀ ਚਲ ਰਿਹਾ ਸੀ ਕੀ ਅਜੇਹਾ ਕਰਕੇ ਸਦਨ ਦੀ ਹੱਤਕ ਨਹੀਂ ਕੀਤੀ ਗਈ ਅਤੇ ਭਾਰਤੀ ਜਮਹੂਰੀਅਤ ਦੀਆਂ ਮੌਜੂਦਾ ਰਵਾਇਤਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਗਿਆ? ਆਰਡੀਨੈਂਸ ਬੁਨਿਆਦੀ ਤੌਰ ਤੇ ਰਾਜ ਉਤੇ ਜਮਹੂਰੀ ਸੰਕਲਪ ਦਾ ਸਰੋਪ ਹੈ। ਕਾਨੂੰਨ ਬਣਾਉਣਾ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਦਾ ਅਧਿਕਾਰ ਹੈ। ਸਾਰੇ ਜਮਹੂਰੀ ਪਸੰਦ ਦੇਸ਼ਾਂ ਦੇ ਸੰਵਿਧਾਨਾਂ ਨੇ ਇਸ ਤੱਥ ਨੂੰ ਮੰਨਿਆ ਹੈ।

ਭਾਰਤੀ ਸੰਵਿਧਾਨ ਵਿਚ ਰਾਸ਼ਟਰਪਤੀ ਨੂੰ ਆਰਡੀਨੈਂਸ ਜਾਰੀ ਕਰਨ ਦਾ ਅਧਿਕਾਰ ਕੇਵਲ ਐਮਰਜੰਸੀ ਸਮੇਂ ਦਾ ਹੀ ਹੈ ਤਾਂ ਕੇ ਉਸ ਵੇਲੇ ਇਕ ਖਾਸ ਤਰ੍ਹਾਂ ਦੀ ਸਥਿਤੀ ਨਾਲ ਅਸਾਨੀ ਨਾਲ ਨਜਿਠਿਆ ਜਾ ਸਕੇ। ਆਪੋਜ਼ੀਸ਼ਨ ਵਲੋਂ ਪੰਜਾਬ ਦੀ ਸਥਿਤੀ ਨਜਿਠਣ ਲਈ ਸਰਕਾਰ ਆਪਣੀ ਕਾਰਵਾਈ ਜਮਹੂਰੀ ਰਵਾਇਤੀ ਢੰਗ ਨਾਲ ਹੀ ਕਰ ਸਕਦੀ ਸੀ।

ਸਵਾਲ ਉਠਦਾ ਹੈ ਸਰਕਾਰਾਂ ਨੂੰ ਆਰਡੀਨੈਂਸ ਹੀ ਕਿਉਂ ਜਾਰੀ ਕਰਨੇ ਪੈਂਦੇ ਹਨ ਜਦ ਕੇ ਉਸ ਕੋਲ ਇਤਨੇ ਕਨੂੰਨ ਹਨ ਜਿਸ ਨਾਲ ਜੁਰਮਾਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ ਤੇ ਮੁਜਰਮਾਂ ਨੂੰ ਯੋਗ ਸਜ਼ਾ ਦੇ ਸਕਦੀ ਹੈ। ਜਾਪਦਾ ਹੈ ਸਰਕਾਰ ਨੂੰ ਆਪਣੇ ਲਾਅ ਐਂਡ ਆਰਡਰ ਤੇ ਅਡਮਿਨਸਟ੍ਰੇਸ਼ਨ ਮਸ਼ੀਨਰੀ ਵਿਚ ਭਰੋਸਾ ਨਹੀਂ ਰਿਹਾ।

ਇਹ ਮਸ਼ੀਨਰੀ ਨਕਾਰਾ ਹੋ ਗਈ ਜਾਪਦੀ ਹੈ। ਜੁਰਮਾਂ ਨੂੰ ਸਾਬਤ ਕਰਨ ਵਿਚ ਮੇਹਨਤ ਨਹੀਂ ਕਰਨਾ ਚਾਹੁੰਦੇ ਅਤੇ ਦੇਰ ਲਗਣ ਕਾਰਨ ਮੁਜਰਮ ਨੂੰ ਸਜ਼ਾ ਵੀ ਨਹੀਂ ਦਵਾ ਸਕਦੇ। ਸਹੀ ਮੁਜਰਮ ਵੀ ਨਹੀਂ ਫੜ ਸਕਦੇ। ਤਦੇ ਹੀ ਸ਼ਾਰਟਕਟ ਰਸਤਾ, ਆਰਡੀਨੈਂਸ ਰਾਹੀਂ, ਗੈਰ ਜਮਹੂਰੀ ਤਰੀਕੇ ਅਪਣਾਂਦੇ ਹਨ। ਇਸ ਨਾਲ ਕਿਸੇ ਵੀ ਵਿਅਕਤੀ ਨੂੰ ਬਿਨਾਂ ਕਿਸੇ ਉਜ਼ਰਦੇ ਅਤੇ ਅਦਾਲਤੀ ਕਾਰਵਾਈ ਦੇ ਉਸਦਾ ਜੁਰਮ ਸਾਬਤ ਕੀਤੇ ਬਗੈਰ ਇਕ ਸਾਲ ਜਾਂ ਲੋੜ ਤੋਂ ਵਧ ਵੀ ਨਜ਼ਰਬੰਦ ਕਰ ਸਕਦੇ ਹਨ। ਇਸ ਤਰ੍ਹਾਂ ਉਹਨਾਂ ਦਾ ਖਾਨਾ ਪੂਰੀ ਹੋ ਸਕੇਗਾ।

ਲੋਕਾਂ ਦੀ ਵਿਅਕਤੀਗਤ ਅਜ਼ਾਦੀ ਨਾਲ ਖਿਲਵਾੜ ਕਰਨ ਦਾ ਇਹ ਅਧਿਕਾਰ ਕੇਂਦਰ ਜਾਂ ਰਾਜ ਸਰਕਾਰਾਂ ਤੋਂ ਵੀ ਅਗੇ ਜ਼ਿਲਾ ਮਜਿਸਟ੍ਰੇਟਾਂ ਅਤੇ ਪੁਲਸ ਕਮਿਸ਼ਨਰਾਂ ਨੂੰ ਦਿਤਾ ਗਿਆ ਹੈ।

ਬਰਤਾਨਵੀ ਬਸਤੀਵਾਦੀਆਂ ਨੇ ਭਾਰਤ ਉਤੇ ਆਪਣੀ ਰਾਜਸੀ ਤੇ ਆਰਥਕ ਪਕੜ ਪੱਕੀ ਕਰਨ ਅਤੇ ਅਜ਼ਾਦੀ ਲਈ ਜੂਝਦੀ ਭਾਰਤੀ ਕੌਮ ਨੂੰ ਦਬਾਉਣ ਖਾਤਰ ਇਹੋ ਜਹੇ ਕਾਨੂੰਨ, ਆਰਡੀਨੈਂਸ ਬਣਾਵੇ ਤਾਂ ਸਮਝ ਪੈਂਦੀ ਹੈ। ਦੇਸ਼ ਵਾਸੀਆਂ ਵਲੋਂ ਵਿਰੋਧਦੇ ਦੇ ਬਾਵਜੂਦ ਅੰਗਰੇਜ਼ੀ ਹਕੂਮਤ ਨੇ ਆਪਣੇ ਰਾਜ ਦੀ ਸੁਰਖਿਆ ਨੂੰ ਖਤਰਾ ਬਣੇ ਹਜ਼ਾਰਾਂ ਦੇਸ਼ ਭਗਤਾਂ ਤੇ ਸੁਤੰਤਰਤਾ ਸੰਗ੍ਰਾਮੀਆਂ ਨੂੰ ਇਹਨਾਂ ਕਨੂੰਨਾਂ ਦਾ ਸ਼ਿਕਾਰ ਬਣਾਇਆ। ਪਰ ਲੋਕ ਰਾਜੀ ਕਹੇ ਜਾਂਦੇ ਕਿਸੇ ਮੁਲਕ ਦੀ ਸਰਕਾਰ ਆਪਣੇ ਨਾਗਰਿਕਾਂ ਦੀਆਂ ਸ਼ਹਿਰੀ ਅਜ਼ਾਦੀਆਂ ਉਤੇ ਜਾਬਰ ਕਾਨੂੰਨਾਂ ਰਾਹੀਂ ਬੰਦਸ਼ਾਂ ਲਾਵੇ—ਇਹ ਗੱਲ ਹਰ ਇਨਸਾਫ ਤੇ ਜਮਹੂਰੀਅਤ ਪਸੰਦ ਵਿਅਕਤੀ ਨੂੰ ਸੋਚਣ 'ਤੇ ਮਜਬੂਰ ਕਰਦੀ ਹੈ।

ਬਰਤਾਨਵੀ ਰਾਜ ਵੇਲੇ ਪਬਲਿਕ ਸੇਫਟੀ ਬਿੱਲ ਤੇ ਟਰੇਡ ਡਿਸਪਿਊਟ ਬਿੱਲ ਦਾ ਵਿਰੋਧ ਕਰਦਿਆਂ ਜਿਨ੍ਹਾਂ ਸ਼ਹੀਦੀਆਂ ਪਾਈਆਂ। ਉਹਨਾਂ ਸ਼ਹੀਦਾਂ ਦੀ ਯਾਦ ਵਿਚ 23 ਮਾਰਚ ਨੂੰ ਸਰਕਾਰੀ ਛੁਟੀ ਕੀਤੀ ਜਾਂਦੀ ਹੈ ਤੇ ਸ਼ਹੀਦੀ ਦਿਵਸ ਮਨਾਇਆ ਜਾਂਦਾ ਹੈ, ਸ਼ਹੀਦਾਂ ਨੂੰ ਸ਼ਰਧਾਂਜਲੀ ਦਿਤੀ ਜਾਂਦੀ ਹੈ ਤੇ ਉਹਨਾਂ ਦੇ ਪੂਰਨਿਆਂ ਤੇ ਚਲਣ ਲਈ ਤੇ ਉਹਨਾਂ ਦੇ ਅਧੂਰੇ ਕੰਮ ਨੂੰ ਪੂਰਾ ਕਰਨ ਲਈ ਨੇਤਾਵਾਂ ਵਲੋਂ ਹਿਦਾਇਤਾਂ ਦਿੱਤੀਆਂ ਜਾਂਦੀਆਂ ਹਨ, ਪਰਣ ਲਿਆ ਜਾਂਦਾ ਹੈ ਉਹ ਹਾਕਮ ਅਜ 'ਐਨ. ਐਸ. ਏ. 'ਮੀਸਾ' ਵਰਗੇ ਆਰਡੀਨੈਂਸਾਂ ਨਾਲ ਲੈਸ ਹੁੰਦੇ ਹਨ, ਇਸਦੀ ਪ੍ਰੋੜਤਾ ਕਰਦੇ ਹਨ—ਇਹਨਾਂ ਵਿਚ ਹੋਰ ਕਰੜਾਈ ਲਈ ਸੋਧ ਕਰਵਾਂਦੇ ਹਨ। ਸੰਤਾਲੀ ਤੋਂ ਬਾਅਦ ਤਾਂ ਇਹੋ ਜਹੇ ਕਾਨੂਨਾਂ ਦਾ ਭੋਗ ਪੈ ਜਾਣਾ ਚਾਹੀਦਾ ਸੀ। ਪਰ ਭਾਰਤ

PosOtff ice No. P/AR—1.33
Registered with the Registrar, News Papers, Vide No MA/12397-D dated 18.480

ਦੇ ਹਾਕਮਾਂ ਨੇ ਦਰਜਨ ਤੋਂ ਉਪਰ ਅਜੇਹੇ ਕਾਨੂਨ ਲਾਗੂ ਕੀਤੇ ਹਨ ਜੋ ਕਿਸੇ ਵੀ ਤਰ੍ਹਾਂ ਜਮਹੂਰੀ ਕਦਰਾਂ ਕੀਮਤਾਂ ਨਾਲ-ਮੇਲ ਨਹੀਂ ਖਾਂਦੇ।

"ਸਮਾਜ ਵਿਰੋਧੀ ਤੇ ਰਾਸ਼ਟਰ ਵਿਰੋਧੀ ਅਨਸਰਾਂ ਨਾਲ ਨਿਪਟਣ ਲਈ ਇਹੋ ਜਹੇ ਆਰਡੀਨੈਂਸ ਤੇ ਐਕਟ ਜ਼ਰੂਰੀ ਹਨ" ਸਰਕਾਰ ਵਲੋਂ ਇਹ ਦਲੀਲ ਜਚਦੀ ਨਹੀ। ਜਦਕੇ ਭਾਰਤੀ ਦੰਡਾਵਲੀ ਵਿਚ ਸਰਕਾਰ ਕੋਲ ਕਾਫੀ ਅਧਿਕਾਰ ਹਨ, ਅਪਰਾਧੀਆਂ ਵਿਰੁਧ ਸਖਤ ਕਾਰਵਾਈ ਲਈ ਅਥਾਹ ਤਾਕਤ ਹੈ। ਕੋਈ ਪੁਛੇ ਕੇ ਇਹਨਾ ਕਨੂੰਨਾਂ ਦੀ ਵਰਤੋਂ ਕਰਕੇ ਕਿਨ੍ਹੇ ਕੁ ਅਪਰਾਧੀਆਂ ਨੂੰ ਦਰੁਸਤ ਕੀਤਾ ਹੈ। ਸਗੋਂ ਉਹਨਾਂ ਦੇ ਕਾਰੋਬਾਰ ਵਿਚ ਕਾਫ਼ੀ ਵਾਧਾ ਹੋਇਆ ਹੈ।

ਅਫਸੋਸ ਤਾਂ ਇਸ ਗੱਲ ਦਾ ਹੈ ਕੇ ਸਰਕਾਰੀ ਡਿਕਸ਼ਨਰੀ ਵਿਚ 'ਸਮਾਜ ਵਿਰੋਧੀ', 'ਰਾਸ਼ਟਰ ਵਿਰੋਧੀ', 'ਗੜਬੜ ਕਰਨਵਾਲੇ' 'ਪਬਲਕ ਅਮਨ' ਅਤੇ 'ਰਾਜ ਦੇ ਸੁਰੱਖਿਆ ਦੇ ਵੈਰੀ' ਵਰਗੇ ਸ਼ਬਦ ਸਦਾ ਹੀ ਆਰਥਕ ਤੇ ਸਮਾਜਕ ਇਨਸਾਫ ਲਈ ਲੜਦੇ ਲੋਕ ਅਤੇ ਸਿਆਸੀ ਵਿਰੋਧੀ ਹੀ ਨਿਕਲਦੇ ਹਨ, ਜੇ ਇਹਨਾਂ ਸ਼ਬਦਾਂ ਦੇ ਅਰਥ ਕਿਤੇ ਬਲੈਕੀਏ ਮੁਨਾਫਾ ਖੋਰ ਜ਼ਖੀਰੇਬਾਜ, ਸਮਗਲਰ ਤੇ ਰਿਸ਼ਵਤ ਖੋਰ ਆਦਿ ਨਿਕਲਦੇ ਹੁੰਦੇ ਤਾਂ ਲਾਜ਼ਮੀ ਅਜ ਤਕ ਭਾਰਤੀ ਕੌਮ ਨੂੰ ਕੋਹੜ ਵਾਂਗ ਚੰਬੜੀਆਂ ਹੋਈਆਂ ਅਲਾਮਤਾਂ ਜੜ੍ਹ ਤੋਂ ਪੁਟੀਆਂ ਜਾਣੀਆਂ ਸਨ।

ਅੰਗਰੇਜ਼ੀ ਹਕੂਮਤ ਦੇ ਖਾਤਮੇ ਤੋਂ ਬਾਅਦ ਵੀ ਦੇਸ਼ ਦੇ ਹਾਕਮਾਂ ਨੇ ਅਜੇਹੇ ਕਾਨੂਨ ਬਣੌਣ ਦੀ ਕੀ ਮਜਬੂਰੀ ਹੈ? ਸਧਾਰਣ ਵਿਅਕਤੀ ਦੇ ਮਨ ਵਿੱਚ ਇਹ ਸੁਆਲ ਕੁਦਰਤੀ ਹੈ। ਇਹ ਸੱਚਾਈ ਹੈ ਕੇ ਦੇਸ਼ ਦਿਨੋਂ ਦਿਨੋ ਆਰਥਕ, ਸਿਆਸੀ ਤੇ ਸਮਾਜਕ ਮੰਦਵਾੜੇ ਦਾ ਸ਼ਿਕਾਰ ਹੋ ਰਿਹਾ ਹੈ। ਸਾਰੀਆਂ ਸਰਕਾਰਾਂ ਇਹਨਾਂ ਨੇ ਕਾਬੂ ਪੌਣ ਵਿੱਚ ਨਾਕਾਮਯਾਬ ਰਹੀਆਂ ਹਨ ਸਿੱਟੇ ਵਜੋਂ ਗਰੀਬੀ, ਮਹਿੰਗਾਈ, ਬੇਰੁਜ਼ਗਾਰੀ ਵਰਗੀਆਂ ਲੋਕਾਂ ਦੀਆਂ ਸਮੱਸਿਆਵਾਂ ਵਿਚ ਅਥਾਹ ਵਾਧਾ ਹੋਇਆ ਹੈ ਤੇ ਜੀਣਾਂ ਨਿੱਤ ਦੁਭਰ ਹੁੰਦਾ ਜਾ ਰਿਹਾ ਹੈ। ਇਹਨਾ ਦੇ ਹੱਲ ਲਈ ਲੋਕ ਆਏ ਦਿਨ ਵਧ ਲੜਾਕੂ ਰੌਂਅ ਨਾਲ ਜਦੋ ਜਹਿਦ ਦੇ ਰਾਹ ਪੈ ਰਹੇ ਹਨ। ਲੋਕਾਂ ਦੇ ਦੁਖਾਂ ਦਾ ਦਾਰੂ ਲੱਭਣ ਵਿਚ ਬੁਰੀ ਤਰਾਂ ਨਾਕਾਮ ਰਹੇ ਹਾਕਮ ਆਪਣੀਆਂ ਅਸਫਲਤਾਵਾਂ ਨੂੰ ਲੁਕੋਣ ਅਤੇ ਲੋਕ-ਬੇਚੈਨੀ ਨੂੰ ਦਬੋਣ ਲਈ ਆਪਣੇ ਆਪ ਨੂੰ ਜਾਬਰ ਕਾਨੂੰਨਾਂ ਲਈ ਲੈਸ ਕਰਦੇ ਆ ਰਹੇ ਹਨ।

ਸਰਕਾਰ ਲੋਕਾਂ ਦੀਆਂ ਸਮਸਿਆਂ ਹੱਲ ਕਰਨ 'ਚ ਬੁਰੀਤਰਾਂ ਅਸਫਲ ਸਾਬਤ ਹੋ ਰਹੀ ਹੈ। ਜਿਸ ਕਰਕੇ ਇਸ ਨੂੰ ਲੋਕਾਂ ਦੀਆਂ ਉਭਰ ਰਹੀਆਂ ਅਤੇ ਆਏ ਦਿਨ ਦਿਨ ਵਿਕਸਤ ਹੋ ਰਹੀਆਂ ਜਮਹੂਰੀ ਲਹਿਰਾਂ ਅਤੇ ਸਿਆਸੀ ਵਿਰੋਧ ਦਾ ਸਾਮਣਾ ਕਰਨਾ ਪੈ ਰਿਹਾ ਹੈ। ਆਰਥਕ ਜਮਹੂਰੀ ਲਹਿਰਾਂ ਨੂੰ ਕਮਜ਼ੋਰ ਕਰਨ ਲਈ ਮਹਾਜਨੀ ਹਾਕਮ ਜਮਾਤ ਕੋਲ ਵਡਾ ਹਥਿਆਰ ਹੈ 'ਇਸ ਵਿਚ ਫੁਟ ਪਾਈ ਜਾਏ, ਇਸਨੂੰ ਫਿਰਕੂ ਰੰਗਤ ਦਿਤੀ ਜਾਵੇ। ਇਹ ਸਾਬਕ ਪ੍ਰਦੇਸੀ ਹੁਕਮਰਾਨ ਛਡ ਗਏ ਹਨ। ਬੈਂਕਾ ਵਿਚ ਡਾਕੇ, ਕਤਲ, ਜਲਸੇ, ਜਲੂਸ, ਰੋਸ, ਬੰਦ ਰੈਲੀਆਂ ਸਭ ਨੂੰ ਫਿਰਕੂ ਰੰਗਤ ਦਿਤੀ ਗਈ ਹੈ। ਇਕ ਫ਼ਿਰਕੇ ਦੇ ਨਾਂ ਲਾ ਕੇ ਦੂਸਰੇ ਨੂੰ ਉਭਾਰਿਆ ਜਾਂਦਾ ਹੈ। ਲੋਕ ਫਿਰਕੂ ਦਲਾਂ ਵਿਚ ਵੰਡੇ ਜਾ ਰਹੇ ਹਨ। ਦਿਲਾਂ ਵਿਚ ਸ਼ੰਕੇ ਪੈਦਾ ਹੋ ਰਹੇ ਹਨ। ਅਗਾਂਹ ਵਧੂ ਆਰਥਕ ਸੰਘਰਸ਼ ਕਰਨ ਵਾਲੇ ਦਲ ਤੇ ਉਹਨਾਂ ਦੇ ਅਸਰ ਹੇਠ ਲੋਕ ਇਹ ਕਹਿਣ ਤੇ ਮਜਬੂਰ ਹੋ ਰਹੇ ਹਨ "ਸਾਨੂੰ ਗਰੀਬੀ ਰੇਖਾਂ ਤੋਂ ਉਪਰ ਚੁਕਣ ਦੀ ਬਜਾਏ ਪਹਿਲਾਂ ਸਾਨੂੰ ਅਸੁਰਖਿਆ ਵਾਲੀ ਰੇਖਾ ਤੋਂ ਉਚਾ ਚੁੱਕੋ"। "ਸਖਤ ਕਦਮ ਸਰਕਾਰ ਚੁਕੇ, ਸਾਡੀ ਰਖਵਾਲੀ ਕਰੇ"। ਧਰਮ ਦੀ ਪਰੀਭਾਸ਼ਾਵਾਂ ਵਿਚੋਂ ਸਾਝਾ ਵਿਰਸਾ, ਅਮਨ, ਭਾਈ ਭਾਈ ਇਕ ਮਾਂ ਬਾਪ ਦੇ ਜਾਇਆਂ ਵਿਚ ਸਦਭਾਵਨਾ ਲੱਭੀਆਂ ਜਾ ਰਹੀਆਂ ਹਨ। ਆਰਥਕ ਅਧਾਰ ਉਤੇ ਸਿਆਸੀ ਸੰਘਰਸ਼ ਨਾਲ ਰਾਜ ਪ੍ਰਬੰਧ ਬਦਲੌਣ ਦੀ ਬਜਾਏ 'ਅਮਨ ਮਾਰਚ' ਸਦਭਾਵਨਾ ਕਮੇਟੀਆਂ ਤੇ ਜਲਸੇ ਕਰਨ ਵਿਚ ਰੁਝ ਗਏ ਹਨ।

ਲੋਕ ਹਿਤਕਾਰੀ ਸਮਾਜਵਾਦੀ ਦੋਸਤੋ, ਲੋਕ ਲਹਿਰ ਡਾਵਾਂਡੋਲ ਹੋ ਗਈ ਹੈ, ਮਹਾਜਨੀ ਫਿਰਕੂ ਅਗਵਾਈ ਕਰ ਰਹੇ ਹਨ ਫਿਰਕੂ ਲੀਹਾਂ ਤੇ ਲਹਿਰ ਚਲਾ ਰਹੇ ਹਨ, ਜਮਹੂਰੀ ਲਹਿਰਾਂ ਦੀ ਅਗਵਾਈ ਕਰੋ, ਜਮਹੂਰੀ ਲੀਹਾਂ ਤੇ ਚਲਾਉ। ਕਿਰਤੀ ਰਾਜ ਪ੍ਰਬੰਧ ਲਈ ਸੰਘਰਸ਼ ਕਰੋ। ਗਰੀਬੀ ਦੂਰ ਹੋਵੇ, ਬੇਕਾਰੀ ਦਾ ਭੋਗ ਪਵੇ, ਸਦੀਵੀ ਅਮਨ ਹੋਵੇਗਾ। ਦੇਸ਼ ਦਾ ਸਰਮਾਇਆ ਉਪਜਾਊ ਕੰਮਾਂ ਤੇ ਖਰਚ ਹੋਵੇ ਤੇ ਬਹੁਲਤਾ ਹੋਵੇ। ਜਮੀਨੀ ਵੰਡ, ਪਾਣੀਆਂ ਦੇ ਮਸਲੇ ਮਹਾਜਨੀ ਕਾਣੀ ਵੰਡ ਪ੍ਰਬੰਧ ਵਿਚ ਨਹੀਂ ਨਜਿਠਣ ਲਗੇ, ਲਮਕਦੇ ਹੀ ਰਹਿਣੇ ਹਨ। ਪੁਠੇ ਸਿਦੇ ਕਨੂੰਨ, ਆਰਡੀਨੈਂਸ ਬਣਦੇ ਹੀ ਰਹਿਣੇ ਹਨ। ਸਰਬਤ ਦੇ ਭਲੇ ਦੀ ਵੰਡ ਕਿਰਤੀ ਰਾਜ ਪ੍ਰਬੰਧ ਵਿਚ ਹੀ ਹੋ ਸਕਦੀ ਹੈ।

ਆਰ. ਵੀ. ਧਰਤਾਪ

---

**ਇਕ ਸੂਚਨਾ**—ਅਸੀਂ ਜੂਨ ਅੰਕ ਵਿਚ ਕਮਿਊਨਿਸਟ ਇਨਕਲਾਬੀਆਂ ਵਿਚ ਸਿਧਾਂਤਕ ਮਤਭੇਦਾਂ ਬਾਰੇ ਇਕ ਲੇਖ ਆਰ. ਵੀ. ਸਿੰਘ ਵਲੋਂ "ਵਿਚਾਰ ਚਰਚਾ" ਵਾਸਤੇ ਦੇ ਰਹੇ ਹਾਂ। ਮਤਭੇਦਾਂ ਉੱਤੇ ਚਾਨਣਾ ਪਾਉਂਦੇ ਹੋਏ ਲੇਖਕ ਦੀ ਧਾਰਨਾ ਹੈ ਕਿ ਇਨਕਲਾਬੀ ਕਮਿਊਨਿਸਟ ਆਪਣੀਆਂ ਪੁਜ਼ੀਸ਼ਨਾਂ ਤੇ ਰਹਿੰਦੇ ਹੋਏ ਵੀ ਇਕ ਕਮਿਊਨਿਸਟ ਜਥੇਬੰਦੀ ਵਿਚ ਜਥੇਬੰਦ ਹੋ ਸਕਦੇ ਹਨ—ਸੰਪਾਦਕ